People's Herald

Rs- 100/month

People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice" स्वतंत्रता, समानता, भाईचारा

PATIALA On line paper 02 ਅਪਰੈਲ 2025 ਬੁੱਧਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



# ਪੰਜਾਬ ਪੁਲੀਸ ਨੇ ਰਾਜ ਭਰ ਦੇ 147 ਰੇਲਵੇ ਸਟੇਸ਼ਨਾਂ 'ਤੇ ਚਲਾਇਆ ਤਲਾਸ਼ੀ ਅਭਿਆਨ

**ਯੁੱਧ ਨਸ਼ਿਆਂ ਵਿਰੁੱਧ ਦੇ 32ਵੇਂ ਦਿਨ ਸੂਬੇ ਭਰ 'ਚ 490 ਛਾਪੇਮਾਰੀਆਂ ਤੋਂ ਬਾਅਦ 40 ਨਸ਼ਾ ਤਸਕਰ ਗ੍ਰਿਫ਼ਤਾਰ,. — ਦਿਨ ਭਰ ਚੱਲੇ ਆਪ੍ਰੇਸ਼ਨ ਦੌਰਾਨ 28 ਐਫ.ਆਈ.ਆਰਜ਼ ਦਰਜ, 320 ਗ੍ਰਾਮ ਹੈਰੋਇਨ, 500 ਗ੍ਰਾਮ ਅਫੀਮ ਬਰਾਮਦ, — ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਪੁਲਿਸ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਚਨਬੱਧ, — 107 ਗਜ਼ਟਿਡ ਰੈਂਕ ਦੇ ਅਧਿਕਾਰੀਆਂ ਦੀ ਅਗਵਾਈ ਹੇਠ 255 ਤੋਂ ਵੱਧ ਪੁਲਿਸ ਟੀਮਾਂ ਨੇ 546 ਸ਼ੱਕੀ ਵਿਅਕਤੀਆਂ ਦੀ ਕੀਤੀ ਚੈਕਿੰਗ : ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ**

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ INTERNATIONAL PAPER, 94636 01616 hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ੇ ਦੀ ਲਾਹਣਤ ਦੇ ਮੁਕੰਮਲ ਖ਼ਾਤਮੇ ਲਈ ਚਲਾਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ 32ਵੇਂ ਜਾਰੀ ਰੱਖਦੇ ਹੋਏ, ਪੰਜਾਬ ਪੁਲਿਸ ਨੇ ਮੰਗਲਵਾਰ ਨੂੰ ਸੂਬੇ ਭਰ ਦੇ ਸਾਰੇ ਰੇਲਵੇ ਸਟੇਸ਼ਨਾਂ 'ਤੇ ਘੇਰਾਬੰਦੀ ਅਤੇ ਤਲਾਸ਼ੀ ਅਭਿਆਨ (ਕਾਸੋ) ਚਲਾਇਆ।

ਡੀਜੀਪੀ ਪੰਜਾਬ, ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਇਹ ਆਪ੍ਰੇਸ਼ਨ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਚਲਾਇਆ ਗਿਆ।

ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ, ਜੋ ਇਸ ਸੂਬਾ ਪੱਧਰੀ ਆਪ੍ਰੇਸ਼ਨ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਸਨ, ਨੇ ਕਿਹਾ ਕਿ ਇਸ ਆਪ੍ਰੇਸ਼ਨ ਨੂੰ ਸਫਲ ਬਣਾਉਣ ਲਈ, ਸਾਰੇ ਸੀਪੀਜ਼/ਐਸਐਸਪੀਜ਼ ਨੂੰ, ਐਸ.ਪੀ. ਰੈਂਕ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਭਾਰੀ ਪੁਲਿਸ ਫੋਰਸ ਤਾਇਨਾਤ ਕਰਨ ਲਈ ਕਿਹਾ ਗਿਆ ਸੀ।

ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਦੌਰਾਨ ਸੂਬੇ ਦੇ ਲਗਭਗ 147 ਰੇਲਵੇ ਸਟੇਸ਼ਨਾਂ 'ਤੇ ਕਰੀਬ 1925 ਲੋਕਾਂ ਦੀ ਚੈਕਿੰਗ ਕੀਤੀ ਗਈ। ਉਨ੍ਹਾਂ ਅੱਗੇ ਦੱਸਿਆ ਕਿ ਆਪ੍ਰੇਸ਼ਨ ਦੌਰਾਨ ਛੇ ਸ਼ੱਕੀ ਵਿਅਕਤੀਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਗਿਆ।

ਇਸ ਤੋਂ ਇਲਾਵਾ, ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ ਜਾਰੀ ਰੱਖਦਿਆਂ ਮੰਗਲਵਾਰ ਨੂੰ 490 ਥਾਵਾਂ 'ਤੇ ਛਾਪੇਮਾਰੀ ਕੀਤੀ , ਜਿਸ ਦੌਰਾਨ ਸੂਬੇ ਭਰ ਵਿੱਚ 40 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ 28 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਇਸ ਦੇ ਨਾਲ, ਮਹਿਜ਼ 32 ਦਿਨਾਂ ਦੇ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ ਹੁਣ 4690 ਹੋ ਗਈ ਹੈ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਛਾਪੇਮਾਰੀ ਦੌਰਾਨ ਫੜੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ 'ਚੋਂ 320.5 ਗ੍ਰਾਮ ਹੈਰੋਇਨ, 500 ਗ੍ਰਾਮ ਅਫੀਮ, 1422 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 7978 ਰੁਪਏ ਦੀ ਡਰੱਗ ਮਨੀ ਬਰਾਮਦ ਹੋਈ ਹੈ।

ਉਨ੍ਹਾਂ ਦੱਸਿਆ ਕਿ 107 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਿਸ ਮੁਲਾਜ਼ਮਾਂ ਦੀ ਨਫ਼ਰੀ ਵਾਲੀਆਂ 255 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ ਛਾਪੇਮਾਰੀ ਕੀਤੀ ਅਤੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 546 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਪੰਜਾਬ ਪੁਲਿਸ ਵੱਲੋਂ ਵਿਆਪਕ ਰਣਨੀਤੀ ਤਿਆਰ ਕੀਤੀ ਗਈ ਹੈ ਅਤੇ ਅਜਿਹੇ ਆਪ੍ਰੇਸ਼ਨ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਤੱਕ ਜਾਰੀ ਰਹਿਣਗੇ।



ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖ਼ਾਤਮੇ ਲਈ ਤਿੰਨ-ਨੁਕਾਤੀ ਰਣਨੀਤੀ – ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) – ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਵੱਲੋਂ ਇਸ ਰਣਨੀਤੀ ਦੇ 'ਡੀ-ਅਡਿਕਸ਼ਨ' ਹਿੱਸੇ ਵਜੋਂ 4 ਵਿਅਕਤੀਆਂ ਨੂੰ ਨਸ਼ਾ ਛੁਡਾਉਣ ਅਤੇ ਮੁੜ ਵਸੇਬੇ ਲਈ , ਇਲਾਜ ਕਰਵਾਉਣ ਲਈ ਪ੍ਰੇਰਿਆ ਗਿਆ ਹੈ।

# ਬਾਬਾ ਸਾਹਿਬ ਦੇ ਬੁੱਤਾਂ ਦਾ ਲਗਾਤਾਰ ਅਪਮਾਨ 'ਆਪ' ਸਰਕਾਰ ਦਾ ਆਪਣੀ ਨਾਕਾਮੀ ਤੋਂ ਧਿਆਨ ਭਟਕਾਉਣ ਦਾ ਜ਼ਰੀਆ, ਪੰਨੂੰ ਵਰਗੇ ਲੋਕ ਸਰਕਾਰ ਵੱਲੋਂ ਸਪਾਨਸਰਡ : ਕਰੀਮਪੁਰੀ

## ਹਿੰਦੂਵਾਦ ਦਾ ਏਜੰਡਾ ਰੱਖਣ ਵਾਲੀ 'ਭਾਜਪਾ' ਤੇ ਆਰ ਐੱਸ ਐੱਸ ਸੰਵਿਧਾਨਿਕ ਧਰਮ ਨਿਰਪੱਖਤਾ ਵਿਰੋਧੀ : ਕਰੀਮਪੁਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ INTERNATIONAL PAPER, 94636 01616 hardipchumber57@gmail.com

ਲੁਧਿਆਣਾ, 1 ਅਪ੍ਰੈਲ () ਸਰਕਟ ਹਾਊਸ ਵਿਖੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਦੀ ਅਗਵਾਈ ਹੇਠ ਪੰਜਾਬ ਦੇ 8ਵੇਂ ਜ਼ੋਨ ਦੀ ਆਖ਼ਰੀ ਮੀਟਿੰਗ ਹੋਈ ਜਿਸ ਵਿੱਚ ਸੂਬੇ ਦੇ ਇੰਚਾਰਜ ਵਿਪੁਲ ਕੁਮਾਰ ਮੁੱਖ ਮਹਿਮਾਨ ਵਜੋਂ ਪੁੱਜੇ। ਇਸ ਦੌਰਾਨ ਉਨ੍ਹਾਂ ਕਿਹਾ ਕਿ 'ਬਸਪਾ' ਲੀਡਰਸ਼ਿਪ ਵੱਲੋਂ ਸ਼ੁਰੂ ਕੀਤੀ ਗਈ 'ਪੰਜਾਬ ਸੰਭਾਲੋ' ਮੁਹਿੰਮ ਨੂੰ ਅਸੀਂ ਪਿੰਡਾਂ, ਸ਼ਹਿਰਾਂ, ਬੱਸ ਅੱਡਿਆਂ, ਜਨਤਿਕ ਥਾਵਾਂ ਅਤੇ ਹਰੇਕ ਵਿਅਕਤੀ ਤੱਕ ਇਸ ਏਜੰਡੇ ਨੂੰ ਪਹੁੰਚਾ ਰਹੇ ਹਾਂ ਤਾਂ ਜੋ ਪਾਰਟੀ ਦਾ ਜਥੇਬੰਦਕ ਢਾਂਚਾ ਮਜ਼ਬੂਤ ਹੋ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹਿਆਂ ਦੀਆਂ ਮੀਟਿੰਗਾਂ ਮੁਕੰਮਲ ਹੋ ਚੁੱਕੀਆਂ ਹਨ ਤੇ ਵਿਧਾਨ ਸਭਾ ਦੀਆਂ ਮੀਟਿੰਗਾਂ ਜਾਰੀ ਹਨ, ਜਿਸਦੇ ਸਿੱਟੇ ਵਜੋਂ ਅੱਠ ਜ਼ੋਨਾਂ ਚੋਂ ਕਰੀਬ 32 ਲੀਡਰ ਨਿਯੁਕਤ ਕੀਤੇ ਗਏ ਹਨ, ਜੋ ਕਿ ਹਰ ਪੰਜਾਬੀ ਤੱਕ ਇਸ ਮੁਹਿੰਮ ਨੂੰ ਪਹੁੰਚਾ ਰਹੇ ਹਨ ਤੇ ਲੋਕਾਂ ਨੂੰ ਮੁਹਿੰਮ ਨਾਲ ਜੋੜ ਰਹੇ ਹਨ। ਸੂਬਾ ਪ੍ਰਧਾਨ ਸ੍ਰ ਕਰੀਮਪੁਰੀ ਨੇ ਕਿਹਾ ਕਿ ਪਿੰਡ ਨੰਗਲ 'ਚ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਨੂੰ ਤੋੜਨ ਦੀ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਦੇ ਸੰਜੀਦਾ ਵਿਸ਼ਿਆਂ ਪ੍ਰਤੀ ਸੂਬਾ ਸਰਕਾਰ ਗ਼ੈਰ ਸੰਜੀਦਾ ਹੈ, ਸਾਡੇ ਵੱਲੋਂ ਸੂਬਾ ਸਰਕਾਰ ਨੂੰ ਸਲਾਹ ਦਿੱਤੀ ਗਈ ਸੀ ਕਿ ਜਿੱਥੇ ਵੀ ਅੰਬੇਡਕਰ ਜੀ, ਫੂਲੇ ਜੀ, ਸ਼ਾਹੂ ਜੀ ਤੇ ਕਾਂਸ਼ੀ ਰਾਮ ਜੀ ਆਦਿ ਮਹਾਂਪੁਰਖਾਂ ਦੇ ਬੁੱਤ ਲੱਗੇ ਹਨ, ਪੰਜਾਬ ਸਰਕਾਰ ਉੱਥੇ ਹਮੇਸ਼ਾ ਲਈ ਸੁਰੱਖਿਆ ਦੇ ਪ੍ਰਬੰਧ



ਗਿਆ ਹੈ, ਜਦ ਤੱਕ ਦੋਸ਼ੀ ਫੜੇ ਨਹੀਂ ਜਾਂਦੇ ਉਦੋਂ ਤੱਕ ਉਹ ਧਰਨਾ ਬਰਕਰਾਰ ਰਹੇਗਾ। ਉਹਨਾਂ ਇਸ ਘਟਨਾ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਦਾ ਇੰਟੈਲੀਜੈਂਸ ਫੇਲੀਅਰ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰਪਤਵੰਤ ਪੰਨੂੰ ਵਰਗੇ ਦੇਸ਼ ਵਿਰੋਧੀ ਲੋਕ ਪੰਜਾਬ ਦੇ ਅਮਨ ਨੂੰ ਅੱਗ ਲਗਾਉਣੀ ਚਾਹੁੰਦੇ ਹਨ, ਜੋ ਕਿ ਇੱਕ ਸਾਜਿਸ਼ ਨੂੰ ਦਰਸਾਉਂਦਾ ਹੈ ਜਿਸ ਵਿੱਚ ਪੰਜਾਬ ਦੇ ਅਮਨ ਨੂੰ ਬਰਦਾਸ਼ਤ ਨਾ ਕਰਨ ਵਾਲੀਆਂ ਸਾਰੀਆਂ ਤਾਕਤਾਂ ਸ਼ਾਮਿਲ ਹਨ ਅਤੇ ਉਹ ਸੱਤਾਧਾਰੀ ਧਿਰਾਂ ਦਾ ਸਪੌਨਸਰਡ ਹੈ। ਉਨ੍ਹਾਂ ਕਿਹਾ ਕਿ ਅਸੀਂ ਦੋਸ਼ੀਆਂ 'ਤੇ ਐੱਨ ਐੱਸ ਏ ਲਗਾਉਣ ਦੀ ਮੰਗ ਕਰਦੇ ਹਾਂ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਹਰ ਮੁੱਦੇ ਨੂੰ ਹੱਲ ਨਹੀਂ ਕਰ ਸਕੀ ਹੈ, ਬਹੁਜਨ ਸਮਾਜ ਪਾਰਟੀ ਦੀ 'ਪੰਜਾਬ ਸੰਭਾਲੋ' ਮੁਹਿੰਮ ਤੋਂ ਘਬਰਾ ਕੇ ਸਰਕਾਰ ਅਜਿਹੀਆਂ ਘਟਨਾਵਾਂ ਜ਼ਰੀਏ ਲੋਕਾਂ ਦਾ ਸਰਕਾਰ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਵੱਲੋਂ ਜੋ ਤਿੰਨ ਸਾਲਾਂ ਬਾਅਦ ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾਈ ਜਾ ਰਹੀ ਹੈ, ਇਸਦਾ ਕਾਰਨ ਮੁੱਖ ਮੰਤਰੀ ਆਪ ਇਹ ਕਹਿ ਕੇ ਦਿੰਦੇ ਹਨ ਕਿ, "ਇਹ ਤਿੰਨ ਸਾਲ ਸਾਨੂੰ ਨਸ਼ਿਆਂ ਖ਼ਿਲਾਫ਼ ਤਿਆਰੀ ਕਰਨ ਲਈ ਕਿਹਾ ਕਿ ਸਰਕਾਰ ਨੂੰ ਨਸ਼ਾ ਮੁਕਤੀ ਕੇਂਦਰਾਂ ਦੀ ਤਿੰਨ ਮਹੀਨੇ ਦੀ ਦਵਾਈ ਇਕੱਠੀ ਕਰਨ ਨੂੰ ਤਿੰਨ ਸਾਲ ਲੱਗ ਗਏ, ਜਿਸ ਤੋਂ ਸਾਫ਼ ਹੁੰਦਾ ਹੈ ਕਿ ਮੁੱਖ ਮੰਤਰੀ ਜੀ ਆਪ ਨਸ਼ਿਆਂ ਦੀ ਸਪਲਾਈ ਨੂੰ ਖ਼ਤਮ ਕਰਨਾ ਨਹੀਂ ਚਾਹੁੰਦੇ ਤੇ ਸਰਕਾਰ ਦੀ ਸਰਪ੍ਰਸਤੀ ਹੇਠ ਹੀ ਨਸ਼ਾ ਮਾਫ਼ੀਆ ਨਸ਼ਾ ਸਪਲਾਈ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਪੱਛਮੀ ਦੀ ਹੋਣ ਜਾ ਰਹੀ ਜਿਮਨੀ ਚੋਣ ਬਾਰੇ ਕਿਹਾ ਕਿ ਅਸੀਂ 'ਬਸਪਾ' ਦੀ ਪੂਰੀ ਲੀਡਰਸ਼ਿਪ ਨਾਲ ਸਲਾਹ ਕਰਕੇ ਜਾਂ ਤਾਂ ਆਪਣੇ ਉਮੀਦਵਾਰ ਦਾ ਐਲਾਨ ਕਰਾਂਗੇ ਜਾਂ ਫੇਰ 'ਬਸਪਾ' ਦਾ ਜਿਮਨੀ ਚੋਣ 'ਚ ਰੋਲ ਕੀ ਹੋਏਗਾ, ਇਸ ਬਾਰੇ ਸੋਚਾਂਗੇ। ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਵੱਲੋਂ ਆਰ ਐੱਸ ਐੱਸ ਨੂੰ ਭਾਰਤੀ ਸੱਭਿਅਤਾ ਦਾ ਬੋਹੜ ਕਹਿਣ 'ਤੇ ਟਿੱਪਣੀ ਕੀਤੀ ਕਿ ਆਰ ਐੱਸ ਐੱਸ ਦੀ ਪ੍ਰੋਡਕਟ 'ਭਾਜਪਾ' ਹੈ, ਆਰ ਐੱਸ ਐੱਸ ਕਹਿੰਦੀ ਹੈ ਕਿ ਜੇ ਕੋਈ ਹਿੰਦੂ ਧਰਮ ਬਦਲਦਾ ਹੈ ਤਾਂ ਇਹ ਇੱਕ ਘਾਟਾ ਨਹੀਂ ਸਗੋਂ ਅਜਿਹਾ ਵਿਅਕਤੀ ਦੁਸ਼ਮਣਾਂ 'ਚ ਵਾਧਾ ਹੈ। ਉਨ੍ਹਾਂ ਕਿਹਾ ਕਿ 'ਭਾਜਪਾ' ਤੇ ਆਰ ਐੱਸ ਐੱਸ ਹਿੰਦੂਵਾਦ ਨੂੰ ਤਰਜ਼ੀਹ ਦਿੰਦੀ ਹੈ ਜੋ ਕਿ ਸੰਵਿਧਾਨ ਦੇ ਉਲਟ ਏਜੰਡਾ ਹੈ, ਇਸ ਲਈ ਸਿਰਫ਼ ਬਹੁਜਨ ਸਮਾਜ ਪਾਰਟੀ ਹੀ ਸੰਵਿਧਾਨ ਦੀ ਧਰਮ ਨਿਰਪੱਖਤਾ ਨੂੰ ਲਾਗੂ ਕਰ ਸਕਦੀ ਹੈ ਕਿਉਂਕਿ ਇਹ ਪਾਰਟੀ ਬਾਬਾ ਸਾਹਿਬ ਦੇ ਸੰਵਿਧਾਨ 'ਤੇ ਪਹਿਰਾ ਦਿੰਦੀ ਹੈ। ਇਸੇ ਦੌਰਾਨ 'ਬਸਪਾ' ਦੇ ਸੂਬਾ ਇੰਚਾਰਜ ਅਤੇ ਹਲਕਾ ਨਵਾਂਸ਼ਹਿਰ ਤੋਂ ਵਿਧਾਇਕ ਡਾ. ਨਛੱਤਰਪਾਲ ਨੇ ਕਿਹਾ ਕਿ ਜਿਸ ਤਰ੍ਹਾਂ ਭੈਣ ਮਾਇਆਵਤੀ ਜੀ ਨੇ ਯੂ ਪੀ 'ਚ 'ਬਸਪਾ' ਦੇ ਏਜੰਡੇ ਤਹਿਤ ਕੰਮ ਕੀਤਾ ਸੀ ਠੀਕ ਉਸੇ ਤਰ੍ਹਾਂ ਸਾਡੇ ਵੱਲੋਂ ਵੀ ਇਸ ਏਜੰਡੇ ਨੂੰ ਅੱਗੇ ਤੋਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਘੱਟ ਗਿਣਤੀ, ਗਰੀਬਾਂ, ਦਲਿਤਾਂ ਕੱਚੇ ਕਾਮਿਆਂ ਤੇ ਓ ਬੀ ਸੀ ਆਦਿ ਨਾਲ ਜੋ ਧੱਕਾ ਹੁੰਦਾ ਹੈ, ਉਸ ਬਾਰੇ ਦੂਜੀਆਂ ਪਾਰਟੀਆਂ ਦੇ ਲੀਡਰ ਸੈਸ਼ਨਾਂ ਜਾਂ ਕਿਸੇ ਹੋਰ ਮੰਚ 'ਤੇ ਜ਼ਿਕਰ ਨਹੀਂ ਕਰਦੇ, ਪਰ ਬਹੁਜਨ ਸਮਾਜ ਪਾਰਟੀ ਅਜਿਹੇ ਹਰੇਕ ਵਰਗ ਦੀ ਆਵਾਜ਼ ਨੂੰ ਹਮੇਸ਼ਾ ਚੁੱਕਦੀ ਹੈ। ਉਨ੍ਹਾਂ ਦੱਸਿਆ ਕਿ ਅਜਿਹਾ ਹਰੇਕ ਵਰਗ ਬਹੁਜਨ ਸਮਾਜ ਪਾਰਟੀ ਨਾਲ ਜੁੜਨ ਲਈ ਅੱਗੇ ਆ ਰਿਹਾ ਹੈ ਤੇ ਭਵਿੱਖ ਵਿੱਚ ਇਸ ਪਾਰਟੀ 'ਚ ਵੱਡਾ ਵਾਧਾ ਹੁੰਦਾ ਜ਼ਰੂਰ ਦਿਖਾਈ ਦਏਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਹਰ ਉਹ ਸਹੂਲਤ ਮੌਜੂਦ ਹੈ ਜਿਸ ਰਾਹੀਂ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ, ਜਿਸ ਨਾਲ ਇੱਥੋਂ ਦਾ ਨੌਜਵਾਨ ਬਾਹਰਲੇ ਮੁਲਕਾਂ 'ਚ ਜਾਣ ਦੀ ਬਜਾਏ ਇੱਥੇ ਰਹਿ ਕੇ ਹੀ ਪੰਜਾਬ ਦੀ ਆਰਥਿਕਤਾ ਨੂੰ ਉੱਚਾ ਚੁੱਕ ਸਕਦਾ ਹੈ। ਇਸ ਮੌਕੇ ਲੁਧਿਆਣਾ ਜ਼ੋਨ ਦੇ ਇੰਚਾਰਜ ਪ੍ਰਵੀਨ ਬੰਗਾ, ਸੂਬਾ ਆਗੂ ਬਲਵਿੰਦਰ ਸਿੰਘ ਬਿੱਟਾ, ਜੀਤ ਰਾਮ ਬਸਰਾ, ਭਾਗ ਸਿੰਘ ਸਰੀਂਹ, ਬਲਵਿੰਦਰ ਸਿੰਘ ਜੱਸੀ, ਬੂਟਾ ਸਿੰਘ ਸੰਗੋਵਾਲ, ਨਿਰਮਲ ਸਿੰਘ ਸਾਈਆਂ, ਦਵਿੰਦਰ ਸਿੰਘ ਰਾਮਗੜ੍ਹੀਆ, ਬਿੱਟੂ ਸ਼ੇਰਪੁਰ, ਸੋਨੂੰ, ਰਾਜਿੰਦਰ ਅਤੇ ਹਾਜ਼ਰ ਸਨ।

# ਮੈਂ ਪੰਜਾਬ ਦੀ ਧਰਤੀ ਦੀ ਸੌਂਹ ਖਾਂਦਾ ਹਾਂ, ਜਦੋਂ ਤੱਕ ਪੰਜਾਬ ਨਸ਼ਾ ਮੁਕਤ ਨਹੀਂ ਹੋ ਜਾਂਦਾ, ਉਦੋਂ ਤੱਕ ਮੈਂ ਚੁਪ ਨਹੀਂ ਬੈਠਾਂਗਾ-ਕੇਜਰੀਵਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਲੁਧਿਆਣਾ ਵਿੱਚ 'ਆਪ' ਦੇ ਕਾਰਜਕਾਰੀ ਸੰਮੇਲਨ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੇ ਪੰਜਾਬ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਦੇ ਮਿਸ਼ਨ ਦੀ ਰੂਪ-ਰੇਖਾ ਪੇਸ਼ ਕੀਤੀ। ਇਸਨੂੰ ਸੂਬੇ ਦੇ ਭਵਿੱਖ ਲਈ ਇੱਕ ਮਹੱਤਵਪੂਰਨ ਕਦਮ ਦੱਸਦੇ ਹੋਏ, ਕੇਜਰੀਵਾਲ ਨੇ 'ਆਪ' ਵਲੰਟੀਅਰਾਂ ਦੇ ਇਕੱਠ ਨੂੰ ਭਰੋਸਾ ਦਿੱਤਾ ਕਿ ਇਹ ਮਿਸ਼ਨ ਸਿਰਫ਼ ਇੱਕ ਟੀਚਾ ਨਹੀਂ ਹੈ, ਸਗੋਂ ਇੱਕ ਸਮੂਹਿਕ ਵਚਨਬੱਧਤਾ ਹੈ ਜੋ ਪੰਜਾਬ ਦੇ ਹਰ ਵਿਅਕਤੀ ਨੂੰ ਨਸ਼ਿਆਂ ਦੇ ਚੁੰਗਲ ਤੋਂ ਮੁਕਤ ਕਰਨ ਲਈ ਇੱਕਜੁੱਟ ਕਰੇਗੀ।

'ਆਪ' ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ, "ਤੁਸੀਂ ਉਹ ਲੋਕ ਹੋ ਜਿਨ੍ਹਾਂ ਨੇ ਪੰਜਾਬ ਵਿੱਚ 'ਆਪ' ਦੀ ਸਰਕਾਰ ਸਥਾਪਤ ਕਰਨ ਲਈ ਦਿਨ ਰਾਤ ਕੰਮ ਕੀਤਾ। ਅੱਜ ਦੀ ਮੀਟਿੰਗ ਬਹੁਤ ਮਹੱਤਵਪੂਰਨ ਹੈ ਕਿਉਂਕਿ ਅਸੀਂ ਇੱਥੇ ਇੱਕ ਮਿਸ਼ਨ ਲਈ ਇਕੱਠੇ ਹੋਏ ਹਾਂ – ਪੰਜਾਬ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਲਈ। ਮੇਰਾ ਪੂਰਾ ਵਿਸ਼ਵਾਸ ਹੈ ਕਿ ਜੇਕਰ ਇੱਥੇ ਹਰ ਵਿਅਕਤੀ ਪੰਜਾਬ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਦੀ ਸਹੁੰ ਖਾਂਦਾ ਹੈ, ਤਾਂ ਸਾਨੂੰ ਇਸ ਟੀਚੇ ਨੂੰ ਪ੍ਰਾਪਤ ਕਰਨ ਤੋਂ ਕੋਈ ਨਹੀਂ ਰੋਕ ਸਕਦਾ।"

ਅਰਵਿੰਦ ਕੇਜਰੀਵਾਲ ਦੇ ਨਾਲ 'ਆਪ' ਆਗੂਆਂ ਅਤੇ ਵਲੰਟੀਅਰਾਂ ਨੇ ਸਹੁੰ ਚੁੱਕੀ, "ਮੈਂ ਪੰਜਾਬ ਦੀ ਪਵਿੱਤਰ ਮਿੱਟੀ ਦਾ ਸੱਚਾ ਪੁੱਤ ਹਾਂ। ਮੈਂ ਆਮ ਆਦਮੀ ਪਾਰਟੀ ਦਾ ਸੱਚਾ ਵਲੰਟੀਅਰ ਹਾਂ। ਅੱਜ, ਮੈਂ ਪੰਜਾਬ ਦੀ ਮਿੱਟੀ ਦੀ ਸਹੁੰ ਖਾਂਦਾ ਹਾਂ ਕਿ ਮੈਂ ਖੁਦ ਕਦੇ ਵੀ ਨਸ਼ੇ ਦਾ ਸੇਵਨ ਨਹੀਂ ਕਰਾਂਗਾ। ਮੈਂ ਆਪਣੇ ਦੋਸਤਾਂ, ਪਰਿਵਾਰ ਅਤੇ ਸਮਾਜ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੀ ਪੂਰੀ ਕੋਸ਼ਿਸ਼ ਕਰਾਂਗਾ। ਜਿੱਥੇ ਵੀ ਮੈਂ ਨਸ਼ਾ ਵਿਕਦਾ ਦੇਖਾਂਗਾ, ਮੈਂ ਪੁਲਿਸ ਨੂੰ ਸੂਚਿਤ ਕਰਾਂਗਾ। ਮੈਂ ਡਰਾਂਗਾ ਨਹੀਂ। ਕਿਉਂਕਿ ਇਸ ਲੜਾਈ ਵਿੱਚ, ਪਰਮਾਤਮਾ ਮੇਰੇ ਨਾਲ ਹੈ। ਮੈਂ ਸਿੱਖਿਆ ਨੂੰ ਚੁਣਾਂਗਾ, ਨਸ਼ੇ ਨੂੰ ਨਹੀਂ, ਮੈਂ ਤਰੱਕੀ ਨੂੰ ਚੁਣਾਂਗਾ, ਵਿਨਾਸ਼ ਨੂੰ ਨਹੀਂ ਅਤੇ ਮੈਂ ਇਨਕਲਾਬ ਨੂੰ ਚੁਣਾਂਗਾ, ਚੁੱਪ ਨੂੰ ਨਹੀਂ। ਆਮ ਆਦਮੀ ਪਾਰਟੀ ਦੇ ਇੱਕ ਸੱਚੇ ਸਿਪਾਹੀ ਵਜੋਂ, ਮੈਂ ਸਹੁੰ ਖਾਂਦਾ ਹਾਂ ਕਿ ਮੈਂ ਉਦੋਂ ਤੱਕ ਚੁੱਪ ਨਹੀਂ ਬੈਠਾਂਗਾ ਜਦੋਂ ਤੱਕ ਪੰਜਾਬ ਨਸ਼ਿਆਂ ਤੋਂ ਮੁਕਤ ਨਹੀਂ ਹੋ ਜਾਂਦਾ।"

ਕੇਜਰੀਵਾਲ ਨੇ ਕਿਹਾ ਕਿ ਪਿਛਲੇ ਮਹੀਨੇ ਦੌਰਾਨ ਨਸ਼ਿਆਂ ਦੇ ਖ਼ਤਰੇ ਨਾਲ ਨਜਿੱਠਣ ਲਈ ਬੇਮਿਸਾਲ ਕਾਰਵਾਈਆਂ ਕੀਤੀਆਂ ਗਈਆਂ ਹਨ। "ਪਿਛਲੇ ਮਹੀਨੇ ਵਿੱਚ ਜੋ ਕੁਝ ਪ੍ਰਾਪਤ ਹੋਇਆ ਹੈ ਉਹ ਕੁਝ ਅਜਿਹਾ ਹੈ ਜੋ 75 ਸਾਲਾਂ ਵਿੱਚ ਕਿਸੇ ਨੇ ਨਹੀਂ ਦੇਖਿਆ," ਉਨ੍ਹਾਂ ਨੇ ਨਸ਼ਿਆਂ ਦੀ ਤਸਕਰੀ ਅਤੇ ਇਸ ਨਾਲ ਜੁੜੇ ਨੈੱਟਵਰਕਾਂ ਨਾਲ ਨਜਿੱਠਣ ਲਈ ਕੀਤੇ ਜਾ ਰਹੇ ਯਤਨਾਂ ਦੀ ਹੱਦ ਨੂੰ ਰੇਖਾਂਕਿਤ ਕਰਦੇ ਹੋਏ ਇਹ ਟਿੱਪਣੀ ਕੀਤੀ।

ਕੇਜਰੀਵਾਲ ਨੇ ਅੱਗੇ ਕਿਹਾ, "ਸਿਰਫ਼ ਇੱਕ ਮਹੀਨੇ ਵਿੱਚ ਹਜ਼ਾਰਾਂ ਨਸ਼ਾ ਤਸਕਰ ਗ੍ਰਿਫ਼ਤਾਰ ਕੀਤੇ ਗਏ ਹਨ। ਇਹ ਉਹੀ ਤਸਕਰ ਹਨ, ਜਿਨ੍ਹਾਂ ਦੇ ਨਾਂ ਸੁਣ ਕੇ ਲੋਕਾਂ ਦੇ ਦਿਲ ਕੰਬ ਜਾਂਦੇ ਸਨ। ਅੱਜ ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ ਅਤੇ ਨਸ਼ੇ ਦੇ ਸੌਦਾਗਰਾਂ ਦੇ ਘਰਾਂ 'ਤੇ ਬੁਲਡੋਜ਼ਰ ਚਲਾਏ ਜਾ ਰਹੇ ਹਨ। ਹਵਾਲਾਤੀਆਂ ਰਾਹੀਂ ਪਾਕਿਸਤਾਨ ਭੇਜੇ ਜਾਣ ਵਾਲੇ ਪੈਸੇ ਸਮੇਤ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਅਤੇ ਪੈਸੇ ਬਰਾਮਦ ਕੀਤੇ ਜਾ ਰਹੇ ਹਨ।"

ਨਸ਼ਾ ਤਸਕਰਾਂ ਨੂੰ ਸਪੱਸ਼ਟ ਸੰਦੇਸ਼ ਦਿੰਦਿਆਂ ਕੇਜਰੀਵਾਲ ਨੇ ਕਿਹਾ, "ਜੇ ਕੋਈ ਪੁਲਿਸ ਨਾਲ ਮੁਕਾਬਲਾ ਕਰਨ ਦੀ ਹਿੰਮਤ ਕਰਦਾ ਹੈ ਤਾਂ ਪੁਲਿਸ ਕਾਰਵਾਈ ਕਰਨ ਤੋਂ ਨਹੀਂ ਝਿਜਕੇਗੀ। ਸੰਦੇਸ਼ ਸਪੱਸ਼ਟ ਹੈ: ਜਾਂ ਤਾਂ ਨਸ਼ਾ ਵੇਚਣਾ ਬੰਦ ਕਰੋ ਜਾਂ ਪੰਜਾਬ ਛੱਡ ਦਿਓ।"

ਕੇਜਰੀਵਾਲ ਨੇ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿੱਚ ਪੰਜਾਬ ਦੀ ਦਰਜਾਬੰਦੀ ਵਿੱਚ ਨਾਟਕੀ ਗਿਰਾਵਟ ਨੂੰ ਵੀ ਉਜਾਗਰ ਕੀਤਾ, ਜੋ ਹੁਣ ਪਹਿਲੇ ਨੰਬਰ ਤੋਂ 18ਵੇਂ ਨੰਬਰ 'ਤੇ ਆ ਗਈ ਹੈ। ਉਨ੍ਹਾਂ ਇਸ ਗਿਰਾਵਟ ਲਈ ਸਿਆਸੀ ਸ਼ਖ਼ਸੀਅਤਾਂ 'ਤੇ ਦੋਸ਼ ਲਗਾਇਆ ਜਿਨ੍ਹਾਂ ਨੇ ਪੰਜਾਬ ਦੀ ਜਵਾਨੀ ਨੂੰ ਸੱਤਾ ਅਤੇ ਪੈਸੇ ਲਈ ਵੇਚ ਦਿੱਤਾ ਹੈ। ਉਨ੍ਹਾਂ ਕਿਹਾ, "ਪੰਜਾਬ ਵਿੱਚ ਨਸ਼ੇ ਲਿਆਉਣ ਲਈ ਜ਼ਿੰਮੇਵਾਰ, ਸੱਤਾ ਦੀ ਖਾਤਰ ਪੰਜਾਬ ਦੀ ਜਵਾਨੀ ਨੂੰ ਵੇਚਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੂੰ ਨਿਆਂ ਦਾ ਸਾਹਮਣਾ ਕਰਨਾ ਪਵੇਗਾ।"

ਉਨ੍ਹਾਂ ਨੇ 'ਆਪ' ਦੇ ਯਤਨਾਂ ਦੀ ਤੁਲਨਾ ਕਾਂਗਰਸ ਪਾਰਟੀ ਵੱਲੋਂ ਕੀਤੇ ਗਏ ਵਾਅਦਿਆਂ ਨਾਲ ਕੀਤੀ ਅਤੇ ਇਕੱਠ ਨੂੰ ਉਨ੍ਹਾਂ ਦੇ ਅਸਫਲ ਵਾਅਦਿਆਂ ਦੀ ਯਾਦ ਦਿਵਾਈ। ਕੇਜਰੀਵਾਲ ਨੇ ਕਿਹਾ "ਕਾਂਗਰਸ ਨੇ ਗੁਟਕਾ ਸਾਹਿਬ ਨਾਲ ਸਹੁੰ ਖਾਧੀ ਸੀ, ਦਾਅਵਾ ਕੀਤਾ ਸੀ ਕਿ ਉਹ ਚਾਰ ਹਫ਼ਤਿਆਂ ਦੇ ਅੰਦਰ ਪੰਜਾਬ ਵਿੱਚੋਂ ਨਸ਼ਾ ਖਤਮ ਕਰ ਦੇਣਗੇ, ਪਰ ਜਦੋਂ ਉਹ ਸੱਤਾ ਵਿੱਚ ਆਏ ਤਾਂ ਉਨ੍ਹਾਂ ਨੇ ਕੁਝ ਨਹੀਂ ਕੀਤਾ,"।

ਇਮਾਨਦਾਰ ਸ਼ਾਸਨ ਪ੍ਰਤੀ 'ਆਪ' ਦੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ, ਉਨ੍ਹਾਂ ਕਿਹਾ, "'ਆਪ' ਦੀ ਸਰਕਾਰ ਇੱਕ ਇਮਾਨਦਾਰ ਸਰਕਾਰ ਹੈ। ਅਸੀਂ ਕਦੇ ਵੀ ਅਜਿਹੀ ਸਰਕਾਰ ਨਹੀਂ ਬਣਾਂਗੇ ਜਿਸਨੂੰ ਖਰੀਦਿਆ ਜਾ ਸਕੇ। ਅਸੀਂ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੇ ਹਾਂ, ਅਤੇ ਇਸ ਮੁੱਦੇ 'ਤੇ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।"

ਕੇਜਰੀਵਾਲ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਵਲੰਟੀਅਰਾਂ ਨੂੰ ਜ਼ਮੀਨੀ ਪੱਧਰ 'ਤੇ ਆਪਣੇ ਯਤਨ ਜਾਰੀ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ "ਜੇਕਰ ਨਸ਼ਾ ਤਸਕਰ ਤੁਹਾਡੇ ਪਿੰਡ ਵਿੱਚ ਨਸ਼ਾ ਵੇਚਣ ਆਉਂਦੇ ਹਨ, ਤਾਂ ਉਨ੍ਹਾਂ ਨੂੰ ਇਜਾਜ਼ਤ ਨਾ ਦਿਓ ਅਤੇ ਡਰੋ ਨਾ, ਕਿਉਂਕਿ ਪੁਲਿਸ ਅਤੇ ਪ੍ਰਸ਼ਾਸਨ ਤੁਹਾਡੇ ਨਾਲ ਹੈ,"। ਉਨ੍ਹਾਂ ਬਲਾਕ ਪ੍ਰਧਾਨਾਂ ਨੂੰ ਆਪਣੇ ਪਿੰਡਾਂ ਵਿੱਚ ਜਾਣ ਅਤੇ ਇਹ ਸੁਨੇਹਾ ਫੈਲਾਉਣ ਦਾ ਅਪੀਲ ਕੀਤੀ ਕਿ ਕਿਸੇ ਵੀ ਨਸ਼ਾ ਤਸਕਰ ਨੂੰ ਉਨ੍ਹਾਂ ਦੇ ਪਿੰਡਾਂ ਵਿੱਚ ਨਸ਼ਾ ਵੇਚਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇ।

ਕੇਜਰੀਵਾਲ ਨੇ ਐਲਾਨ ਕੀਤਾ, "ਮੈਂ ਪਹਿਲਾਂ ਕਿਹਾ ਸੀ ਕਿ 1 ਅਪ੍ਰੈਲ ਤੋਂ, ਅਸੀਂ ਹਰ ਪਿੰਡ ਦੇ ਦੌਰੇ ਸ਼ੁਰੂ ਕਰਾਂਗੇ। ਹਾਲਾਂਕਿ, ਚੱਲ ਰਹੀ ਵਾਢੀ ਦੇ ਸੀਜ਼ਨ ਕਾਰਨ, ਅਸੀਂ ਇਸਨੂੰ ਇੱਕ




ਮਹੀਨੇ ਲਈ ਮੁਲਤਵੀ ਕਰ ਰਹੇ ਹਾਂ। ਪਰ ਕੱਲ੍ਹ ਤੋਂ, ਅਸੀਂ ਸ਼ਹਿਰਾਂ ਵਿੱਚ ਸਕੂਲ ਅਤੇ ਕਾਲਜ ਦੇ ਬੱਚਿਆਂ ਨਾਲ ਇੱਕ ਪੈਦਲ ਯਾਤਰਾ ਸ਼ੁਰੂ ਕਰਾਂਗੇ, ਜਿੱਥੇ ਉਹ ਖੁਦ ਨਸ਼ੇ ਦੀ ਵਰਤੋਂ ਨਾ ਕਰਨ ਅਤੇ ਇਹ ਯਕੀਨੀ ਬਣਾਉਣ ਦੀ ਸਹੁੰ ਚੁੱਕਣਗੇ ਕਿ ਕੋਈ ਵੀ ਪੰਜਾਬ ਵਿੱਚ ਨਸ਼ਾ ਨਾ ਵੇਚੇ।"

ਉਨ੍ਹਾਂ ਮੁਹਿੰਮ ਦੇ ਭਵਿੱਖ ਦੇ ਕਦਮਾਂ ਦੀ ਰੂਪਰੇਖਾ ਵੀ ਦਿੱਤੀ ਅਤੇ ਦੱਸਿਆ ਕਿ 1 ਮਈ ਤੋਂ, ਉਹ ਪਾਰਟੀ ਨੇਤਾਵਾਂ, ਮੁੱਖ ਮੰਤਰੀ, ਕੈਬਨਿਟ ਮੰਤਰੀਆਂ, ਵਿਧਾਇਕਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਨਾਲ, ਹਰ ਪਿੰਡ ਦਾ ਦੌਰਾ ਕਰਨਗੇ। "ਬਲਾਕ ਪ੍ਰਧਾਨ ਦਸ ਪਿੰਡਾਂ ਦਾ ਦੌਰਾ ਕਰਨਗੇ ਅਤੇ ਇਹ ਸੰਦੇਸ਼ ਫੈਲਾਉਣਗੇ ਕਿ ਪਿੰਡ ਵਿੱਚ ਕਿਸੇ ਵੀ ਨਸ਼ਾ ਤਸਕਰ ਨੂੰ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇ। ਸਰਕਾਰ ਨੇ ਨਸ਼ਿਆਂ ਵਿਰੁੱਧ ਇੱਕ ਪਿੰਡ ਰੱਖਿਆ ਕਮੇਟੀ ਸਥਾਪਤ ਕੀਤੀ ਹੈ ਅਤੇ ਅਸੀਂ ਆਪਣੇ ਪਿੰਡਾਂ ਵਿੱਚੋਂ ਨਸ਼ਿਆਂ ਦੇ ਖਾਤਮੇ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਾਂਗੇ,"।

ਨੌਜਵਾਨਾਂ ਨੂੰ ਹੋਰ ਜੋੜਨ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ, ਕੇਜਰੀਵਾਲ ਨੇ ਐਲਾਨ ਕੀਤਾ, "ਅਸੀਂ ਪੰਜਾਬ ਭਰ ਵਿੱਚ ਖੇਡ ਦੇ ਮੈਦਾਨ ਸਥਾਪਤ ਕਰ ਰਹੇ ਹਾਂ ਅਤੇ ਹਰ ਪਿੰਡ ਵਿੱਚ ਜਲਦੀ ਹੀ ਇੱਕ ਖੇਡ ਦਾ ਮੈਦਾਨ ਹੋਵੇਗਾ ਜਿੱਥੇ ਨੌਜਵਾਨ ਖੇਡਾਂ ਵਿੱਚ ਹਿੱਸਾ ਲੈ ਸਕਣ ਅਤੇ ਨਸ਼ਿਆਂ ਤੋਂ ਦੂਰ ਰਹਿ ਸਕਣ।"

ਨਸ਼ਾ ਮੁਕਤ ਪੰਜਾਬ ਬਣਾਉਣ ਦੀ ਵਚਨਬੱਧਤਾ ਨਾਲ, ਕੇਜਰੀਵਾਲ ਨੇ ਪਾਰਟੀ ਨੇਤਾਵਾਂ ਅਤੇ ਵਲੰਟੀਅਰਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਦੇ ਲੋਕਾਂ ਲਈ ਇੱਕ ਬਿਹਤਰ, ਸਿਹਤਮੰਦ ਅਤੇ ਖੁਸ਼ਹਾਲ ਭਵਿੱਖ ਲਈ ਲੜਦੀ ਰਹੇਗੀ।

# ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਪਾਸਟਰ ਬਜਿੰਦਰ ਕੇਸ ਵਿੱਚ ਅਦਾਲਤ ਦੇ ਫੈਸਲੇ ਦਾ ਸਵਾਗਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸ੍ਰੀਮਤੀ ਰਾਜ ਲਾਲੀ ਗਿੱਲ ਨੇ ਅਦਾਲਤ ਵੱਲੋਂ ਜ਼ੀਰਕਪੁਰ ਬਲਾਤਕਾਰ ਮਾਮਲੇ ਵਿੱਚ ਪਾਸਟਰ ਬਜਿੰਦਰ ਨੂੰ ਮੌਤ ਤੱਕ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਇਸ ਨੂੰ ਔਰਤਾਂ ਨੂੰ ਇਨਸਾਫ਼ ਦਿਵਾਉਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਦੱਸਿਆ ਹੈ।

ਇੱਕ ਪ੍ਰੈਸ ਬਿਆਨ ਰਾਹੀਂ ਚੇਅਰਪਰਸਨ ਨੇ ਕਿਹਾ ਕਿ ਇਹ ਫੈਸਲਾ ਇਹ ਸੰਦੇਸ਼ ਦਿੰਦਾ ਹੈ ਕਿ ਔਰਤਾਂ ਵਿਰੁੱਧ ਅਪਰਾਧਾਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਕਾਨੂੰਨ ਰਾਹੀਂ ਨਿਆਂ ਨੂੰ ਯਕੀਨੀ ਬਣਾਇਆ ਜਾਵੇਗਾ। ਕਮਿਸ਼ਨ ਵੱਲੋਂ ਪਹਿਲਾਂ ਇਸ ਮਾਮਲੇ ਦਾ ਸਖ਼ਤ ਨੋਟਿਸ ਲਿਆ ਗਿਆ ਸੀ।

ਸ੍ਰੀਮਤੀ ਗਿੱਲ ਨੇ ਪੰਜਾਬ ਵਿੱਚ ਇਸ ਤਰ੍ਹਾਂ ਦੇ ਅਪਰਾਧਾਂ ਦੇ ਪੀੜਤਾਂ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੰਦਿਆਂ ਅੱਗੇ ਆਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, "ਪੰਜਾਬ ਰਾਜ ਮਹਿਲਾ ਕਮਿਸ਼ਨ ਜਿਨਸੀ ਸ਼ੋਸ਼ਣ ਦੇ ਪੀੜਤਾਂ ਨੂੰ ਹਰ ਲੋੜੀਂਦੀ ਕਾਨੂੰਨੀ, ਭਾਵਨਾਤਮਕ ਅਤੇ ਪੁਨਰਵਾਸ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ। ਜੇਕਰ ਤੁਹਾਨੂੰ ਜਾਂ ਤੁਹਾਡੇ



ਕਿਸੇ ਜਾਣਕਾਰ ਨੂੰ ਮਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ। ਔਰਤਾਂ ਲਈ ਨਿਆਂ ਅਤੇ ਸੁਰੱਖਿਆ ਸਾਡੀ ਪ੍ਰਮੁੱਖ ਤਰਜੀਹ ਹੈ।"

# BSNL ਨੇ ਰਿਲਾਇੰਸ ਜੀਓ ਨੂੰ ਮੁਢਲਾ ਢਾਂਚਾ ਸਾਂਝਾ ਕਰਨ ਲਈ ਬਿਲ ਨਹੀਂ ਦਿਤਾ, ਸਰਕਾਰ ਨੂੰ 1,757 ਕਰੋੜ ਰੁਪਏ ਦਾ ਨੁਕਸਾਨ : ਕੈਗ

## BSNL ਮਈ 2014 ਤੋਂ ਲੈ ਕੇ ਹੁਣ ਤਕ 10 ਸਾਲਾਂ ਲਈ ਰਿਲਾਇੰਸ ਜੀਓ ਨੂੰ ਮੁਢਲਾ ਢਾਂਚਾ ਸਾਂਝਾ ਕਰਨ ਲਈ ਬਿਲ ਦੇਣ 'ਚ ਅਸਫਲ ਰਹੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਨਵੀਂ ਦਿੱਲੀ : ਭਾਰਤ ਦੇ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਨੇ ਮੰਗਲਵਾਰ ਨੂੰ ਕਿਹਾ ਕਿ ਸਰਕਾਰ ਨੂੰ 1,757.56 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਕਿਉਂਕਿ ਸਰਕਾਰੀ ਦੂਰਸੰਚਾਰ ਕੰਪਨੀ BSNL ਮਈ 2014 ਤੋਂ ਲੈ ਕੇ ਹੁਣ ਤਕ 10 ਸਾਲਾਂ ਲਈ ਰਿਲਾਇੰਸ ਜੀਓ ਨੂੰ ਮੁਢਲਾ ਢਾਂਚਾ ਸਾਂਝਾ ਕਰਨ ਲਈ ਬਿਲ ਦੇਣ 'ਚ ਅਸਫਲ ਰਹੀ ਹੈ।

ਭਾਰਤ ਦੇ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਨੇ ਇਕ ਬਿਆਨ ਵਿਚ ਕਿਹਾ ਕਿ BSNL ਨੂੰ 38.36 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਕਿਉਂਕਿ ਉਹ ਦੂਰਸੰਚਾਰ ਬੁਨਿਆਦੀ ਢਾਂਚਾ ਪ੍ਰਦਾਤਾਵਾਂ (ਟੀ.ਆਈ.ਪੀ.) ਨੂੰ ਅਦਾ ਕੀਤੇ ਗਏ ਮਾਲੀਆ ਹਿੱਸੇ ਵਿਚੋਂ ਲਾਇਸੈਂਸ ਫੀਸ ਦਾ ਹਿੱਸਾ ਕੱਟਣ ਵਿਚ ਅਸਫਲ ਰਹੀ ਹੈ।

ਕੈਗ ਨੇ ਕਿਹਾ ਕਿ BSNL ਰਿਲਾਇੰਸ ਜੀਓ ਇਨਫੋਕਾਮ ਲਿਮਟਿਡ (ਆਰ.ਜੇ.ਆਈ.ਐਲ.) ਨਾਲ ਮਾਸਟਰ ਸਰਵਿਸ ਸਮਝੌਤੇ (ਐਮ.ਐਸ.ਏ.) ਨੂੰ ਲਾਗੂ ਕਰਨ 'ਚ ਅਸਫਲ ਰਹੀ ਅਤੇ BSNL ਦੇ ਸਾਂਝੇ ਪੈਸਿਵ ਬੁਨਿਆਦੀ ਢਾਂਚੇ 'ਤੇ ਵਰਤੀ ਗਈ ਵਾਧੂ ਤਕਨਾਲੋਜੀ ਦਾ ਬਿਲ ਨਹੀਂ ਦਿਤਾ, ਜਿਸ ਦੇ ਨਤੀਜੇ ਵਜੋਂ ਮਈ 2014 ਤੋਂ ਮਾਰਚ 2024 ਦੇ ਵਿਚਕਾਰ ਸਰਕਾਰੀ ਖਜ਼ਾਨੇ ਨੂੰ 1,757.76 ਕਰੋੜ ਰੁਪਏ ਦਾ ਨੁਕਸਾਨ ਹੋਇਆ।

ਕੈਗ ਨੇ ਇਹ ਵੀ ਨੋਟ ਕੀਤਾ ਕਿ BSNL ਵਲੋਂ ਪੈਸਿਵ ਬੁਨਿਆਦੀ ਢਾਂਚਾ ਸਾਂਝਾ ਕਰਨ ਦੇ ਚਾਰਜ ਦੀ ਬਿਲਿੰਗ ਛੋਟੀ ਸੀ। ਬਿਆਨ 'ਚ ਕਿਹਾ ਗਿਆ ਹੈ, "BSNL ਵਲੋਂ ਆਰ.ਜੇ.ਆਈ.ਐਲ. ਨਾਲ ਐੱਮ.ਐੱਸ.ਏ. 'ਚ ਤੈਅ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਨਾ ਕਰਨ ਅਤੇ ਵਾਧੇ ਦੀ ਧਾਰਾ ਨੂੰ ਲਾਗੂ ਨਾ ਕਰਨ ਨਾਲ ਬੁਨਿਆਦੀ ਢਾਂਚਾ ਸਾਂਝਾ ਕਰਨ ਦੇ ਖਰਚਿਆਂ 'ਤੇ 29 ਕਰੋੜ ਰੁਪਏ (ਜੀ.ਐੱਸ.ਟੀ. ਸਮੇਤ) ਦੇ ਮਾਲੀਆ ਦਾ ਨੁਕਸਾਨ ਹੋਇਆ ਹੈ।

# ਆਈਐੱਸਆਈ ਨਾਲ ਸਬੰਧਤ ਕਾਰਕੁਨ ਹੈਂਡ ਗ੍ਰੇਨੇਡ ਸਣੇ ਕਾਬੂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਪੁਲੀਸ ਦੇ ਕਾਊਂਟਰ ਇੰਟੈਲੀਜੈਂਸ (ਸੀਆਈ) ਵਿੰਗ ਅੰਮ੍ਰਿਤਸਰ ਨੇ ਇਕ ਵਿਅਕਤੀ ਨੂੰ ਹੈਂਡ ਗ੍ਰੇਨੇਡ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਡੀਜੀਪੀ ਗੌਰਵ ਯਾਦਵ ਨੇ ਦਿੰਦਿਆਂ ਕਿਹਾ ਕਿ ਇਹ ਵਿਅਕਤੀ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ ( ਆ ਈ ਐ ਸ ਆ ਈ ) ਏਜੰਸੀ ਨਾਲ ਸਬੰਧਤ ਹੈ ਅਤੇ ਇਸ ਦੀ ਗ੍ਰਿਫਤਾਰੀ ਨਾਲ ਪੁਲੀਸ ਨੇ ਸੂਬੇ ਵਿੱਚ ਸੰਭਾਵੀ ਅਤਿਵਾਦੀ ਹਮਲੇ ਨੂੰ ਸਫਲਤਾਪੂਰਵਕ ਨਾਕਾਮ ਕਰ ਦਿੱਤਾ ਹੈ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਸ਼ਨਾਖਤ ਜੈਵੀਰ ਤਿਆਗੀ ਉਰਫ਼ ਜਾਵੇਦ ਵਾਸੀ ਪਿੰਡ ਬਰੋਲੀ, ਸਹਾਰਨਪੁਰ, ਉੱਤਰ ਪ੍ਰਦੇਸ਼ (ਯੂਪੀ) ਵਜੋਂ ਹੋਈ ਹੈ। ਉਹ ਮੌਜੂਦਾ ਸਮੇਂ ਲੁਧਿਆਣਾ ਰਹਿ ਰਿਹਾ ਸੀ। ਡੀਜੀਪੀ ਨੇ ਦੱਸਿਆ ਕਿ ਸੀਆਈ ਅੰਮ੍ਰਿਤਸਰ ਦੀ ਪੁਲੀਸ ਟੀਮ ਨੂੰ ਵਿਦੇਸ਼ ਆਧਾਰਿਤ ਵਿਅਕਤੀ ਸਹਿਲਾਮ, ਜੋ ਪਾਕਿ-ਆਈਐਸਆਈ ਏਜੰਸੀ ਲਈ ਕੰਮ ਕਰਦਾ ਹੈ ਅਤੇ ਉਸਦੇ ਚਚੇਰੇ ਭਰਾ ਜੈਵੀਰ ਤਿਆਗੀ ਵੱਲੋਂ ਸੂਬੇ ਦੀ ਸ਼ਾਂਤੀ ਨੂੰ ਭੰਗ ਕਰਨ ਲਈ ਵੱਖ-ਵੱਖ ਸ਼ਹਿਰਾਂ ਵਿੱਚ ਅਤਿਵਾਦੀ ਹਮਲਿਆਂ ਰਾਹੀਂ ਸਰਕਾਰੀ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਰਚਣ ਬਾਰੇ ਸੂਹ ਮਿਲੀ ਸੀ। ਇਹ ਵੀ ਖੁਲਾਸਾ ਹੋਇਆ ਸੀ ਕਿ ਜੈਵੀਰ ਤਿਆਗੀ ਨੇ ਅੰਮ੍ਰਿਤਸਰ ਦੇ ਇਲਾਕੇ ਤੋਂ ਹੈਂਡ ਗ੍ਰਨੇਡ ਦੀ ਖੇਪ ਵੀ ਪ੍ਰਾਪਤ ਕੀਤੀ ਹੈ ਅਤੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਉਹ ਆਪਣੇ ਹੋਰ ਸਾਥੀਆਂ ਦੀ ਉਡੀਕ ਕਰ ਰਿਹਾ ਹੈ। ਇਸ ਪੁਖ਼ਤਾ ਸੂਹ 'ਤੇ ਕਾਰਵਾਈ ਕਰਦੇ ਹੋਏ ਸੀਆਈ ਅੰਮ੍ਰਿਤਸਰ ਦੀ ਪੁਲੀਸ ਟੀਮ ਨੇ ਇੱਕ ਖੁਫੀਆ ਕਾਰਵਾਈ ਤਹਿਤ ਜੈਵੀਰ ਤਿਆਗੀ ਨੂੰ ਹੈਂਡ ਗ੍ਰਨੇਡ ਸਮੇਤ ਗ੍ਰਿਫ਼ਤਾਰ ਕਰ ਲਿਆ।

# ਪੀ.ਐਫ. ਕਢਵਾਉਣ ਲਈ ‘ਆਟੋ ਸੈਟਲਮੈਂਟ’ ਦੀ ਹੱਦ ਵਧਾ ਕੇ 5 ਲੱਖ ਰੁਪਏ ਕਰਨ ਦੀ ਤਿਆਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ INTERNATIONAL PAPER, 94636 01616 hardipchumber57@gmail.com

ਕਰਮਚਾਰੀ ਭਵਿੱਖ ਨਿਧੀ ਸੰਗਠਨ (ਈ.ਪੀ.ਐਫ.ਓ.) ਨੇ ਅਪਣੇ 7.5 ਕਰੋੜ ਮੈਂਬਰਾਂ ਦੇ ‘ਈਜ਼ ਆਫ ਲਿਵਿੰਗ’ ਦਾ ਵਿਸਥਾਰ ਕਰਨ ਲਈ ਆਟੋ ਸੈਟਲਮੈਂਟ ਆਫ ਐਡਵਾਂਸਡ ਕਲੇਮ (ਏ.ਐਸ.ਏ.ਸੀ.) ਦੀ ਹੱਦ ਨੂੰ ਮੌਜੂਦਾ 1 ਲੱਖ ਰੁਪਏ ਤੋਂ ਪੰਜ ਗੁਣਾ ਵਧਾਉਣ ਦਾ ਫੈਸਲਾ ਕੀਤਾ ਹੈ।

ਸੂਤਰਾਂ ਮੁਤਾਬਕ ਕਿਰਤ ਅਤੇ ਰੁਜ਼ਗਾਰ ਮੰਤਰਾਲੇ ਦੀ ਸਕੱਤਰ ਸੁਮਿਤਾ ਦਾਵਰਾ ਨੇ ਪਿਛਲੇ ਹਫਤੇ ਹੋਈ ਕੇਂਦਰੀ ਟਰੱਸਟੀ ਬੋਰਡ (ਸੀ.ਬੀ.ਟੀ.) ਦੀ ਕਾਰਜਕਾਰੀ ਕਮੇਟੀ (ਈ.ਸੀ.) ਦੀ 113ਵੀਂ ਬੈਠਕ ’ਚ ਇਸ ਸੀਮਾ ਨੂੰ ਇਕ ਲੱਖ ਰੁਪਏ ਤੋਂ ਵਧਾ ਕੇ 5 ਲੱਖ ਰੁਪਏ ਕਰਨ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿਤੀ ਸੀ। ਇਹ ਸੋਧ ਇਸ ਦੇ ਕਰੋੜਾਂ ਮੈਂਬਰਾਂ ਲਈ ਜੀਵਨ ਦੀ ਆਸਾਨੀ ਨੂੰ ਵਧਾਏਗੀ।

ਇਹ ਬੈਠਕ 28 ਮਾਰਚ ਨੂੰ ਜੰਮੂ-ਕਸ਼ਮੀਰ ਦੇ ਸ਼੍ਰੀਨਗਰ ’ਚ ਹੋਈ ਸੀ, ਜਿਸ ’ਚ ਈ.ਪੀ.ਐਫ.ਓ. ਦੇ ਕੇਂਦਰੀ ਪ੍ਰੋਵੀਡੈਂਟ ਫੰਡ ਕਮਿਸ਼ਨਰ ਰਮੇਸ਼ ਕ੍ਰਿਸ਼ਨਮੂਰਤੀ ਨੇ ਹਿੱਸਾ ਲਿਆ ਸੀ। ਹੁਣ ਸਿਫਾਰਸ਼ ਸੀ.ਬੀ.ਟੀ. ਦੀ ਮਨਜ਼ੂਰੀ ਲਈ ਜਾਵੇਗੀ। ਸੀ.ਬੀ.ਟੀ. ਦੀ ਮਨਜ਼ੂਰੀ ਤੋਂ ਬਾਅਦ ਈ.ਪੀ.ਐਫ.ਓ. ਮੈਂਬਰ ਏ.ਐਸ.ਏ.ਸੀ. ਰਾਹੀਂ 5 ਲੱਖ ਰੁਪਏ ਤਕ ਦਾ ਪੀ.ਐਫ. ਕਢਵਾ ਸਕਦੇ ਹਨ। ਦਾਅਵੇ ਦੇ ਨਿਪਟਾਰੇ ਦਾ ‘ਆਟੋ’ ਢੰਗ ਅਪ੍ਰੈਲ 2020 ’ਚ ਬਿਮਾਰੀ ਲਈ ਐਡਵਾਂਸ ਪ੍ਰਾਪਤ ਕਰਨ ਲਈ ਪੇਸ਼ ਕੀਤਾ ਗਿਆ ਸੀ।

ਮਈ 2024 ’ਚ ਈ.ਪੀ.ਐਫ.ਓ. ਨੇ ਐਡਵਾਂਸਡ ਕਲੇਮ ਲਿਮਟ ਹੇਠ ‘ਆਟੋ ਸੈਟਲਮੈਂਟ’ ਨੂੰ 50,000 ਰੁਪਏ ਤੋਂ ਵਧਾ ਕੇ 1 ਲੱਖ ਰੁਪਏ ਕਰ ਦਿਤਾ ਸੀ। ਈ.ਪੀ.ਐਫ.ਓ. ਨੇ 3 ਹੋਰ ਸ਼੍ਰੇਣੀਆਂ ਸਿੱਖਿਆ, ਵਿਆਹ ਅਤੇ ਰਿਹਾਇਸ਼ ਲਈ ਐਡਵਾਂਸ ਦਾਅਵਿਆਂ ਦਾ ‘ਆਟੋ’ ਤਰੀਕੇ ਰਾਹੀਂ ਨਿਪਟਾਰਾ ਵੀ ਸ਼ੁਰੂ ਕੀਤਾ ਹੈ। ਇਸ ਤੋਂ ਪਹਿਲਾਂ, ਮੈਂਬਰ ਸਿਰਫ ਬਿਮਾਰੀ/ ਹਸਪਤਾਲ ’ਚ ਭਰਤੀ ਹੋਣ ਦੇ ਉਦੇਸ਼ਾਂ ਲਈ ਅਪਣਾ ਪੀ.ਐਫ. ਕਢਵਾਉਣ ਦੇ ਯੋਗ ਸਨ।

ਆਟੋ-ਮੋਡ ਦਾਅਵਿਆਂ ’ਤੇ ਤਿੰਨ ਦਿਨਾਂ ਦੇ ਅੰਦਰ ਕਾਰਵਾਈ ਕੀਤੀ ਜਾਂਦੀ ਹੈ, 95 ਫ਼ੀ ਸਦੀ ਦਾਅਵਿਆਂ ਨੂੰ ਹੁਣ ਆਟੋਮੈਟਿਕ ਕੀਤਾ ਜਾਂਦਾ ਹੈ। ਈ.ਪੀ.ਐਫ.ਓ. ਨੇ ਚਾਲੂ ਵਿੱਤੀ ਸਾਲ ਦੌਰਾਨ 6 ਮਾਰਚ, 2025 ਤਕ 2.16 ਕਰੋੜ ਆਟੋ-ਦਾਅਵਿਆਂ ਦੇ ਨਿਪਟਾਰੇ ਦਾ ਇਤਿਹਾਸਕ ਪੱਧਰ ਹਾਸਲ ਕੀਤਾ, ਜੋ 2023-24 ’ਚ 89.52 ਲੱਖ ਸੀ। ਸੂਤਰਾਂ ਮੁਤਾਬਕ ਦਾਅਵਿਆਂ ਨੂੰ ਰੱਦ ਕਰਨ ਦਾ ਅਨੁਪਾਤ ਵੀ ਪਿਛਲੇ ਸਾਲ ਦੇ 50 ਫੀ ਸਦੀ ਤੋਂ ਘਟਾ ਕੇ 30 ਫੀ ਸਦੀ ਕਰ ਦਿਤਾ ਗਿਆ ਹੈ।

# ਪੰਜਾਬ ਪੁਲਿਸ ਨੇ ਪਾਕਿ-ISI ਨਾਲ ਸਬੰਧਤ ਕਾਰਕੁੰਨ ਨੂੰ ਗ੍ਰਿਫ਼ਤਾਰ ਕਰਕੇ ਸੰਭਾਵੀ ਅੱਤਵਾਦੀ ਹਮਲੇ ਨੂੰ ਕੀਤਾ ਨਾਕਾਮ; ਹੈਂਡ ਗ੍ਰਨੇਡ ਬਰਾਮਦ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ INTERNATIONAL PAPER, 94636 01616 hardipchumber57@gmail.com




ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ, ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈਐਸਆਈ) ਏਜੰਸੀ ਨਾਲ ਸਬੰਧਤ ਇੱਕ ਕਾਰਕੁੰਨ ਨੂੰ ਹੈਂਡ ਗ੍ਰੇਨੇਡ ਸਮੇਤ ਗ੍ਰਿਫ਼ਤਾਰ ਕਰਕੇ ਸੂਬੇ ਵਿੱਚ ਸੰਭਾਵੀ ਅੱਤਵਾਦੀ ਹਮਲੇ ਨੂੰ ਸਫਲਤਾਪੂਰਵਕ ਨਾਕਾਮ ਕਰ ਦਿੱਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਜੈਵੀਰ ਤਿਆਗੀ ਉਰਫ਼ ਜਾਵੇਦ ਵਾਸੀ ਪਿੰਡ ਬਰੋਲੀ, ਸਹਾਰਨਪੁਰ, ਉੱਤਰ ਪ੍ਰਦੇਸ਼ (ਯੂਪੀ) ਵਜੋਂ ਹੋਈ ਹੈ। ਉਹ ਮੌਜੂਦਾ ਸਮੇਂ ਲੁਧਿਆਣਾ ਵਿਖੇ ਰਹਿ ਰਿਹਾ ਸੀ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਸੀਆਈ ਅੰਮ੍ਰਿਤਸਰ ਦੀਆਂ ਟੀਮਾਂ ਨੂੰ ਵਿਦੇਸ਼ ਆਧਾਰਤ ਵਿਅਕਤੀ ਸਹਿਲਾਮ, ਜੋ ਕਿ ਪਾਕਿ-ਆਈਐਸਆਈ ਏਜੰਸੀ ਲਈ ਕੰਮ ਕਰਦਾ ਹੈ ਅਤੇ ਉਸਦੇ ਚਚੇਰੇ ਭਰਾ ਜੈਵੀਰ ਤਿਆਗੀ ਵੱਲੋਂ ਸੂਬੇ ਦੀ ਸ਼ਾਂਤੀ ਨੂੰ ਭੰਗ ਕਰਨ ਲਈ ਵੱਖ-ਵੱਖ ਸ਼ਹਿਰਾਂ ਵਿੱਚ ਅੱਤਵਾਦੀ ਹਮਲਿਆਂ ਰਾਹੀਂ ਸਰਕਾਰੀ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਰਚਣ ਬਾਰੇ ਸੂਹ ਮਿਲੀ ਸੀ।

ਸੂਹ ਤੋਂ ਇਹ ਵੀ ਖੁਲਾਸਾ ਹੋਇਆ ਕਿ ਜੈਵੀਰ ਤਿਆਗੀ ਨੇ ਅੰਮ੍ਰਿਤਸਰ ਦੇ ਇਲਾਕੇ ਤੋਂ ਹੈਂਡ ਗ੍ਰਨੇਡ ਦੀ ਖੇਪ ਵੀ ਪ੍ਰਾਪਤ ਕੀਤੀ ਹੈ ਅਤੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਉਹ, ਅੰਮ੍ਰਿਤਸਰ ਦੇ ਤਾਰਾਂ ਵਾਲਾ ਪੁਲ ਨੇੜੇ ਆਪਣੇ ਹੋਰ ਸਾਥੀਆਂ ਦੀ ਉਡੀਕ ਕਰ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਪੁਖ਼ਤਾ ਸੂਹ ’ਤੇ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ, ਸੀਆਈ ਅੰਮ੍ਰਿਤਸਰ ਦੀਆਂ ਪੁਲਿਸ ਟੀਮਾਂ ਨੇ ਇੱਕ ਖੁਫੀਆ ਕਾਰਵਾਈ ਤਹਿਤ ਦੋਸ਼ੀ ਜੈਵੀਰ ਤਿਆਗੀ ਨੂੰ ਹੈਂਡ ਗ੍ਰਨੇਡ ਸਮੇਤ ਗ੍ਰਿਫ਼ਤਾਰ ਕਰ ਲਿਆ।

ਡੀਜੀਪੀ ਨੇ ਕਿਹਾ ਕਿ ਹੋਰ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਦੋਸ਼ੀ ਜੈਵੀਰ ਪਿਛਲੇ 14-15 ਸਾਲਾਂ ਤੋਂ ਲੁਧਿਆਣਾ ਵਿੱਚ ਰਹਿ ਰਿਹਾ ਸੀ ਅਤੇ ਏਨਕ੍ਰਿਪਟਡ ਮੈਸੇਜਿੰਗ ਐਪਸ ਰਾਹੀਂ ਸਹਿਲਾਮ ਦੇ ਸੰਪਰਕ ਵਿੱਚ ਸੀ। ਜਾਂਚ ਤੋਂ ਇਹ ਖੁਲਾਸਾ ਵੀ ਹੋਇਆ ਹੈ ਕਿ ਸਹਿਲਾਮ ਦੇ ਨਿਰਦੇਸ਼ਾਂ ’ਤੇ ਹੀ ਦੋਸ਼ੀ ਜੈਵੀਰ ਨੇ ਗ੍ਰਨੇਡ ਪ੍ਰਾਪਤ ਕੀਤਾ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ।

ਇਸ ਸਬੰਧ ਵਿੱਚ , ਅਸਲਾ ਐਕਟ ਦੀ ਧਾਰਾ 25, ਵਿਸਫੋਟਕ ਪਦਾਰਥ ਐਕਟ ਦੀ ਧਾਰਾ 3, 4 ਅਤੇ 5, ਅਤੇ ਬੀਐਨਐਸ ਦੀ ਧਾਰਾ 61(2) ਅਤੇ 111 ਤਹਿਤ ਅੰਮ੍ਰਿਤਸਰ ਦੇ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਵਿਖੇ ਕੇਸ ਦਰਜ ਕੀਤਾ ਗਿਆ ਹੈ।

# ਨਵੇਂ ਭਰਤੀ ਅਧਿਆਪਕਾਂ ਨੇ ਪਾਰਦਰਸ਼ੀ ਢੰਗ ਨਾਲ ਨੌਕਰੀਆਂ ਦੇਣ ਲਈ ਮੁੱਖ ਮੰਤਰੀ ਦੀ ਕੀਤੀ ਸ਼ਲਾਘਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ INTERNATIONAL PAPER, 94636 01616 hardipchumber57@gmail.com



ਸਿੱਖਿਆ ਵਿਭਾਗ ਵਿੱਚ ਨਵੇਂ ਭਰਤੀ ਹੋਏ ਅਧਿਆਪਕਾਂ ਨੇ Punjab ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ ’ਤੇ ਨੌਕਰੀਆਂ ਦੇਣ ਲਈ ਸ਼ਲਾਘਾ ਕੀਤੀ।

ਸੰਗਰੂਰ ਦੀ ਸਿਮਰਨਜੀਤ ਸ਼ਰਮਾ ਨੇ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸ ਦੇ ਪਤੀ ਨੂੰ 2023 ਵਿੱਚ ਨਿਯੁਕਤੀ ਪੱਤਰ ਮਿਲਿਆ ਸੀ ਅਤੇ ਹੁਣ ਉਸ ਨੇ ਇਹ ਨੌਕਰੀ ਹਾਸਲ ਕਰ ਕੇ ਆਪਣੇ ਦਾਦਾ ਜੀ ਦਾ ਸੁਪਨਾ ਸਾਕਾਰ ਕੀਤਾ ਹੈ। ਉਸ ਨੇ ਕਿਹਾ ਕਿ ਇਸ ਦਾ ਸਾਰਾ ਸਿਹਰਾ ਮੁੱਖ ਮੰਤਰੀ ਨੂੰ ਜਾਂਦਾ ਹੈ, ਜਿਨ੍ਹਾਂ ਨੇ ਪੂਰੇ ਪਾਰਦਰਸ਼ੀ ਢੰਗ ਨਾਲ ਭਰਤੀ ਯਕੀਨੀ ਬਣਾਈ ਹੈ।

ਮਾਨਸਾ ਦੇ ਰਹਿਣ ਵਾਲੇ ਗਗਨਦੀਪ ਸਿੰਘ ਨੇ ਦੱਸਿਆ ਕਿ ਉਹ ਪ੍ਰਾਈਵੇਟ ਤੌਰ ‘ਤੇ ਕੰਮ ਕਰਦਾ ਸੀ ਅਤੇ ਲੰਬੇ ਸਮੇਂ ਤੋਂ ਨੌਕਰੀ ਲਈ ਕੋਸ਼ਿਸ਼ ਕਰ ਰਿਹਾ ਸੀ। ਉਸ ਨੇ ਕਿਹਾ ਕਿ ਇਸ ਤੋਂ ਪਹਿਲਾਂ ਉਸ ਦੇ ਪਰਿਵਾਰ ਦੇ ਕਿਸੇ ਵੀ ਮੈਂਬਰ ਕੋਲ ਸਰਕਾਰੀ ਨੌਕਰੀ ਨਹੀਂ ਸੀ। ਇਸ ਨੌਕਰੀ ਲਈ ਉਹ ਮੁੱਖ ਮੰਤਰੀ ਅਤੇ ਸੂਬਾ ਸਰਕਾਰ ਦੇ ਸਦਾ ਕਰਜ਼ਦਾਰ ਰਹਿਣਗੇ।

ਰਾਮਫਲ ਸਿੰਘ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਉਸ ਦੀ ਅਤੇ ਉਸ ਦੇ ਦੋਸਤ ਦੀ ਸਰਕਾਰੀ ਨੌਕਰੀ ਦੀ ਆਸ ਟੁੱਟ ਗਈ ਸੀ ਪਰ ਮੁੱਖ ਮੰਤਰੀ ਦੀ ਬਦੌਲਤ ਅੱਜ ਉਸ ਨੂੰ ਨੌਕਰੀ ਮਿਲੀ ਹੈ। ਉਸ ਨੇ ਕਿਹਾ ਕਿ ਮੌਜੂਦਾ ਸਰਕਾਰ ਦੌਰਾਨ ਉਸ ਨੂੰ ਤੀਜੀ ਨੌਕਰੀ ਮਿਲੀ ਹੈ, ਜੋ ਉਸ ਲਈ ਬਹੁਤ ਮਾਣ ਵਾਲੀ ਗੱਲ ਹੈ।

ਰੂਪਨਗਰ ਦੀ ਰਹਿਣ ਵਾਲੀ ਸੰਦੀਪ ਕੌਰ ਨੇ ਦੱਸਿਆ ਕਿ ਉਸ ਦੇ ਮਾਪਿਆਂ ਦਾ ਸੁਪਨਾ ਸੀ ਕਿ ਉਹ ਸਰਕਾਰੀ ਨੌਕਰੀ ਕਰੇ। ਉਸ ਨੇ ਕਿਹਾ ਕਿ ਮੁੱਖ ਮੰਤਰੀ ਦੀ ਬਦੌਲਤ ਇਹ ਸੁਪਨਾ ਪੂਰਾ ਹੋਇਆ ਹੈ ਕਿਉਂਕਿ ਇਸ ਤੋਂ ਪਹਿਲਾਂ ਉਸ ਦੇ ਪਤੀ ਨੂੰ ਵੀ ਇਸ ਸਰਕਾਰ ਦੌਰਾਨ ਨੌਕਰੀ ਮਿਲ ਚੁੱਕੀ ਹੈ।

ਮਾਨਸਾ ਦੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਨੂੰ ਮੌਜੂਦਾ ਸਰਕਾਰ ਵੇਲੇ ਹੀ ਪੰਜਾਬ ਪੁਲੀਸ ਵਿੱਚ ਨੌਕਰੀ ਮਿਲੀ ਸੀ ਪਰ ਹੁਣ ਮੁੜ ਅਧਿਆਪਕ ਵਜੋਂ ਨੌਕਰੀ ਮਿਲੀ ਹੈ। ਉਸ ਨੇ ਕਿਹਾ ਕਿ ਇਸ ਦਾ ਸਾਰਾ ਸਿਹਰਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਜਾਂਦਾ ਹੈ।

ਸੰਗਰੂਰ ਦੀ ਗੋਲੋ ਕੌਰ ਨੇ ਮੁੱਖ ਮੰਤਰੀ ਵੱਲੋਂ ਨੌਜਵਾਨਾਂ ਨੂੰ ਨੌਕਰੀਆਂ ਦੇਣ ਅਤੇ ਆਮ ਆਦਮੀ ਦਾ ਜੀਵਨ ਰੌਸ਼ਨ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਉਸ ਨੇ ਕਿਹਾ ਕਿ ਉਸ ਨੂੰ ਅਤੇ ਕਈ ਹੋਰਾਂ ਨੂੰ ਦਸ ਦਿਨਾਂ ਦੇ ਅੰਦਰ ਦੂਜੀ ਨੌਕਰੀ ਮਿਲੀ ਹੈ, ਜੋ ਬੇਮਿਸਾਲ ਪ੍ਰਾਪਤੀ ਹੈ।

ਪਟਿਆਲਾ ਤੋਂ ਰਵਨੀਤ ਕੌਰ ਨੇ ਕਰੋੜਾਂ ਪੰਜਾਬੀਆਂ ਦੇ ਸੁਪਨੇ ਸਾਕਾਰ ਕਰਨ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਉਸ ਨੇ ਕਿਹਾ ਕਿ ਇਹ ਨੌਕਰੀ ਦੇਣ ਲਈ ਉਹ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਸਰਕਾਰ ਦੀ ਹਮੇਸ਼ਾ ਰਿਣੀ ਰਹੇਗੀ।

# :ਰਾਮਵੀਰ ਆਈ.ਏ. ਐਸ ਹੋਣਗੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਨਵੇਂ ਸਕੱਤਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ INTERNATIONAL PAPER, 94636 01616 hardipchumber57@gmail.com

ਪੰਜਾਬ ਸਰਕਾਰ ਵੱਲੋਂ ਖਾਲੀ ਪਈ ਪੋਸਟ ਦਾ ਅੱਜ ਇੱਕ ਹੁਕਮ ਜਾਰੀ ਕਰਕੇ ਰਾਮਵੀਰ ਸਿੰਘ ਆਈਏਐਸ ( 2009 ਬੈਚ ) ਜੋ ਕਿ ਪੰਜਾਬ ਮੰਡੀਕਰਨ ਬੋਰਡ ਦੇ ਸੈਕਟਰੀ ਨੂੰ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਦਾ ਵੀ ਸੈਕਟਰੀ ਵਜੋਂ ਵਾਧੂ ਚਾਰਜ ਦੇ ਦਿੱਤਾ ਗਿਆ ਹੈ।



# ਡਰੱਗ ਮਾਫੀਆ ਖਿਲਾਫ ਲਗਾਤਾਰ ਸਖਤ ਕਾਰਵਾਈ ਕਰ ਰਹੀ ਹੈ ਮਾਨ ਸਰਕਾਰ, ਹੁਣ ਨਹੀਂ ਬਚ ਸਕੇਗਾ ਕੋਈ ਵੀ ਤਸਕਰ -ਮਨੀਸ਼ ਸਿਸੋਦੀਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ INTERNATIONAL PAPER, 94636 01616 hardipchumber57@gmail.com




ਆਮ ਆਦਮੀ ਪਾਰਟੀ (ਆਪ) ਦੇ ਕੌਮੀ ਆਗੂ ਅਤੇ ਪਾਰਟੀ ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ‘ਯੁੱਧ ਨਸ਼ਿਆਂ ਵਿਰੁੱਧ’ ਦੀ ਸ਼ਲਾਘਾ ਕਰਦਿਆਂ ਕਿਹਾ ਕਿ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਰਹਿਨੁਮਾਈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਅਸੀਂ ਪੰਜਾਬ ਵਿੱਚੋਂ ਨਸ਼ਿਆਂ ਦਾ ਖ਼ਾਤਮਾ ਕਰਾਂਗੇ।

ਮਨੀਸ਼ ਸਿਸੋਦੀਆ ਅਤੇ ‘ਆਪ’ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਮੰਗਲਵਾਰ ਨੂੰ ਲੁਧਿਆਣਾ ‘ਚ ਇਸ ਮੁੱਦੇ ‘ਤੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ। ਉਨ੍ਹਾਂ ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ 360 ਰਣਨੀਤੀ ਬਾਰੇ ਦੱਸਦਿਆਂ ਕਿਹਾ ਕਿ ਅੱਜ ਅਰਵਿੰਦ ਕੇਜਰੀਵਾਲ ਅਤੇ ਸੰਗਠਨ ਦੇ ਆਗੂਆਂ ਨਾਲ ਹੋਈ ਮੀਟਿੰਗ ਦੌਰਾਨ ਇਹ ਫੈਸਲਾ ਕੀਤਾ ਗਿਆ ਕਿ ਹੁਣ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਦਾ ਸੰਗਠਨ ਪੰਜਾਬ ਵਿੱਚੋਂ ਨਸ਼ੇ ਨੂੰ ਜਲਦੀ ਤੋਂ ਜਲਦੀ ਖ਼ਤਮ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਦੂਜਿਆਂ ਪਾਰਟੀਆਂ ਦੇ ਸੰਗਠਨ ਦੀ ਮੀਟਿੰਗਾਂ ਵਿੱਚ ਸੱਤਾ ਹਾਸਿਲ ਕਰਨ ਬਾਰੇ ਚਰਚਾ ਕੀਤੀ ਜਾਂਦੀ ਹੈ, ਜਦੋਂ ਕਿ ਆਮ ਆਦਮੀ ਪਾਰਟੀ ਦੀਆਂ ਮੀਟਿੰਗਾਂ ਵਿੱਚ ਲੋਕਾਂ ਨਾਲ ਸਬੰਧਤ ਮੁੱਦਿਆਂ ’ਤੇ ਚਰਚਾ ਕੀਤੀ ਜਾਂਦੀ ਹੈ। ਕਾਂਗਰਸ, ਭਾਜਪਾ ਅਤੇ ਅਕਾਲੀ ਦਲ ‘ਤੇ ਦੋਸ਼ ਲਾਉਂਦਿਆਂ ਸਿਸੋਦੀਆ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਨਸ਼ਾ ਤਸਕਰਾਂ ਨੂੰ ਸਿਆਸੀ ਸੁਰੱਖਿਆ ਦੇਣ ਕਾਰਨ ਹੀ ਪੰਜਾਬ ‘ਚ ਨਸ਼ਾ ਫੈਲਿਆ। ਇਸ ਦੇ ਨਾਲ ਹੀ ‘ਆਪ’ ਸਰਕਾਰ ਨਸ਼ਿਆਂ ਨਾਲ ਜੁੜੇ ਲੋਕਾਂ ਖਿਲਾਫ ਸਖਤ ਕਾਰਵਾਈ ਕਰ ਰਹੀ ਹੈ ਅਤੇ ਸਮੱਗਲਰਾਂ ਨੂੰ ਗ੍ਰਿਫਤਾਰ

ਪਿਛਲੀਆਂ ਸਰਕਾਰਾਂ ਨੇ ਨਸ਼ਾ ਤਸਕਰਾਂ ਨੂੰ ਬਚਾਉਣ ਲਈ ਪੰਜਾਬ ਪੁਲਿਸ ਦੀ ਵਰਤੋਂ ਕੀਤੀ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਪੁਲਿਸ ਰਾਹੀਂ ਨਸ਼ਿਆਂ ਦਾ ਖਾਤਮਾ ਕਰ ਰਹੀ ਹੈ। ਪਿਛਲੇ ਇੱਕ ਮਹੀਨੇ ਦੌਰਾਨ ਨਸ਼ਾ ਤਸਕਰਾਂ ਖ਼ਿਲਾਫ਼ 2500 ਦੇ ਕਰੀਬ ਕੇਸ ਦਰਜ ਕੀਤੇ ਗਏ ਹਨ ਅਤੇ 4500 ਦੇ ਕਰੀਬ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦੇ ਨਾਲ ਹੀ ਨਸ਼ਾ ਤਸਕਰਾਂ ਦੇ 54 ਘਰ ਢਾਹ ਦਿੱਤੇ ਗਏ ਅਤੇ 51 ਐਨਕਾਊਂਟਰ ਕੀਤੇ ਗਏ।

ਇਸ ਤੋਂ ਇਲਾਵਾ ਕਰੀਬ 65 ਲੱਖ ਰੁਪਏ ਦੀ ਡਰੱਗ ਮਨੀ ਅਤੇ 7 ਲੱਖ ਨਸ਼ੀਲੇ ਕੈਪਸੂਲ ਅਤੇ ਭਾਰੀ ਮਾਤਰਾ ਵਿੱਚ ਹੋਰ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ। ਇਹ ਅੰਕੜੇ ਦੱਸਦੇ ਹਨ ਕਿ

ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਨਸ਼ਿਆਂ ਨਾਲ ਜੁੜੇ ਲੋਕਾਂ ਨੂੰ ਹੁਣ ਆਪਣਾ ਕਾਰੋਬਾਰ ਬੰਦ ਕਰਨਾ ਪਵੇਗਾ ਨਹੀਂ ਤਾਂ ਜੇਲ੍ਹ ਜਾਣ ਲਈ ਤਿਆਰ ਰਹਿਣਾ ਪਵੇਗਾ। ਆਪ ਸਰਕਾਰ ਵਿੱਚ ਇੱਕ ਵੀ ਨਸ਼ਾ ਤਸਕਰ ਬਖਸ਼ਿਆ ਨਹੀਂ ਜਾਵੇਗਾ।

ਸਿਸੋਦੀਆ ਨੇ ਕਿਹਾ ਕਿ ਭਲਕੇ (ਬੁੱਧਵਾਰ) ਲੁਧਿਆਣਾ ਤੋਂ ਨਸ਼ਿਆਂ ਵਿਰੁੱਧ ਇੱਕ ਹੋਰ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ। ਕੱਲ੍ਹ ਹਜ਼ਾਰਾਂ ਐਨ.ਸੀ.ਸੀ ਅਤੇ ਐਨ.ਐਸ.ਐਸ ਦੇ ਬੱਚੇ ਨਸ਼ੇ ਨਾ ਕਰਨ ਦੀ ਸਹੁੰ ਚੁੱਕਣਗੇ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਨਸ਼ਾ ਨਾ ਕਰਨ ਲਈ ਪ੍ਰੇਰਿਤ ਕਰਨਗੇ।

ਸਿਸੋਦੀਆ ਨੇ ਕਿਹਾ ਕਿ ਇਹ ਬੱਚੇ ਭਲਕੇ ਲੁਧਿਆਣਾ ਦੀਆਂ ਸੜਕਾਂ ‘ਤੇ ਉਤਰ ਕੇ ਦੁਕਾਨਦਾਰਾਂ, ਰਾਹਗੀਰਾਂ ਅਤੇ ਸਥਾਨਕ ਲੋਕਾਂ ਨੂੰ ਨਸ਼ਾ ਨਾ ਕਰਨ ਦੀ ਸਹੁੰ ਚੁਕਾਉਣਗੇ ਅਤੇ ਪੂਰੇ ਸ਼ਹਿਰ ‘ਚ ਨਸ਼ਿਆਂ ਵਿਰੁੱਧ ਮੁਹਿੰਮ ਚਲਾਉਣਗੇ। ਇਸ ਤੋਂ ਇਲਾਵਾ ਭਲਕੇ ਤੋਂ ਆਮ ਆਦਮੀ ਪਾਰਟੀ ਦੇ ਸਮੂਹ ਵਰਕਰ ਵੀ ਆਪੋ-ਆਪਣੇ ਇਲਾਕਿਆਂ ਵਿੱਚ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਸਾਡੇ ਵਰਕਰਾਂ ਨੂੰ ਰਾਜਨੀਤਕ, ਧਾਰਮਿਕ ਅਤੇ ਆਰਥਿਕ ਸਮੱਸਿਆਵਾਂ ਦਾ ਨੇੜਿਓਂ ਅਧਿਐਨ ਕਰਨਾ ਚਾਹੀਦਾ ਹੈ।

ਜੁਲਾਈ 1953 ਵਿੱਚ, ਡਾ. ਬਾਬਾ ਸਾਹਿਬ ਅੰਬੇਡਕਰ ਨੇ ਮਰਾਠਵਾੜਾ ਅਨੁਸੂਚਿਤ ਜਾਤੀਆਂ ਫੈਡਰੇਸ਼ਨ ਦੀ ਤਰਫੋਂ ਮਰਾਠਵਾੜਾ ਖੇਤਰ ਦੇ ਵਰਕਰਾਂ ਦੀ ਇੱਕ ਮੀਟਿੰਗ ਦੀ ਅਗਵਾਈ ਕੀਤੀ।



ਡਾ. ਬਾਬਾ ਸਾਹਿਬ ਅੰਬੇਡਕਰ ਨੇ ਆਪਣੇ ਭਾਸ਼ਣ ਵਿੱਚ ਕਿਹਾ:

ਕਾਰਕੁਨਾਂ ਦਾ ਮੰਨਣਾ ਸ਼ੁਰੂ ਹੋ ਗਿਆ ਹੈ ਕਿ ਚੋਣਾਂ ਰਾਜਨੀਤੀ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਚੋਣਾਂ ਤੋਂ ਬਿਨਾਂ ਰਾਜਨੀਤੀ ਦਾ ਕੋਈ ਅਰਥ ਨਹੀਂ ਹੁੰਦਾ। ਇਸ ਲਈ ਚੋਣਾਂ ਦੇ ਸਮੇਂ ਹਰ ਕੋਈ ਟਿਕਟ ਲੈਣ ਦੀ ਕੋਸ਼ਿਸ਼ ਵਿੱਚ ਰੁੱਝਿਆ ਹੋਇਆ ਹੈ ਅਤੇ ਜਿਵੇਂ ਹੀ ਚੋਣਾਂ ਖਤਮ ਹੁੰਦੀਆਂ ਹਨ, ਹਰ ਕੋਈ ਬੈਠ ਜਾਂਦਾ ਹੈ। ਪਰ ਰਾਜਨੀਤੀ ਸਮੁੱਚੇ ਸਮਾਜਿਕ ਜੀਵਨ ਦਾ ਇੱਕ ਛੋਟਾ ਜਿਹਾ ਹਿੱਸਾ ਹੈ। ਸਿਆਸਤ ਹੀ ਸਭ ਕੁਝ ਨਹੀਂ ਹੁੰਦੀ। ਸੱਚ ਦੱਸਾਂ ਤਾਂ ਰਾਜਨੀਤੀ ਹੀ ਬਾਕੀ ਰਹਿੰਦੀ ਹੈ। ਸਿਆਸਤ ਸਿਰਫ਼ ਸਮਾਜ ਦੀ ਬਿਹਤਰੀ ਲਈ ਨਹੀਂ ਹੈ। ਸਮਾਜ ਦੇ ਵਿਕਾਸ ਦੇ ਕਈ ਕਾਰਨ ਹਨ। ਸਮਾਜਿਕ ਅਤੇ ਆਰਥਿਕ ਮੁੱਦੇ ਘੱਟ ਮਹੱਤਵਪੂਰਨ ਨਹੀਂ ਹਨ। ਮਜ਼ਦੂਰਾਂ ਨੂੰ ਇਹ ਸਮਝਣਾ ਹੋਵੇਗਾ ਕਿ ਸਮਾਜ ਦੀ ਸਮੁੱਚੀ ਪ੍ਰਗਤੀ ਲਈ ਇਨ੍ਹਾਂ ਸਾਰੀਆਂ ਗੱਲਾਂ ਉੱਤੇ ਬਰਾਬਰ ਧਿਆਨ ਦੇਣਾ ਜ਼ਰੂਰੀ ਹੈ।

ਜਦੋਂ ਵਰਕਰ ਰਾਜਨੀਤੀ ਨੂੰ ਮਹੱਤਵਪੂਰਨ ਮੰਨਦੇ ਹਨ, ਤਾਂ ਉਹ ਮਹਿਸੂਸ ਕਰਦੇ ਹਨ ਕਿ ਚੋਣਾਂ ਦੇ ਸਮੇਂ ਟਿਕਟ ਪ੍ਰਾਪਤ ਕਰਨ ਲਈ ਸੰਘਰਸ਼ ਕਰਨਾ, ਟਿਕਟ ਨਾ ਮਿਲਣ 'ਤੇ ਸਮਾਜ ਨੂੰ ਪਾੜਨ ਦਾ ਕੰਮ ਕਰਨਾ, ਚੋਣ ਹਾਰਨ' ਤੇ ਨਿਰਾਸ਼ ਹੋ ਕੇ ਸੌਣਾ ਅਤੇ ਜਿੱਤਣ 'ਤੇ ਵਿਧਾਨ ਸਭਾ ਵਿੱਚ ਮੂੰਹ ਸਿਲ ਕੇ ਬੈਠ ਜਾਣਾ ਰਾਜਨੀਤੀ ਵਿੱਚ ਓਨਾ ਹੀ ਕੰਮ ਹੈ।

ਵਿਧਾਨ ਸਭਾ ਲਗਭਗ ਦੋ ਸਾਲਾਂ ਤੋਂ ਹੈਦਰਾਬਾਦ ਖੇਤਰ ਵਿੱਚ ਕੰਮ ਕਰ ਰਹੀ ਹੈ। ਇਸ ਖੇਤਰ ਤੋਂ ਰਾਖਵੀਆਂ ਸੀਟਾਂ ਲਈ ਅਛੂਤ ਭਾਈਚਾਰੇ ਦੇ ਕੁੱਲ 31 ਉਮੀਦਵਾਰ ਚੁਣੇ ਗਏ ਹਨ। ਪਰ ਉਨ੍ਹਾਂ ਨੇ ਪਿਛਲੇ ਦੋ ਸਾਲਾਂ ਵਿੱਚ ਕੀ ਕੀਤਾ ਹੈ? ਸਭਾ ਤਿੰਨ ਤਰੀਕਿਆਂ ਨਾਲ ਕੰਮ ਕਰਦੀ ਹੈ। ਵਿਧਾਨ ਸਭਾ ਵਿੱਚ ਪ੍ਰਸਤਾਵ ਰੱਖਣਾ, ਬਿੱਲ ਰੱਖਣਾ ਅਤੇ ਬਜਟ ਦਾ ਅਧਿਐਨ ਕਰਨਾ ਅਤੇ ਇਸ 'ਤੇ ਬੋਲਣਾ। ਕੀ ਇਨ੍ਹਾਂ ਵਿਚੋਂ ਕਿਸੇ ਵੀ ਉਮੀਦਵਾਰ ਨੇ ਕੋਈ ਵੀ ਇੱਕ ਅੱਧ ਗੱਲ ਕੀਤੀ ਹੈ? ਘੱਟੋ-ਘੱਟ ਮੈਂ ਨਹੀਂ ਵੇਖੇ। ਵਿਧਾਨ ਸਭਾ ਦੇ ਕੰਮਕਾਜ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਨਹੀਂ ਆਉਂਦੀਆਂ, ਇਸ ਲਈ ਸ਼ਾਇਦ ਮੈਂ ਉਨ੍ਹਾਂ ਬਾਰੇ ਕੁਝ ਨਹੀਂ ਜਾਣਦਾ। ਇਸ ਦਾ ਮਤਲਬ ਇਹ ਹੈ ਕਿ ਵਿਧਾਨ ਸਭਾ ਲਈ ਚੁਣੇ ਜਾਣ ਤੋਂ ਬਾਅਦ ਸਾਡੇ ਉਮੀਦਵਾਰਾਂ ਨੂੰ ਘੱਟੋ-ਘੱਟ ਇਹ ਕੰਮ ਤਾਂ ਕਰਨੇ ਚਾਹੀਦੇ ਹਨ। ਜੇਕਰ ਵਰਕਰਾਂ ਦੇ ਸਾਹਮਣੇ ਰਾਜਨੀਤੀ ਮੁੱਖ ਉਦੇਸ਼ ਰਿਹਾ ਹੈ ਤਾਂ ਉਨ੍ਹਾਂ ਨੇ ਉੱਥੇ ਵੀ ਕੋਈ ਕੰਮ ਨਹੀਂ ਕੀਤਾ। ਘੱਟੋ-ਘੱਟ ਮੈਂ ਉਸ ਨੂੰ ਇੰਜ ਹੀ ਦੇਖਿਆ-ਜਾਣਿਆ ਹੈ।

ਜੇ ਇਹ ਲੋਕ ਯਕੀਨ ਨਾਲ ਫੈਸਲਾ ਕਰਦੇ ਹਨ ਕਿ ਉਹ ਇਕਜੁੱਟ ਹੋ ਕੇ ਕੰਮ ਕਰਨਗੇ, ਤਾਂ ਮੈਨੂੰ ਯਕੀਨ ਹੈ ਕਿ ਨਾ ਸਿਰਫ਼ ਕਾਂਗਰਸ ਸਰਕਾਰ ਬਲਕਿ ਹੋਰ ਪਾਰਟੀਆਂ ਵੀ ਸਾਡੇ ਲੋਕਾਂ ਤੋਂ ਡਰਨਗੀਆਂ।

ਸਾਨੂੰ ਜੋ ਰਾਖਵੇਂ ਸਥਾਨ ਮਿਲੇ ਹਨ, ਉਹ ਅਛੂਤ ਸਮਾਜ ਦੇ ਲਾਭ ਲਈ ਹਨ। ਜਿਨ੍ਹਾਂ ਨੂੰ ਅਸੀਂ ਆਪਣੇ ਫ਼ਾਇਦੇ ਲਈ ਸੰਸਦ ਵਿੱਚ ਭੇਜਿਆ ਹੈ, ਜਿਨ੍ਹਾਂ ਉੱਤੇ ਅਸੀਂ ਭਰੋਸਾ ਕਰਦੇ ਹਾਂ, ਕੀ ਉਨ੍ਹਾਂ ਨੂੰ ਅਛੂਤ ਸਮਾਜ ਦੇ ਹਿੱਤਾਂ ਲਈ ਨਹੀਂ ਲੜਨਾ ਚਾਹੀਦਾ? ਮੇਰਾ ਗਾਂਧੀ ਦਾ ਵਿਰੋਧ ਜਾਂ ਕਾਂਗਰਸ ਅਤੇ ਦੇਸ਼ ਦੇ ਲੋਕਾਂ ਦਾ ਵਿਰੋਧ ਇਸੇ ਕਾਰਨ ਹੈ। ਇਸ ਦਾ ਕਾਰਨ ਇਹ ਹੈ ਕਿ ਉਹ ਅਛੂਤਾਂ ਦੇ ਲਾਭ ਲਈ ਕੁਝ ਨਹੀਂ ਕਰ ਸਕਦੇ। ਇਸ ਦੇਸ਼ ਦੀ ਸਰਕਾਰ ਅਤੇ ਜਨਤਾ ਨੇ ਸਾਡੀ ਗੱਲ ਸੁਣੀ, ਸਾਡੀਆਂ ਮੰਗਾਂ ਮੰਨੀਆਂ ਗਈਆਂ ਤਾਂ ਵਿਰੋਧ ਕਰਨ ਜਾਂ ਲੜਨ ਦਾ ਕੋਈ ਕਾਰਨ ਨਹੀਂ ਰਹੇਗਾ, ਪਰ ਅਜਿਹਾ ਨਹੀਂ ਹੁੰਦਾ ਅਤੇ ਸਾਨੂੰ ਲੜਨਾ ਹੀ ਪੈਂਦਾ ਹੈ। ਜੇ ਕੋਈ ਰਾਜਨੀਤੀ ਵਿੱਚ ਆਉਣਾ ਚਾਹੁੰਦਾ ਹੈ, ਤਾਂ ਉਸ ਨੂੰ ਪਹਿਲਾਂ ਰਾਜਨੀਤੀ ਬਾਰੇ ਚੰਗੀ ਤਰ੍ਹਾਂ ਸਿੱਖਣਾ ਪਵੇਗਾ। ਸਿੱਖਿਆ ਤੋਂ ਬਿਨਾਂ ਕੁੱਝ ਵੀ ਸੰਭਵ ਨਹੀਂ ਹੈ। ਸਾਡੇ ਸਮਾਜ ਦੇ ਹਰੇਕ ਵਰਕਰ ਨੂੰ ਰਾਜਨੀਤਕ, ਧਾਰਮਿਕ ਅਤੇ ਆਰਥਿਕ ਸਮੱਸਿਆਵਾਂ ਦਾ ਨੇੜਿਓਂ ਅਧਿਐਨ ਕਰਨਾ ਚਾਹੀਦਾ ਹੈ। ਜਿਹੜੇ ਨੇਤਾ ਬਣਨਾ ਚਾਹੁੰਦੇ ਹਨ, ਉਨ੍ਹਾਂ ਨੂੰ ਨੇਤਾ ਦੇ ਕਰਤੱਵਾਂ, ਨੇਤਾ ਦੀਆਂ ਜ਼ਿੰਮੇਵਾਰੀਆਂ ਦਾ ਧਿਆਨ ਰੱਖਣਾ ਚਾਹੀਦਾ ਹੈ। ਕਿਉਂਕਿ ਸਾਡੇ ਸਮਾਜ ਦੇ ਨੇਤਾਵਾਂ ਦੀਆਂ ਬਹੁਤ ਵੱਡੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ। ਹੋਰ ਸਮਾਜਾਂ ਦੇ ਆਗੂ ਸਾਡੇ ਸਮਾਜ ਦੇ ਨੇਤਾਵਾਂ ਵਰਗੇ ਨਹੀਂ ਹਨ। ਭਾਈਚਾਰੇ ਦੇ ਹੋਰ ਆਗੂ ਮੀਟਿੰਗ ਵਿੱਚ ਜਾਂਦੇ ਹਨ, ਲੰਬੇ ਭਾਸ਼ਣ ਦਿੰਦੇ ਹਨ, ਤਾੜੀਆਂ ਇਕੱਠੀਆਂ ਕਰਦੇ ਹਨ ਅਤੇ ਅੰਤ ਵਿੱਚ ਆਪਣੀਆਂ ਗਰਦਨਾਂ ਵਿੱਚ ਮਾਲਾ ਪਵਾ ਕੇ ਘਰ ਪਰਤਦੇ ਹਨ। ਇਹੀ ਗੱਲ ਭਾਈਚਾਰੇ ਦੇ ਹੋਰ ਆਗੂਆਂ ਉੱਤੇ ਲਾਗੂ ਹੁੰਦੀ ਹੈ। ਤੁਹਾਡੇ ਸਮਾਜ ਦੇ ਆਗੂ ਇੰਨਾ ਕੁਝ ਨਹੀਂ ਕਰਨਗੇ। ਸਾਡੇ ਨੇਤਾਵਾਂ ਨੂੰ ਚੰਗੀ ਤਰ੍ਹਾਂ ਪੜ੍ਹਨਾ ਪਏਗਾ, ਚੰਗੀ ਤਰ੍ਹਾਂ ਸੋਚਣਾ ਪਏਗਾ, ਸਮਾਜ ਦੀ ਪ੍ਰਗਤੀ ਲਈ ਦਿਨ ਰਾਤ ਮਿਹਨਤ ਕਰਨੀ ਪਵੇਗੀ, ਤਾਂ ਹੀ ਉਹ ਲੋਕਾਂ ਲਈ ਕੁਝ ਚੰਗਾ ਕਰ ਸਕਣਗੇ। ਉਹ ਅਸਲੀ ਆਗੂ ਹੋ ਸਕਦੇ ਹਨ।

ਤੁਸੀਂ ਸੋਚਦੇ ਹੋ ਕਿ ਨੇਤਾ ਬਣਨਾ ਆਸਾਨ ਹੈ। ਪਰ ਮੈਨੂੰ ਲੱਗਦਾ ਹੈ ਕਿ ਨੇਤਾ ਬਣਨਾ ਬਹੁਤ ਮੁਸ਼ਕਲ ਹੈ। ਮੇਰੇ ਲਈ ਨੇਤਾ ਬਣਨਾ ਬਹੁਤ ਮੁਸ਼ਕਿਲ ਹੈ। ਆਗੂ ਬਣਨਾ ਕਿਸੇ ਹੋਰ ਦਾ ਆਗੂ ਬਣਨਾ ਨਹੀਂ ਹੈ। ਜਦੋਂ ਮੈਂ ਅੰਦੋਲਨ ਸ਼ੁਰੂ ਕੀਤਾ ਸੀ ਤਾਂ ਕਿਸੇ ਵੀ ਤਰ੍ਹਾਂ ਦਾ ਕੋਈ ਸੰਗਠਨ ਨਹੀਂ ਸੀ। ਮੈਨੂੰ ਸਭ ਕੁਝ ਆਪਣੇ ਆਪ ਕਰਨਾ ਪਿਆ। ਮੈਨੂੰ ਆਪਣੇ ਆਪ ਨੂੰ ਸੰਗਠਿਤ ਕਰਨਾ ਪਿਆ। ਜਦੋਂ ਮੈਂ ਇੱਕ ਅਖ਼ਬਾਰ ਸ਼ੁਰੂ ਕਰਨਾ ਚਾਹੁੰਦਾ ਸੀ ਤਾਂ ਮੈਨੂੰ ਇਹ ਖੁਦ ਕਰਨਾ ਪੈਂਦਾ ਸੀ। ਇਸ ਲਈ ਮੈਨੂੰ 'ਮੂਕਨਾਇਕ', 'ਬਹਿਸ਼ਕ੍ਰਿਤ ਭਾਰਤ', 'ਜਨਤਾ' ਆਦਿ ਅਖ਼ਬਾਰ ਚਲਾਉਣੇ ਪਏ। ਮੈਨੂੰ ਪ੍ਰੈੱਸ ਚਲਾਉਣੀ ਸੀ, ਫਿਰ ਪ੍ਰੈੱਸ ਚਲਾਉਣ ਦੀ ਸਾਰੀ ਤਿਆਰੀ ਮੈਨੂੰ ਖੁਦ ਕਰਨੀ ਸੀ। ਸੰਖੇਪ ਵਿੱਚ, ਮੈਨੂੰ ਸਭ ਕੁਝ ਸ਼ੁਰੂ ਤੋਂ ਹੀ ਬਣਾਉਣਾ ਪਿਆ। ਮੈਂ ਇਹ ਨਹੀਂ ਕਹਿ ਰਿਹਾ ਕਿ ਸਭ ਕੁਝ ਠੀਕ ਹੈ। ਮੇਰਾ ਨੁਕਤਾ ਇਹ ਹੈ ਕਿ ਜੋ ਹੋਇਆ ਉਹ ਉਸ ਦਾ ਪ੍ਰਤੀਸ਼ਤ ਵੀ ਨਹੀਂ ਹੈ ਜੋ ਹੋਣਾ ਚਾਹੀਦਾ ਸੀ। ਹਾਲੇ ਬਹੁਤ ਕੁਝ ਕਰਨਾ ਬਾਕੀ ਹੈ। ਸਾਡੇ ਸਾਹਮਣੇ ਇੱਕ ਲੰਮਾ ਰਸਤਾ ਹੈ। ਹੁਣ ਤੱਕ ਜੋ ਕੁਝ ਵੀ ਹੋਇਆ ਹੈ, ਉਹ ਇਸ ਤਰ੍ਹਾਂ ਹੈ ਜਿਵੇਂ ਅੰਦੋਲਨ ਦਾ ਇੱਕ ਪੌਦਾ ਲਾਇਆ ਗਿਆ ਹੋਵੇ। ਸਾਨੂੰ ਇਸ ਨੂੰ ਇੱਕ ਰੁੱਖ ਬਣਾਉਣਾ ਹੈ।ਭਾਵ ਸਾਡੇ ਨੇਤਾਵਾਂ ਉੱਤੇ ਬਹੁਤ ਵੱਡੀ ਜ਼ਿੰਮੇਵਾਰੀ ਹੈ।

ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ, ਉਨ੍ਹਾਂ ਦੇ ਸੰਗਠਨ ਦਾ ਨਿਰਮਾਣ ਕਰਨਾ ਇੱਕ ਬਹੁਤ ਮਹੱਤਵਪੂਰਨ ਕੰਮ ਹੈ। ਹਰ ਆਗੂ ਨੂੰ ਅਜਿਹਾ ਕਰਨਾ ਚਾਹੀਦਾ ਹੈ। ਸਾਡੇ ਵਰਕਰਾਂ ਲਈ ਸਬਰ ਰੱਖਣਾ ਬਹੁਤ ਜ਼ਰੂਰੀ ਹੈ। ਜਿਸ ਵਿੱਚ ਸਬਰ ਨਹੀਂ ਹੁੰਦਾ, ਉਹ ਨੇਤਾ ਨਹੀਂ ਹੋ ਸਕਦਾ। ਇੱਕ ਆਦਮੀ ਜੋ ਮਰਨ ਲਈ ਤਿਆਰ ਹੈ ਉਹ ਕਦੇ ਨਹੀਂ ਮਰਦਾ, ਅਤੇ ਜੋ ਮੌਤ ਤੋਂ ਡਰਦਾ ਹੈ ਉਹ ਪਹਿਲਾਂ ਹੀ ਮਰ ਚੁੱਕਾ ਹੈ। ਇਸ ਦੇਸ਼ ਦੇ ਹਿੰਦੂ ਸਾਨੂੰ ਬਹੁਤ ਮੁਸੀਬਤ ਦੇਣਗੇ। ਸਾਡੇ ਰਾਹ ਵਿੱਚ ਬਹੁਤ ਸਾਰੀਆਂ ਰੁਕਾਵਟਾਂ ਆਉਣਗੀਆਂ। ਪਰ ਕਿਸੇ ਵੀ ਹਾਲਤ ਵਿੱਚ, ਸਾਨੂੰ ਉਸ ਮਾਰਗ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨਾ ਕਦੇ ਨਹੀਂ ਛੱਡਣਾ ਚਾਹੀਦਾ ਜਿਸ ਨੂੰ ਅਸੀਂ ਮਨੁੱਖਤਾ ਕਹਿੰਦੇ ਹਾਂ। ਇਸ ਲਈ ਸਾਡੇ ਸਾਰੇ ਵਰਕਰਾਂ ਲਈ ਸਬਰ ਰੱਖਣਾ ਮਹੱਤਵਪੂਰਨ ਹੈ। ਸਾਨੂੰ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਸਨਮਾਨਜਨਕ ਵਿਵਹਾਰ ਕਰਨਾ ਸਾਡਾ ਸਭ ਤੋਂ ਵੱਡਾ ਫਰਜ਼ ਹੈ। ਸਾਡਾ ਅੰਦੋਲਨ ਇਸੇ ਲਈ ਹੈ। ਇਸ ਲਈ ਆਪਣੇ ਆਪ ਨੂੰ ਸਖ਼ਤ ਮਿਹਨਤ ਲਈ ਤਿਆਰ ਕਰੋ।

ਦੂਜੀ ਮਹੱਤਵਪੂਰਨ ਗੱਲ ਇਹ ਹੈ ਕਿ ਸਾਡੇ ਲੋਕਾਂ ਵਿੱਚ ਬਹੁਤ ਸਾਰੇ ਅੰਧਵਿਸ਼ਵਾਸ ਹਨ। ਜੋ ਵੀ ਉੱਠਦਾ ਹੈ ਉਹ ਪੰਧਾਰੀ-ਪੈਠਣ-ਆਲੰਦੀ ਲਈ ਬਾਹਰ ਜਾਂਦਾ ਹੈ। ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਸੀਂ ਪੰਧਾਰੀ-ਪੈਠਣ-ਅਲੰਦੀ ਜਾ ਕੇ ਕੀ ਹਾਸਲ ਕੀਤਾ ਹੈ? ਪੰਢਰਪੁਰ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਕੀ ਹੋਇਆ ਹੈ? ਜਾਂ ਅਲੰਦੀ ਜਾਣ ਨਾਲ ਕਿਸੇ ਦਾ ਕੋਈ ਲਾਭ ਹੋਇਆ ਹੈ? ਤੁਸੀਂ ਏਕਨਾਥ ਨੂੰ ਬਹੁਤ ਵੱਡਾ ਸਮਝਦੇ ਹੋ, ਮੈਨੂੰ ਦੱਸੋ ਕਿ ਉਸ ਨੇ ਕੀ ਕੀਤਾ? ਭਾਗਵਤ ਗ੍ਰੰਥ ਲਿਖਿਆ ਗਿਆ, ਪਰ ਮੈਂ ਅੱਜ ਤੁਹਾਨੂੰ ਇਸ ਦੀ ਕਹਾਣੀ ਦੱਸ ਰਿਹਾ ਹਾਂ। ਉਸ ਦੀ ਮੌਤ ਹੋਈ ਉਸ ਦਾ ਜਨਾਜ਼ਾ ਜਾ ਰਿਹਾ ਸੀ। ਇਸੇ ਸਮੇਂ ਇਕ ਮਾਹ ਔਰਤ ਆਪਣੇ ਪਤੀ ਨਾਲ ਆਪਣੇ ਸਹੁਰਿਆਂ ਦੇ ਘਰ ਜਾ ਰਹੀ ਸੀ। ਉਸ ਨੇ ਏਕਨਾਥ ਦੀ ਦੇਹ ਵੇਖੀ। ਉਸ ਨੇ ਆਪਣੇ ਨਾਲ ਚੱਲ ਰਹੇ ਮਹਾਰ ਪਤੀ ਨੂੰ ਕਿਹਾ, "ਮੇਰੇ ਨਾਲ ਅਪਸ਼ਗਨ ਹੋਇਆ ਹੈ। ਏਕਨਾਥ ਦੀ ਦੇਹ ਨੇ ਉਸ ਦੀ ਗੱਲ ਸੁਣੀ ਅਤੇ ਉੱਠ ਕੇ ਬੈਠ ਗਈ। ਉਸ ਨੇ ਉਸ ਤੀਵੀਂ ਨੂੰ ਆਖਿਆ, ਮੈਂ ਅੱਜ ਨਹੀਂ ਮਰਦਾ, ਕਿਉਂ ਜੋ ਤੁਹਾਨੂੰ ਮੇਰੇ ਕਾਰਨ ਅਪਸ਼ਗਨ ਹੋ ਰਿਹਾ ਹੈ। "ਇਹਨਾਂ ਕਹਿ ਕੇ ਉਹ ਆਪਣੇ ਘਰ ਚਲਿਆ ਗਿਆ। ਬਾਅਦ ਵਿੱਚ ਏਕਨਾਥ ਅਤੇ ਉਸ ਦੀ ਪਤਨੀ ਨੇ ਨਦੀ ਵਿੱਚ ਛਾਲ ਮਾਰਕੇ ਜਾਨ ਦੇ ਦਿੱਤੀ। ਅੱਜ ਤੱਕ ਕਿਸੇ ਨੂੰ ਇਹ ਖੋਜ ਕਰਨ ਦੀ ਕੋਸ਼ਿਸ ਨਹੀਂ ਕੀਤੀ ਕਿ ਉਨ੍ਹਾਂ ਨੇ ਆਪਣੀ ਜਾਨ

"ਇਕੁਐਲਿਟੀ ਐਂਡ ਜਸਟਿਸ"
"Equality and Justice" ਸੁਤੰਤਰਤਾ, ਸਮਾਨਤਾ, ਭਾਈਚਾਰਾ

ਕਿਉਂ ਦਿੱਤੀ। ਹੁਣ ਮੈਨੂੰ ਦੱਸੋ, ਕੀ ਤੁਸੀਂ ਕਦੇ ਕਿਸੇ ਦੀ ਲਾਸ਼ ਨੂੰ ਜ਼ਿੰਦਾ ਹੁੰਦੇ ਦੇਖਿਆ ਹੈ?

ਇਕ ਹੋਰ ਗੱਲ ਗਿਆਨੇਸ਼ਵਰ ਦੀ ਹੈ। ਉਸ ਨੇ ਕੀ ਕੀਤਾ? ਉਸ ਨੇ ਭਗਵਦ ਗੀਤਾ ਉੱਤੇ ਇੱਕ ਕਿਤਾਬ ਲਿਖੀ ਜਿਸ ਦਾ ਨਾਮ ਗਿਆਨੇਸ਼ਵਰੀ ਹੈ। ਇਸ ਪੁਸਤਕ ਦਾ ਸਾਰ ਕੀ ਹੈ? ਸੰਸਾਰ ਬ੍ਰਹਮਾ ਹੈ। ਜੇ ਸਾਰਾ ਸੰਸਾਰ ਬ੍ਰਹਮਾ ਹੈ, ਤਾਂ ਮਹਾਨ ਮੰਗਾਂ ਵਿੱਚ ਬ੍ਰਹਮਾ ਜ਼ਰੂਰ ਹੋਣਾ ਚਾਹੀਦਾ ਹੈ। ਤਾਂ ਫਿਰ ਗਿਆਨੇਸ਼ਵਰ ਮਹਾਰਾਂ ਮਾਂਗਾਂ ਵਿੱਚ ਕਿਉਂ ਨਹੀਂ ਰਿਹਾ? ਉਸ ਨੇ ਬ੍ਰਾਹਮਣਾਂ ਦੁਆਰਾ ਦੁਬਾਰਾ ਸਵੀਕਾਰ ਕੀਤੇ ਜਾਣ ਦੀ ਕੋਸ਼ਿਸ਼ ਕਿਉਂ ਕੀਤੀ? ਜਦੋਂ ਉਨ੍ਹਾਂ ਨੂੰ ਬ੍ਰਾਹਮਣਾਂ ਨੇ ਜਾਤੀ ਤੋਂ ਬਾਹਰ ਕੱਢ ਦਿੱਤਾ ਸੀ, ਤਾਂ ਉਨ੍ਹਾਂ ਨੂੰ ਬ੍ਰਾਹਮਣਾਂ ਨੂੰ ਕਹਿਣਾ ਚਾਹੀਦਾ ਸੀ ਕਿ ਜੇ ਤੁਸੀਂ ਮੈਨੂੰ ਆਪਣੀ ਜਾਤੀ ਵਿੱਚ ਨਹੀਂ ਲੈਣਾ ਚਾਹੁੰਦੇ, ਤਾਂ ਮੈਂ ਜਾ ਕੇ ਮਾਹਰਾਂ ਦੇ ਵਿਚਕਾਰ ਰਹਾਂਗਾ, ਕਿਉਂਕਿ ਇਹ ਸੰਸਾਰ ਬ੍ਰਹਮਈ ਹੈ। ਉਸ ਨੇ ਇਹ ਗੱਲ ਕਿਉਂ ਨਹੀਂ ਆਖੀ? ਆਮ ਲੋਕਾਂ ਨੂੰ ਗੁੰਮਰਾਹ ਕਰਨ ਲਈ ਇਹ ਸਭ ਭੁੱਲਿਆ ਜਾ ਰਿਹਾ ਹੈ ਅਤੇ ਤੁਸੀਂ ਸਾਰੇ ਇਸ ਝੂਠ ਦੇ ਸ਼ਿਕਾਰ ਹੋ।

ਤੁਸੀਂ ਉਸ ਨੂੰ ਭੁੱਲ ਗਏ ਹੋ। ਇਸ ਲਈ, ਜੇ ਤੁਸੀਂ ਪੰਧਾਰੀ-ਜੇਜ਼ੁਰੀ-ਅਲੰਦੀ ਜਾਂਦੇ ਹੋ ਜਾਂ ਕਿਸੇ ਹੋਰ ਦੇਵਤਾ ਦੇ ਬਹਿਕਾਵੇ ਵਿੱਚ ਆਓਗੇ ਹੋ, ਤਾਂ ਮੈਨੂੰ ਤੁਹਾਨੂੰ ਜਾਤੀ ਤੋਂ ਬਾਹਰ ਕੱਢਣਾ ਪਵੇਗਾ। ਇਸ ਤੋਂ ਬਿਨਾਂ, ਤੁਹਾਡਾ ਪਾਗਲਪਣ ਦੂਰ ਨਹੀਂ ਹੋਵੇਗਾ। ਤੁਹਾਡੇ ਵਿੱਚ ਸੁਧਾਰ ਨਹੀਂ ਹੋਵੇਗਾ। ਅੱਜ ਦਾ ਯੁੱਗ ਸੋਚਣ ਵਿਚਾਰ ਕਰਨ ਦਾ ਯੁੱਗ ਹੈ। ਇਸ ਗੱਲ ਦਾ ਕੋਈ ਫ਼ਰਕ ਨਹੀਂ ਪੈਂਦਾ ਕਿ ਕੋਈ ਕਿੰਨੇ ਝੂਠ ਫੈਲਾਉਂਦਾ ਹੈ, ਪਰ ਤੁਹਾਨੂੰ ਇਹ ਪਛਾਣਨਾ ਹੋਵੇਗਾ ਕਿ ਇਹ ਝੂਠ ਹੈ। ਕਿਉਂਕਿ, ਹੁਣ ਸੰਸਾਰ ਵਿੱਚ ਵਿਵਹਾਰ ਕਰਦੇ ਹੋਏ, ਤੁਹਾਨੂੰ ਸੋਚ ਸਮਝ ਕੇ ਅੱਗੇ ਵਧਣਾ ਹੋਵੇਗਾ।

ਸਾਨੂੰ ਆਪਣੇ ਸੰਗਠਨ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਸਾਰੇ ਮਤਭੇਦਾਂ ਨੂੰ ਦੂਰ ਕਰਨ ਦੀ ਲੋੜ ਹੈ। ਤੁਹਾਨੂੰ ਇੱਕ ਵਿਚਾਰ ਨਾਲ ਜਾਣਾ ਪਵੇਗਾ। ਕਿਉਂਕਿ, ਸੰਗਠਨ ਤੋਂ ਬਿਨਾਂ ਸੰਸਾਰ ਵਿੱਚ, ਕੋਈ ਵੀ ਸਾਨੂੰ ਨਹੀਂ ਪੁੱਛੇਗਾ। ਮੈਂ ਜਾਣਦਾ ਹਾਂ ਕਿ ਚੋਣਾਂ ਵੇਲੇ ਸਾਨੂੰ ਕਿਸੇ ਹੋਰ ਨਾਲ ਹੱਥ ਮਿਲਾਉਣਾ ਪਵੇਗਾ। ਜੇ ਕੋਈ ਸੰਗਠਨ ਨਹੀਂ ਹੋਵੇਗਾ, ਤਾਂ ਕੋਈ ਵੀ ਸਾਡੇ ਕੋਲ ਨਹੀਂ ਆਵੇਗਾ। ਕੋਈ ਵੀ ਸਾਨੂੰ ਸਵਾਲ ਨਹੀਂ ਪੁੱਛੇਗਾ। ਜੇ ਤੁਸੀਂ ਰਾਜਨੀਤੀ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਇਸ ਨੂੰ ਚੰਗੀ ਤਰ੍ਹਾਂ ਕਰਨਾ ਪਵੇਗਾ। ਇਸ ਦੇ ਲਈ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਮੈਂ ਨੇਤਾਵਾਂ ਤੋਂ ਨਹੀਂ ਡਰਦਾ। ਜੇ ਨੇਤਾ ਸਹੀ ਢੰਗ ਨਾਲ ਵਿਵਹਾਰ ਨਹੀਂ ਕਰਦੇ ਤਾਂ ਮੈਂ ਉਨ੍ਹਾਂ ਨੂੰ ਸੰਗਠਨ ਤੋਂ ਬਾਹਰ ਕਰਨ ਤੋਂ ਨਹੀਂ ਡਰਾਂਗਾ, ਇਸ ਲਈ ਸਾਲ ਵਿੱਚ ਇੱਕ ਵਾਰ ਹਰ ਵਿਭਾਗ ਵਿੱਚ ਸਭਾ ਦਾ ਆਯੋਜਨ ਕਰਨਾ ਜ਼ਰੂਰੀ ਹੈ। ਇਸੇ ਤਰ੍ਹਾਂ, ਮੀਟਿੰਗਾਂ, ਕਾਨਫਰੰਸਾਂ, ਚਰਚਾ ਸੈਸ਼ਨ, ਕੈਂਪ ਆਦਿ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਸਾਡੇ ਵਰਕਰ ਇਸ ਬਹਾਨੇ ਇਕੱਠੇ ਹੋਣਗੇ। ਅਸੀਂ ਅੰਦੋਲਨ ਬਾਰੇ ਅਧਿਐਨ ਕਰਾਂਗੇ। ਕੰਮ ਉਤਸ਼ਾਹ ਨਾਲ ਹੋਵੇਗਾ।

ਮੈਂ ਸਿਰਫ ਇੰਨਾ ਕਹਿਣਾ ਚਾਹੁੰਦਾ ਹਾਂ ਕਿ ਮੈਂ ਨਿੰਜੀ ਤੌਰ 'ਤੇ ਕਿਸੇ ਵੀ ਵਰਕਰ ਨੂੰ ਪਿਆਰ ਨਹੀਂ ਕਰਦਾ। ਪਿਆਰ ਸਿਰਫ਼ ਕੰਮ ਹੈ। ਮੈਨੂੰ ਉਹ ਪਸੰਦ ਹੈ ਜੋ ਮੈਂ ਕਰ ਰਿਹਾ ਹਾਂ

# ਖਾਣ ਪਦਾਰਥਾਂ ਵਿੱਚ ਜ਼ਹਿਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਸ਼ਰੀਰ ਨੂੰ ਤੰਦਰੁਸਤ ਅਤੇ ਬਿਮਾਰੀਆਂ ਤੋਂ ਬਚਣ ਲਈ ਸੰਤੁਲਿਤ ਭੋਜਨ ਬਹੁਤ ਜ਼ਰੂਰੀ ਅਤੇ ਸ਼ਰੀਰ ਦੀ ਮੁੱਖ ਲੋੜਾਂ ਵਿੱਚ ਸ਼ਾਮਿਲ ਹੈ। ਸੰਤੁਲਿਤ ਭੋਜਨ ਉਹ ਹੁੰਦਾ ਹੈ ਜਿਸ ਵਿੱਚ ਸ਼ਰੀਰ ਨੂੰ ਲੋੜ ਵਾਲੇ ਸਾਰੇ ਤੱਤ ਜਿਵੇਂ ਕਿ ਕਾਰਬੋਹਾਈਡ੍ਰੇਟ, ਪ੍ਰੋਟੀਨ,ਖਣਿਜ ਪਦਾਰਥ, ਚਿਕਨਾਈ ਅਤੇ ਵਿਟਾਮਿਨ ਮੌਜੂਦ ਹੋਣ। ਭੋਜਨ ਦੀ ਗੁਣਵੱਤਾ ਨੂੰ ਉਸ ਸਮੇਂ ਖੋਰਾ ਲੱਗਦਾ ਹੈ ਜਦੋਂ ਕੁੱਝ ਨਿੰਜੀ ਫਾਇਦਿਆਂ ਲਈ ਭੋਜਨ ਪਦਾਰਥਾਂ ਦੀ ਸਰੁੱਖਿਆ ਵਿੱਚ ਕੀਤੀ ਅਣਗਹਿਲੀ ਅਤੇ ਕੀਤੀ ਮਿਲਾਵਟ ਕਰਕੇ ਆਮ ਆਦਮੀ ਨੂੰ ਬਿਮਾਰ ਹੋ ਕੇ ਹਰਜਾਨਾ ਭਰਨਾ ਪੈਂਦਾ ਹੈ। ਐਤਵਾਰ ਤੋਂ ਨਵਰਾਤਰਿਆਂ ਦੀ ਸ਼ੁਰੂਆਤ ਹੋ ਚੁੱਕੀ ਹੈ ਇਸ ਦੌਰਾਨ ਵਰਤ ਰੱਖਣ ਵਾਲਿਆਂ ਲਈ ਕੁੱਟੂ ਦੇ ਆਟੇ ਦੀ ਵਰਤੋਂ ਆਮ ਕੀਤੀ ਜਾਂਦੀ ਹੈ। ਦੇਹਰਾਦੂਨ ਅਤੇ ਹਰਿਦੁਆਰ ਵਿੱਚ ਕੁੱਟੂ ਦੇ ਆਟੇ ਨਾਲ ਤਿੰਨ ਸੌ ਤੋਂ ਵੱਧ ਵਿਅਕਤੀਆਂ ਦੇ ਬਿਮਾਰ ਹੋਣ ਦੀ ਖ਼ਬਰ ਨੇ ਆਮ ਵਿਅਕਤੀ ਨੂੰ ਇੱਕ ਵਾਰ ਫ਼ਿਰ ਚਿੰਤਾ ਵਿੱਚ ਪਾ ਦਿੱਤਾ ਹੈ। ਨਵਰਾਤਿਆਂ ਦਾ ਤਿਉਹਾਰ ਪੂਰੇ ਦੇਸ਼ ਵਿੱਚ ਮਾਤਾ ਦੀ ਮਹਿਮਾ ਕਰਦੇ ਹੋਏ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਕੁੱਟੂ ਦਾ ਆਟਾ ਦੇਸ਼ ਦੇ ਕੋਨੇ ਕੋਨੇ ਵਿੱਚ ਵਰਤਾਂ ਦੇ ਸਮੇਂ ਵਰਤਿਆ ਜਾਂਦਾ ਹੈ। ਦੇਹਰਾਦੂਨ ਅਤੇ ਹਰਿਦੁਆਰ ਦੀ ਘਟਨਾ ਪ੍ਰਸ਼ਾਸਨ ਅਤੇ ਫੂਡ ਸਪਲਾਈ ਵਿਭਾਗ ਲਈ ਚਿਤਾਵਨੀ ਹੈ ਕਿ ਉਹ ਵੀ ਕੁੰਭ ਕਰਨੀ ਨੀਂਦ ਤੋਂ ਜਾਗ ਕੇ ਮਿਲਾਵਟ ਅਤੇ ਭੋਜਨ ਪਦਾਰਥਾਂ ਦੀ ਜਾਂਚ ਲਈ ਪਹਿਰਾ ਦੇਣ। ਪ੍ਰਸ਼ਾਸਨ ਦੇ ਨਾਲ ਨਾਲ ਆਮ ਆਦਮੀ ਨੂੰ ਵੀ ਭੋਜਨ ਪਦਾਰਥਾਂ ਦੀ ਖ੍ਰੀਦ ਸਮੇਂ ਚੌਕਸੀ ਵਰਤਣੀ ਚਾਹੀਦੀ ਹੈ ਤਾਂ ਜੋ ਕੋਈ ਵੀ ਵਿਅਕਤੀ ਮਿਲਾਵਟੀ ਭੋਜਨ ਦੀ ਬਲੀ ਨਾ ਚੜ੍ਹ ਸਕੇ।

ਰਜਵਿੰਦਰ ਪਾਲ ਸ਼ਰਮਾ
7087367969

# ਨਸ਼ਿਆਂ ਦਾ ਧੰਦਾ ਕਰਨ ਵਾਲਿਆਂ ਦੀ ਹੁਣ ਖੈਰ ਨਹੀਂ: ਤਰੁਨਪ੍ਰੀਤ ਸਿੰਘ ਸੌਂਦ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਅਧੀਨ ਅੱਜ ਪੇਂਡੂ ਵਿਕਾਸ ਤੇ ਪੰਚਾਇਤ, ਉਦਯੋਗ ਤੇ ਵਣਜ, ਪੂੰਜੀ ਨਿਵੇਸ਼ ਪ੍ਰੋਤਸਾਹਨ, ਕਿਰਤ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਬਰਨਾਲਾ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਜ਼ਿਲ੍ਹੇ ਦੇ ਸਿਵਲ, ਪੁਲਿਸ ਪ੍ਰਸ਼ਾਸਨ ਤੇ ਵਿਭਾਗੀ



ਅਧਿਕਾਰੀਆਂ ਨਾਲ ਅਹਿਮ ਮੀਟਿੰਗ ਕੀਤੀ।

# ਜੇ ਮੋਦੀ ਸਰਕਾਰ ਨੇ ਟਰੰਪ ਦੇ ਦਬਾਅ ਥੱਲੇ ਇਹ ਸਮਝੌਤਾ ਕਰ ਲਿਆ ਤਾਂ 'ਤਬਾਹ ਹੋ ਸਕਦੀ ਹੈ ਪੰਜਾਬ ਸਣੇ ਭਾਰਤੀ ਖੇਤੀ'

**ਸੌਤਿਕ ਬਿਸਵਾਸ**
**ਰੋਲ,ਬੀਬੀਸੀ ਪੱਤਰਕਾਰ**

ਭਾਰਤ ਅਮਰੀਕਾ ਦੀ ਮੱਕੀ ਕਿਉਂ ਨਹੀਂ ਖਰੀਦਦਾ?

ਇਹੀ ਸਵਾਲ ਅਮਰੀਕੀ ਵਣਜ ਸਕੱਤਰ ਹਾਵਰਡ ਲੁਟਨਿਕ ਨੇ ਹਾਲ ਹੀ ਵਿੱਚ ਭਾਰਤ ਦੀਆਂ ਵਪਾਰ ਨੀਤੀਆਂ ਦੀ ਆਲੋਚਨਾ ਕਰਦੇ ਹੋਏ ਪੁੱਛਿਆ, ਨਾਲ ਹੀ ਉਨ੍ਹਾਂ ਨੇ ਭਾਰਤ ਦੀਆਂ ਬਾਜ਼ਾਰ ਪਾਬੰਦੀਆਂ 'ਤੇ ਵੀ ਨਿਸ਼ਾਨਾ ਸਾਧਿਆ।

ਇੱਕ ਹੋਰ ਇੰਟਰਵਿਊ ਵਿੱਚ, ਲੁਟਨਿਕ ਨੇ ਭਾਰਤ 'ਤੇ ਇਲਜ਼ਾਮ ਲਗਾਇਆ ਕਿ ਇਹ ਅਮਰੀਕੀ ਕਿਸਾਨਾਂ ਨੂੰ ਰੋਕ ਰਿਹਾ ਹੈ ਅਤੇ ਅਮਰੀਕਾ ਨੇ ਇਸ ਨੂੰ ਆਪਣਾ ਖੇਤੀਬਾੜੀ ਬਾਜ਼ਾਰ ਖੋਲ੍ਹਣ ਦੀ ਅਪੀਲ ਕੀਤੀ। ਉਨ੍ਹਾਂ ਨੇ ਸੁਝਾਅ ਦਿਤਾ ਕਿ ਇਸ ਦੇ ਲਈ ਭਾਰਤ ਕੋਟਾ ਜਾਂ ਸੀਮਾਵਾਂ ਵੀ ਤੈਅ ਸਕਦਾ ਹੈ।

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਵਧਦੇ ਵਪਾਰ ਯੁੱਧ ਵਿੱਚ ਖੇਤੀਬਾੜੀ ਜੰਗ ਦਾ ਇੱਕ ਮੁੱਖ ਮੈਦਾਨ ਹੈ।

ਉਨ੍ਹਾਂ ਦੇ ਇਸੇ ਵਪਾਰ ਦਾ ਹਿੱਸਾ ਹਨ ਉਹ ਰੈਸੀਪ੍ਰੋਕਲ ਟੈਰਿਫ ਜੋ ਆਉਂਦੀ 2 ਅਪ੍ਰੈਲ ਤੋਂ ਸ਼ੁਰੂ ਹੋਣ ਵਾਲੇ ਹਨ।

ਟੈਰਿਫ ਦੂਜੇ ਦੇਸ਼ਾਂ ਤੋਂ ਦਰਾਮਦ ਕੀਤੇ ਜਾਣ ਵਾਲੇ ਸਮਾਨ 'ਤੇ ਲਗਾਏ ਜਾਣ ਵਾਲੇ ਟੈਕਸ ਹਨ।

ਟਰੰਪ ਨੇ ਵਾਰ-ਵਾਰ ਭਾਰਤ ਨੂੰ "ਟੈਰਿਫ ਕਿੰਗ" ਅਤੇ ਵਪਾਰਕ ਸਬੰਧਾਂ ਦਾ "ਵੱਡਾ ਦੁਰਵਿਵਹਾਰ ਕਰਨ ਵਾਲਾ" ਕਿਹਾ ਹੈ।

## ਭੋਜਨ ਦੀ ਘਾਟ ਤੋਂ ਅੰਨ ਦੇ ਭੰਡਾਰ ਤੱਕ

ਸਾਲਾਂ ਤੋਂ, ਅਮਰੀਕਾ ਨੇ ਭਾਰਤ ਦੇ ਖੇਤੀਬਾੜੀ ਖੇਤਰ ਤੱਕ ਵਧੇਰੇ ਪਹੁੰਚ ਲਈ ਜ਼ੋਰ ਦਿੱਤਾ ਹੈ। ਅਮਰੀਕਾ ਇਸਨੂੰ ਇੱਕ ਅਜਿਹੇ ਪ੍ਰਮੁੱਖ ਬਾਜ਼ਾਰ ਵਜੋਂ ਵੇਖਦਾ ਹੈ, ਜਿਸ ਨੂੰ ਅਜੇ ਵਰਤਿਆ ਨਹੀਂ ਗਿਆ।

ਪਰ ਭਾਰਤ ਨੇ ਲੱਖਾਂ ਛੋਟੇ ਕਿਸਾਨਾਂ ਦੀ ਭੋਜਨ ਸੁਰੱਖਿਆ, ਰੋਜ਼ੀ-ਰੋਟੀ ਅਤੇ ਹਿੱਤਾਂ ਦਾ ਹਵਾਲਾ ਦਿੰਦੇ ਹੋਏ ਹਮੇਸ਼ਾ ਇਸਦੀ ਰੱਖਿਆ ਕੀਤੀ ਹੈ।

ਬੇਸ਼ੱਕ, ਭੋਜਨ ਦੀ ਘਾਟ ਵਾਲੇ ਦੇਸ ਤੋਂ ਅੰਨ ਦੇ ਭੰਡਾਰ ਵਾਲਾ ਦੇਸ ਬਣਨਾ, ਭਾਰਤ ਦੀਆਂ ਸਭ ਤੋਂ ਵੱਡੀਆਂ ਸਫਲਤਾਵਾਂ ਦੀਆਂ ਕਹਾਣੀਆਂ ਵਿੱਚੋਂ ਇੱਕ ਹੈ।

1950 ਅਤੇ 60 ਦੇ ਦਹਾਕੇ ਵਿੱਚ, ਦੇਸ ਆਪਣੀ ਆਬਾਦੀ ਦੀਆਂ ਭੋਜਨ ਲੋੜਾਂ ਨੂੰ ਪੂਰਾ ਕਰਨ ਲਈ ਹੋਰ ਮੁਲਕਾਂ ਤੋਂ ਮਿਲਦੀ ਭੋਜਨ ਸਹਾਇਤਾ 'ਤੇ ਨਿਰਭਰ ਸੀ, ਪਰ ਖੇਤੀਬਾੜੀ ਦੇ ਖੇਤਰ 'ਚ ਮਿਲੀਆਂ ਲਗਾਤਾਰ ਸਫ਼ਲਤਾਵਾਂ ਨੇ ਇਹ ਤਸਵੀਰ ਬਦਲ ਦਿੱਤੀ।

ਭਾਰਤ, ਭੋਜਨ ਦੇ ਮਾਮਲੇ ਵਿੱਚ ਸਵੈ-ਨਿਰਭਰ ਬਣ ਗਿਆ ਅਤੇ ਸਿਰਫ਼ ਇੰਨਾ ਹੀ ਨਹੀਂ ਸਗੋਂ ਇਹ ਦੁਨੀਆਂ ਦਾ ਸਭ ਤੋਂ ਵੱਡਾ ਦੁੱਧ ਉਤਪਾਦਕ ਵੀ ਬਣ ਗਿਆ। ਬਾਗਬਾਨੀ, ਪੋਲਟਰੀ ਅਤੇ ਪਸ਼ੂ-ਪਾਲਣ ਵਿੱਚ ਤੇਜ਼ ਵਿਕਾਸ ਨੇ ਵੀ ਇਸ ਸਫ਼ਲਤਾ ਵਿੱਚ ਯੋਗਦਾਨ ਪਾਇਆ।

ਅੱਜ, ਭਾਰਤ ਨਾ ਸਿਰਫ਼ ਆਪਣੇ 1.4 ਅਰਬ ਲੋਕਾਂ ਦਾ ਢਿੱਡ ਭਰ ਰਿਹਾ ਹੈ, ਸਗੋਂ ਦੁਨੀਆਂ ਦੇ ਅੱਠਵੇਂ ਸਭ ਤੋਂ ਵੱਡੇ ਖੇਤੀਬਾੜੀ-ਉਤਪਾਦ ਨਿਰਯਾਤਕ ਵਜੋਂ, ਵਿਸ਼ਵ ਭਰ ਵਿੱਚ ਅਨਾਜ, ਫਲ ਅਤੇ ਡੇਅਰੀ ਉਤਪਾਦ ਵੀ ਭੇਜ ਰਿਹਾ ਹੈ।

## ਖੇਤੀਬਾੜੀ, ਭਾਰਤੀ ਜੀਡੀਪੀ ਦਾ ਸਿਰਫ਼ 15 ਫੀਸਦੀ

ਇੰਨੀਆਂ ਵੱਡੀਆਂ ਪ੍ਰਾਪਤੀਆਂ ਦੇ ਬਾਵਜੂਦ, ਭਾਰਤੀ ਖੇਤੀਬਾੜੀ ਅਜੇ ਵੀ ਉਤਪਾਦਕਤਾ, ਬੁਨਿਆਦੀ ਢਾਂਚੇ ਅਤੇ ਬਾਜ਼ਾਰੀ ਪਹੁੰਚ ਵਿੱਚ ਪਿੱਛੜ ਗਈ ਹੈ।

ਵਿਸ਼ਵਵਿਆਪੀ ਕੀਮਤਾਂ ਵਿੱਚ ਅਸਥਿਰਤਾ ਅਤੇ ਜਲਵਾਯੂ ਪਰਿਵਰਤਨ ਇਸ ਚੁਣੌਤੀ ਨੂੰ ਹੋਰ ਮੁਸ਼ਕਲ ਬਣਾਉਂਦਾ ਹੈ। ਵਿਸ਼ਵ ਪੱਧਰ 'ਤੇ ਸਭ ਤੋਂ ਵਧੀਆ ਫਸਲਾਂ ਦੀ ਪੈਦਾਵਾਰ ਦੇ ਮਾਮਲੇ ਵਿੱਚ ਭਾਰਤ ਬਹੁਤ ਪਿੱਛੇ ਹੈ।

ਛੋਟੀਆਂ ਜ਼ਮੀਨਾਂ 'ਤੇ ਖੇਤੀ ਕਰਨਾ, ਸਮੱਸਿਆ ਨੂੰ ਹੋਰ ਵੀ ਵੱਡਾ ਕਰ ਦਿੰਦਾ ਹੈ।

ਭਾਰਤੀ ਕਿਸਾਨ ਔਸਤਨ ਇੱਕ ਹੈਕਟੇਅਰ ਤੋਂ ਘੱਟ ਜ਼ਮੀਨ 'ਤੇ ਕੰਮ ਕਰਦੇ ਹਨ, ਜਦਕਿ ਉਨ੍ਹਾਂ ਦੇ ਅਮਰੀਕੀ ਹਮਰੁਤਬਾ 2020 ਵਿੱਚ 46 ਹੈਕਟੇਅਰ ਤੋਂ ਵੱਧ ਜ਼ਮੀਨ 'ਤੇ ਖੇਤੀ ਕਰ ਰਹੇ ਸਨ।

ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਉਤਪਾਦਕਤਾ ਘੱਟ ਰਹਿੰਦੀ ਹੈ।

ਭਾਰਤ ਵਿੱਚ ਕੰਮ ਕਰਨ ਯੋਗ ਅੱਧੇ ਲੋਕਾਂ ਨੂੰ ਖੇਤੀਬਾੜੀ ਨਾਲ ਹੀ ਰੁਜ਼ਗਾਰ ਮਿਲਦਾ ਹੈ ਪਰ ਫਿਰ ਵੀ ਇਹ ਜੀਡੀਪੀ ਦਾ ਸਿਰਫ਼ 15 ਫੀਸਦੀ ਬਣਦੀ ਹੈ।





ਇਸ ਦੇ ਮੁਕਾਬਲੇ, ਅਮਰੀਕੀ ਆਬਾਦੀ ਦਾ 2 ਫੀਸਦੀ ਤੋਂ ਵੀ ਘੱਟ ਹਿੱਸਾ ਖੇਤੀ 'ਤੇ ਨਿਰਭਰ ਕਰਦਾ ਹੈ।

ਇੱਥੇ ਸੀਮਤ ਨਿਰਮਾਣ ਨੌਕਰੀਆਂ ਕਾਰਨ ਵਧੇਰੇ ਲੋਕ ਘੱਟ ਤਨਖਾਹ ਵਾਲੇ ਖੇਤੀ ਕੰਮ ਵਿੱਚ ਫਸੇ ਹੋਏ ਹਨ, ਜੋ ਕਿ ਇੱਕ ਵਿਕਾਸਸ਼ੀਲ ਦੇਸ ਲਈ ਇੱਕ ਅਸਾਧਾਰਨ ਗੱਲ ਹੈ।

ਇਹ ਢਾਂਚਾਗਤ ਅਸੰਤੁਲਨ ਭਾਰਤ ਦੀਆਂ ਵਪਾਰ ਨੀਤੀਆਂ ਨੂੰ ਵੀ ਆਕਾਰ ਦਿੰਦਾ ਹੈ।

ਜ਼ਰੂਰਤ ਤੋਂ ਜ਼ਿਆਦਾ ਖੇਤੀ ਦੇ ਬਾਵਜੂਦ, ਭਾਰਤ ਆਪਣੇ ਕਿਸਾਨਾਂ ਨੂੰ ਸਸਤੇ ਬਰਾਮਦ ਤੋਂ ਬਚਾਉਣ ਲਈ ਟੈਰਿਫ ਦਰਾਂ ਉਚੀਆਂ ਰੱਖਦਾ ਹੈ।

ਇਹ ਖੇਤੀ ਬਰਾਮਦਗੀ 'ਤੇ ਦਰਮਿਆਨੀ ਤੋਂ ਉੱਚੀਆਂ ਦਰਾਂ - ਜ਼ੀਰੋ ਤੋਂ 150 ਫੀਸਦੀ ਤੱਕ ਰੱਖਦਾ ਹੈ।

ਦਿੱਲੀ-ਅਧਾਰਤ ਥਿੰਕ ਟੈਂਕ ਗਲੋਬਲ ਟ੍ਰੇਡ ਰਿਸਰਚ ਇਨੀਸ਼ੀਏਟਿਵ (ਜੀਟੀਆਰਆਈ) ਦੇ ਅਨੁਸਾਰ, ਭਾਰਤ ਵਿੱਚ ਅਮਰੀਕੀ ਖੇਤੀ ਉਤਪਾਦਾਂ 'ਤੇ ਲੱਗਦਾ ਔਸਤ ਟੈਰਿਫ - ਪ੍ਰਤੀ ਬਰਾਮਦ ਉਤਪਾਦ ਔਸਤ ਡਿਊਟੀ ਦਰ - 37.7 ਫੀਸਦੀ ਹੈ, ਜਦੋਂ ਕਿ ਅਮਰੀਕਾ ਵਿੱਚ ਭਾਰਤੀ ਵਸਤੂਆਂ 'ਤੇ ਇਹ 5.3 ਫੀਸਦੀ ਹੈ।

## 'ਵੱਡੀ ਖੇਡ'

ਭਾਰਤ ਅਤੇ ਅਮਰੀਕਾ ਵਿਚਕਾਰ ਦੁਵੱਲਾ ਖੇਤੀ ਵਪਾਰ ਬਹੁਤ ਘੱਟ ਹੈ, ਇਹ ਸਿਰਫ਼ 8 ਬਿਲੀਅਨ ਡਾਲਰ ਦਾ ਹੀ ਹੈ।

ਭਾਰਤ ਮੁੱਖ ਤੌਰ 'ਤੇ ਚੌਲ, ਝੀਂਗਾ, ਸ਼ਹਿਦ, ਸਬਜ਼ੀਆਂ ਦੇ ਅਰਕ, ਅਰੰਡੀ ਦਾ ਤੇਲ ਅਤੇ ਕਾਲੀ ਮਿਰਚ ਬਰਾਮਦ ਕਰਦਾ ਹੈ, ਜਦਕਿ ਅਮਰੀਕਾ ਬਦਾਮ, ਅਖਰੋਟ, ਪਿਸਤਾ, ਸੇਬ ਅਤੇ ਦਾਲਾਂ ਭੇਜਦਾ ਹੈ।

ਪਰ ਜਿਵੇਂ ਕਿ ਦੋਵੇਂ ਦੇਸ ਇੱਕ ਵਪਾਰਕ ਸਮਝੌਤੇ 'ਤੇ ਕੰਮ ਕਰ ਰਹੇ ਹਨ, ਮਾਹਰ ਕਹਿੰਦੇ ਹਨ ਕਿ ਵਾਸ਼ਿੰਗਟਨ ਹੁਣ ਖੇਤੀ ਸਬੰਧੀ ਬਰਾਮਦ - ਕਣਕ, ਕਪਾਹ, ਮੱਕੀ ਅਤੇ ਮੇਜ਼ (ਇੱਕ ਪ੍ਰਕਾਰ ਦੀ ਮੱਕੀ) - ਨੂੰ ਅੱਗੇ ਵਧਾਉਣਾ ਚਾਹੁੰਦਾ ਹੈ ਤਾਂ ਜੋ ਭਾਰਤ ਨਾਲ ਆਪਣੇ 45 ਬਿਲੀਅਨ ਡਾਲਰ ਦੇ ਵਪਾਰ ਘਾਟੇ ਨੂੰ ਘੱਟ ਕੀਤਾ ਜਾ ਸਕੇ।

ਦਿੱਲੀ ਸਥਿਤ ਥਿੰਕ ਟੈਂਕ, ਕੌਂਸਲ ਫਾਰ ਸੋਸ਼ਲ ਡਿਵੈਲਪਮੈਂਟ ਦੇ ਵਪਾਰ ਮਾਹਰ ਵਿਸ਼ਵਜੀਤ ਧਰ ਕਹਿੰਦੇ ਹਨ, "ਇਸ ਵਾਰ ਉਹ ਸਿਰਫ ਬੇਰੀਆਂ ਅਤੇ ਸਮਾਨ ਦੀ ਬਰਾਮਦ ਨਹੀਂ ਕਰਨਾ ਚਾਹੁੰਦੇ। ਖੇਡ ਬਹੁਤ ਵੱਡੀ ਹੈ।"

ਮਾਹਿਰਾਂ ਦਾ ਤਰਕ ਹੈ ਕਿ ਭਾਰਤ ਉੱਤੇ ਖੇਤੀ ਟੈਰਿਫ ਘਟਾਉਣ, ਸਮਰਥਨ ਮੁੱਲ ਘਟਾਉਣ ਅਤੇ ਜੈਨੇਟਿਕ ਤੌਰ 'ਤੇ ਸੋਧੀਆਂ (ਜੀਐਮ) ਫ਼ਸਲਾਂ ਅਤੇ ਡੇਅਰੀ ਲਈ ਖੁੱਲ੍ਹਣ ਲਈ ਦਬਾਅ ਪਾਉਣਾ, ਵਿਸ਼ਵ ਖੇਤੀਬਾੜੀ ਵਿੱਚ ਬੁਨਿਆਦੀ ਅਸਮਾਨਤਾ ਨੂੰ ਨਜ਼ਰਅੰਦਾਜ਼ ਕਰਦਾ ਹੈ।

ਉਦਾਹਰਣ ਵਜੋਂ, ਅਮਰੀਕਾ ਆਪਣੀ ਖੇਤੀਬਾੜੀ ਨੂੰ ਭਾਰੀ ਸਬਸਿਡੀ ਦਿੰਦਾ ਹੈ ਅਤੇ ਫਸਲ ਬੀਮੇ ਰਾਹੀਂ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰਦਾ ਹੈ।

ਜੀ ਟੀ ਆ ਰ ਆ ਈ ਦੇ ਅਜੈ ਸ਼੍ਰੀਵਾਸਤਵ ਕਹਿੰਦੇ ਹਨ, "ਕੁਝ ਮਾਮਲਿਆਂ ਵਿੱਚ ਅਮਰੀਕੀ ਸਬਸਿਡੀਆਂ ਉਤਪਾਦਨ ਲਾਗਤਾਂ ਦੇ 100 ਫੀਸਦੀ ਤੋਂ ਵੀ ਵੱਧ ਹਨ, ਜਿਸ ਨਾਲ ਇੱਕ ਅਸਮਾਨਤਾ ਵਾਲੀ ਸਥਿਤੀ ਪੈਦੀ ਹੁੰਦੀ ਹੈ ਜੋ ਭਾਰਤ ਦੇ ਛੋਟੇ ਕਿਸਾਨਾਂ ਨੂੰ ਤਬਾਹ ਕਰ ਸਕਦਾ ਹੈ।"

## ਭਾਰਤ ਤੇ ਅਮਰੀਕਾ ਦੀ ਖੇਤੀ 'ਚ ਫਰਕ

ਖੇਤੀਬਾੜੀ ਭਾਰਤ ਦੀ ਰੀੜ੍ਹ ਦੀ ਹੱਡੀ ਹੈ, ਜੋ 700 ਮਿਲੀਅਨ ਤੋਂ ਵੱਧ ਲੋਕਾਂ, ਜੋ ਕਿ ਦੇਸ ਦੀ ਲਗਭਗ ਅੱਧੀ ਆਬਾਦੀ ਨੂੰ ਰੋਜ਼ੀ-ਰੋਟੀ ਦਿੰਦੀ ਹੈ।

ਇੰਡੀਅਨ ਇੰਸਟੀਚਿਊਟ ਆਫ਼ ਫਾਰੇਨ ਟ੍ਰੇਡ ਵਿਖੇ ਸੈਂਟਰ ਫਾਰ ਡਬਲਯੂਟੀਓ ਸਟੱਡੀਜ਼ ਦੇ ਸਾਬਕਾ ਮੁਖੀ ਅਭਿਜੀਤ ਦਾਸ ਕਹਿੰਦੇ ਹਨ, "ਯਾਦ ਰੱਖਣ ਵਾਲੀ ਮੁੱਖ ਗੱਲ ਇਹ ਹੈ ਕਿ ਦੋਵਾਂ ਦੇਸ਼ਾਂ ਵਿੱਚ ਖੇਤੀਬਾੜੀ ਪੂਰੀ ਤਰ੍ਹਾਂ ਵੱਖਰੀ ਹੈ।''

"ਅਮਰੀਕਾ ਕੋਲ ਵਪਾਰਕ ਖੇਤੀਬਾੜੀ ਹੈ, ਜਦਕਿ ਭਾਰਤ ਤੀਬਰ, ਜੀਵਨ-ਬਸਰ ਵਾਲੀ ਖੇਤੀ 'ਤੇ ਨਿਰਭਰ ਕਰਦਾ ਹੈ। ਇਹ ਲੱਖਾਂ ਭਾਰਤੀਆਂ ਦੀ ਰੋਜ਼ੀ-ਰੋਟੀ ਦਾ ਬਨਾਮ ਅਮਰੀਕੀ ਖੇਤੀਬਾੜੀ ਕਾਰੋਬਾਰ ਦੇ ਹਿੱਤ ਦਾ ਸਵਾਲ ਹੈ।"

ਪਰ ਭਾਰਤ ਦੀਆਂ ਖੇਤੀਬਾੜੀ ਚੁਣੌਤੀਆਂ ਸਿਰਫ਼ ਬਾਹਰੀ ਨਹੀਂ ਹਨ। ਧਰ ਕਹਿੰਦੇ ਹਨ ਕਿ ਇਸ ਖੇਤਰ ਦੇ ਜ਼ਿਆਦਾਤਰ ਸੰਘਰਸ਼ "ਇਸ ਦੇ ਆਪਣੇ ਆਪ ਕਰਕੇ" ਹਨ।

ਖੇਤੀਬਾੜੀ ਨੂੰ ਲੰਬੇ ਸਮੇਂ ਤੋਂ ਫੰਡਾਂ ਦੀ ਘਾਟ ਰਹੀ ਹੈ ਅਤੇ ਇਸ ਨੂੰ ਭਾਰਤ ਦੇ ਕੁੱਲ ਨਿਵੇਸ਼ ਦੇ 6 ਫੀਸਦੀ ਤੋਂ ਵੀ ਘੱਟ ਫੰਡ ਪ੍ਰਾਪਤ ਹੋ ਰਹੇ ਹਨ। ਬੁਨਿਆਦੀ ਢਾਂਚੇ, ਮਸ਼ੀਨਰੀ ਅਤੇ ਵਿਕਾਸ ਲਈ ਫੰਡ ਬਹੁਤ ਜ਼ਰੂਰੀ ਹਨ।

ਲੱਖਾਂ ਲੋਕਾਂ ਦੀ ਰੋਜ਼ੀ-ਰੋਟੀ ਦੀ ਰੱਖਿਆ ਲਈ, ਸਰਕਾਰ ਕਣਕ, ਚੌਲ ਅਤੇ ਡੇਅਰੀ ਵਰਗੀਆਂ ਮੁੱਖ ਫ਼ਸਲਾਂ ਨੂੰ ਦਰਾਮਦ ਡਿਊਟੀਆਂ ਲਗਾਉਂਦੀ ਹੈ ਅਤੇ ਸਮਰਥਨ ਮੁੱਲ ਦਿੰਦੀ ਹੈ।

ਉਹ ਕਹਿੰਦੇ ਹਨ, "ਪਰ ਇਸ ਨਾਲ ਵੀ ਵਿਸ਼ਵਾਸ ਨਹੀਂ ਬਣਦਾ।''

ਚਾਰ ਸਾਲ ਪਹਿਲਾਂ, ਹਜ਼ਾਰਾਂ ਕਿਸਾਨਾਂ ਨੇ ਮੁੱਖ ਤੌਰ 'ਤੇ ਕਣਕ ਅਤੇ ਚੌਲਾਂ ਲਈ ਬਿਹਤਰ ਕੀਮਤਾਂ ਅਤੇ ਘੱਟੋ-ਘੱਟ ਸਰਕਾਰੀ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਦੀ ਮੰਗ ਕਰਦੇ ਹੋਏ ਵਿਰੋਧ ਪ੍ਰਦਰਸ਼ਨ ਕੀਤੇ ਸਨ।

ਧਰ ਕਹਿੰਦੇ ਹਨ, "ਵਾਧੂ ਅਨਾਜ ਵੇਚਣ ਵਾਲੇ ਮੁਕਾਬਲਤਨ ਅਮੀਰ ਕਿਸਾਨ ਵੀ ਛੇਤੀ ਕੋਈ ਬਦਲਾਅ ਨਹੀਂ ਦੇਖਦੇ। ਅਤੇ ਜੇਕਰ ਉਹ ਅਜਿਹਾ ਮਹਿਸੂਸ ਕਰਦੇ ਹਨ, ਤਾਂ ਤੁਸੀਂ ਗੁਜ਼ਾਰਾ ਕਰਨ ਵਾਲੇ ਕਿਸਾਨਾਂ ਦੀ ਦੁਰਦਸ਼ਾ ਦੀ ਕਲਪਨਾ ਕਰੋ।''

ਘਰੇਲੂ ਅਸੰਤੋਸ਼ ਤੋਂ ਪਰੇ, ਵਪਾਰ ਸਬੰਧੀ ਹੁੰਦੀ ਗੱਲਬਾਤ ਇਸ ਖੇਤਰ ਦੀ ਜਟਿਲਤਾ ਦੀ ਇੱਕ ਹੋਰ ਪਰਤ ਜੋੜਦੀ ਹੈ।

ਦਾਸ ਕਹਿੰਦੇ ਹਨ ਕਿ ਭਾਰਤ ਲਈ ਅਸਲ ਚੁਣੌਤੀ ਇਹ ਹੋਵੇਗੀ ਕਿ "ਅਮਰੀਕਾ ਨਾਲ ਇੱਕ ਸਮਝੌਤਾ ਕਿਵੇਂ ਕੀਤਾ ਜਾਵੇ ਜੋ ਖੇਤੀਬਾੜੀ ਵਿੱਚ ਅਮਰੀਕਾ ਦੇ ਬਰਾਮਦ ਵਾਲੇ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਖੇਤੀਬਾੜੀ ਖੇਤਰ ਵਿੱਚ ਭਾਰਤ ਦੇ ਹਿੱਤਾਂ ਨੂੰ ਵੀ ਸੰਤੁਲਿਤ ਕਰੇ"।

## ਤਾਂ ਅੱਗੇ ਦਾ ਰਸਤਾ ਕੀ ਹੈ?

ਸ਼੍ਰੀਵਾਸਤਵ ਕਹਿੰਦੇ ਹਨ, "ਭਾਰਤ ਨੂੰ ਆਪਣੇ ਖੇਤੀਬਾੜੀ ਖੇਤਰ ਨੂੰ ਖੋਲ੍ਹਣ ਲਈ ਅਮਰੀਕੀ ਦਬਾਅ ਅੱਗੇ ਨਹੀਂ ਝੁਕਣਾ ਚਾਹੀਦਾ। ਉਹ ਚੇਤਾਵਨੀ ਦਿੰਦੇ ਹਨ ਕਿ ਅਜਿਹਾ ਕਰਨ ਨਾਲ ਲੱਖਾਂ ਲੋਕਾਂ ਦੀ ਰੋਜ਼ੀ-ਰੋਟੀ ਵਿੱਚ ਵਿਘਨ ਪਵੇਗਾ, ਭੋਜਨ ਸੁਰੱਖਿਆ ਨੂੰ ਖ਼ਤਰਾ ਹੋਵੇਗਾ ਅਤੇ ਸਥਾਨਕ ਬਾਜ਼ਾਰਾਂ ਵਿੱਚ ਸਸਤੀ ਦਰਾਮਦ ਹੋਵੇਗੀ।"

ਉਹ ਕਹਿੰਦੇ ਹਨ, "ਭਾਰਤ ਨੂੰ ਆਪਣੇ ਰਾਸ਼ਟਰੀ ਹਿੱਤਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਆਪਣੀ ਪੇਂਡੂ ਅਰਥਵਿਵਸਥਾ ਦੀ ਰੱਖਿਆ ਕਰਨੀ ਚਾਹੀਦੀ ਹੈ। ਵਪਾਰਕ ਸਹਿਯੋਗ ਸਾਡੇ ਕਿਸਾਨਾਂ, ਖੁਰਾਕ ਸਬੰਧੀ ਪ੍ਰਭੂਸੱਤਾ ਜਾਂ ਨੀਤੀਗਤ ਖੁਦਮੁਖਤਿਆਰੀ ਦੀ ਕੀਮਤ 'ਤੇ ਨਹੀਂ ਆਉਣਾ ਚਾਹੀਦਾ।"

ਮਾਹਰ ਕਹਿੰਦੇ ਹਨ ਕਿ ਲੰਬੇ ਸਮੇਂ ਲਈ, ਭਾਰਤ ਨੂੰ ਆਪਣੀ ਖੇਤੀਬਾੜੀ ਨੂੰ ਆਧੁਨਿਕ ਬਣਾਉਣਾ ਚਾਹੀਦਾ ਹੈ, ਵਧੇਰੇ ਲਾਹੇਵੰਦ ਬਣਾਉਣਾ ਚਾਹੀਦਾ ਹੈ, ਅਤੇ ਬਰਾਮਦਗੀ ਨੂੰ ਵਧਾਉਣ ਲਈ ਵਧੇਰੇ ਪ੍ਰਤੀਯੋਗੀ ਬਣਨਾ ਚਾਹੀਦਾ ਹੈ।

ਖੇਤੀਬਾੜੀ-ਕਾਰੋਬਾਰ ਓਲਮ ਦੇ ਯੂਨੁਐਮ ਕੌਸ਼ਿਕ ਦਾ ਅਨੁਮਾਨ ਹੈ ਕਿ ਉੱਚ ਵਿਸ਼ਵ ਉਪਜ ਦੇ ਨਾਲ, ਭਾਰਤ 200 ਮਿਲੀਅਨ ਮੀਟ੍ਰਿਕ ਟਨ ਝੋਨੇ ਦਾ ਵਾਧੂ ਉਤਪਾਦਨ ਕਰ ਸਕਦਾ ਹੈ - ਜੋ ਕਿ ਵਿਸ਼ਵ ਵਪਾਰ ਦੀ ਸਪਲਾਈ ਕਰਨ ਅਤੇ ਭੁੱਖਮਰੀ ਨਾਲ ਲੜਨ ਲਈ ਕਾਫ਼ੀ ਹੈ।

ਧਰ ਕਹਿੰਦੇ ਹਨ, "ਇੱਕ ਤਰ੍ਹਾਂ ਨਾਲ, ਟਰੰਪ ਸਾਨੂੰ ਸ਼ੀਸ਼ਾ ਦਿਖਾ ਰਹੇ ਹਨ। ਅਸੀਂ ਖੇਤੀਬਾੜੀ ਦੀ ਉਤਪਾਦਕ ਸਮਰੱਥਾ ਵਿੱਚ ਨਿਵੇਸ਼ ਦੇ ਮਾਮਲੇ ਵਿੱਚ ਬਹੁਤ ਘੱਟ ਕੰਮ ਕੀਤਾ ਹੈ। ਫਿਲਹਾਲ ਲਈ, ਸਮਾਂ ਖਰੀਦਣਾ ਸਭ ਤੋਂ ਵਧੀਆ ਰਣਨੀਤੀ ਹੈ - ਸ਼ਾਇਦ ਅਮਰੀਕਾ ਨੂੰ ਉਦਯੋਗਿਕ ਵਸਤੂਆਂ ਦੇ ਸਸਤੇ ਦਰਾਮਦ ਦੀ ਪੇਸ਼ਕਸ਼ ਕਰਨਾ।"

ਪਰ ਉਹ ਕਹਿੰਦੇ ਹਨ ਕਿ ਸਭ ਤੋਂ ਵਧੀਆ ਨਤੀਜੇ ਲਈ ਭਾਰਤ ਨੂੰ "ਮੁਸ਼ਕਿਲ ਦਾਅ ਖੇਡਣਾ" ਪਵੇਗਾ। ਕੁੱਲ ਮਿਲਾ ਕੇ, ਅਮਰੀਕਾ ਨੂੰ ਦੱਸੋ - ਅਸੀਂ ਹੋਰ ਮੋਰਚਿਆਂ 'ਤੇ ਗੱਲਬਾਤ ਲਈ ਤਿਆਰ ਹਾਂ, ਪਰ ਸਾਡੀ ਖੇਤੀਬਾੜੀ ਨੂੰ ਅਸਥਿਰ ਨਾ ਕਰੋ"।

ਸਪੱਸ਼ਟ ਤੌਰ 'ਤੇ, ਮਜ਼ਬੂਤ ਸਥਿਤੀ ਤੋਂ ਗੱਲਬਾਤ ਕਰਨਾ ਭਾਰਤ ਲਈ ਚੁਣੌਤੀ ਹੈ - ਕਿ ਕਿਵੇਂ ਆਪਣੀ ਪੇਂਡੂ ਰੀੜ੍ਹ ਦੀ ਹੱਡੀ (ਖੇਤੀ) ਦੀ ਰੱਖਿਆ ਕਰਦੇ ਹੋਏ, ਵਾਸ਼ਿੰਗਟਨ ਨੂੰ ਗੱਲਬਾਤ ਵਾਲੀ ਮੇਜ਼ 'ਤੇ ਬਣਾਏ ਰੱਖਣ ਲਈ ਚੰਗੀ ਪੇਸ਼ਕਸ਼ ਕੀਤੀ ਜਾਵੇ।

ਆਖ਼ਰਕਾਰ, ਖੇਤੀਬਾੜੀ ਵਾਂਗ ਵਿਸ਼ਵ ਵਪਾਰ ਵਿੱਚ ਵੀ ਸਮਾਂ ਅਤੇ ਸਬਰ ਅਕਸਰ ਸਭ ਤੋਂ ਵਧੀਆ ਫ਼ਸਲ ਦਿੰਦੇ ਹਨ।

ਹਾਲਾਂਕਿ, ਫੈਸਲਾ ਇਸ ਗੱਲ 'ਤੇ ਵੀ ਨਿਰਭਰ ਹੈ ਕਿ ਕੀ ਟਰੰਪ ਇੰਤਜ਼ਾਰ ਕਰਨ ਲਈ ਤਿਆਰ ਹਨ

# 19 ਕਿਲੋ ਵਾਲਾ LPG ਕਮਰਸ਼ੀਅਲ ਸਿਲੰਡਰ ਹੋਇਆ ਸਸਤਾ, ਅੱਜ ਤੋਂ ਲਾਗੂ ਹੋਈਆਂ ਨਵੀਆਂ ਕੀਮਤਾਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਨਵੇਂ ਵਿੱਤੀ ਸਾਲ ਦੀ ਸ਼ੁਰੂਆਤ ਦੇ ਨਾਲ ਹੀ ਤੇਲ ਮਾਰਕੀਟਿੰਗ ਕੰਪਨੀਆਂ ਨੇ ਐਲਪੀਜੀ ਗੈਸ ਦੀਆਂ ਕੀਮਤਾਂ ਘਟਾ ਦਿੱਤੀਆਂ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ 19 ਕਿਲੋਗ੍ਰਾਮ ਵਾਲੇ ਕਮਰਸ਼ੀਅਲ ਐਲਪੀਜੀ ਗੈਸ ਸਿਲੰਡਰ ਦੀ ਕੀਮਤ ਵਿੱਚ 41 ਰੁਪਏ ਦੀ ਵੱਡੀ ਕਟੌਤੀ ਕੀਤੀ ਗਈ ਹੈ। ਇਸ ਤਾਜ਼ਾ ਕਟੌਤੀ ਤੋਂ ਬਾਅਦ, ਦਿੱਲੀ ਵਿੱਚ 19 ਕਿਲੋਗ੍ਰਾਮ ਵਪਾਰਕ ਐਲਪੀਜੀ ਗੈਸ ਸਿਲੰਡਰ ਦੀ ਕੀਮਤ ਹੁਣ 1762 ਰੁਪਏ ਹੋ ਗਈ ਹੈ। ਨਵੀਆਂ ਕੀਮਤਾਂ 1 ਅਪ੍ਰੈਲ, 2025 ਤੋਂ ਲਾਗੂ ਹੋ ਗਈਆਂ ਹਨ। ਤੁਹਾਨੂੰ ਦੱਸ ਦੇਈਏ ਕਿ ਇਸ ਕਟੌਤੀ ਤੋਂ ਪਹਿਲਾਂ, ਦਿੱਲੀ ਵਿੱਚ 19 ਕਿਲੋਗ੍ਰਾਮ ਵਪਾਰਕ ਐਲਪੀਜੀ ਗੈਸ ਸਿਲੰਡਰ ਦੀ ਕੀਮਤ 1803 ਰੁਪਏ ਸੀ।

ਤੇਲ ਮਾਰਕੀਟਿੰਗ ਕੰਪਨੀਆਂ ਦੇ ਇਸ ਫੈਸਲੇ ਨਾਲ ਕਰੋੜਾਂ ਲੋਕਾਂ ਨੂੰ ਰਾਹਤ ਮਿਲੇਗੀ ਜੋ ਢਾਬਿਆਂ, ਰੈਸਟੋਰੈਂਟਾਂ, ਹੋਟਲਾਂ ਵਰਗੀਆਂ ਥਾਵਾਂ 'ਤੇ ਖਾਣਾ ਪਕਾਉਣ ਲਈ ਇਨ੍ਹਾਂ ਵਪਾਰਕ ਐਲਪੀਜੀ ਗੈਸ ਸਿਲੰਡਰਾਂ ਦੀ ਵਰਤੋਂ ਕਰਦੇ ਹਨ।

ਅੱਜ ਤੋਂ ਲਾਗੂ ਹੋਈ ਇਸ ਨਵੀਂ ਕਟੌਤੀ ਤੋਂ ਬਾਅਦ, ਕੋਲਕਾਤਾ ਵਿੱਚ 19 ਸਿਲੰਡਰ ਵਾਲੇ ਵਪਾਰਕ ਐਲਪੀਜੀ ਗੈਸ ਸਿਲੰਡਰ ਦੀ ਕੀਮਤ 1872 ਰੁਪਏ ਹੋ ਗਈ ਹੈ, ਜੋ ਪਹਿਲਾਂ 1913 ਰੁਪਏ ਸੀ। ਮੁੰਬਈ ਵਿੱਚ ਵਪਾਰਕ ਗੈਸ ਸਿਲੰਡਰ ਦੀ ਕੀਮਤ 1714.50 ਰੁਪਏ ਹੋ ਗਈ ਹੈ, ਜੋ ਪਹਿਲਾਂ 1755.50 ਰੁਪਏ ਸੀ ਅਤੇ ਚੇਨਈ ਵਿੱਚ ਵਪਾਰਕ ਗੈਸ ਸਿਲੰਡਰ ਦੀ ਕੀਮਤ ਹੁਣ 1924 ਰੁਪਏ ਹੋ ਗਈ ਹੈ, ਜੋ ਪਹਿਲਾਂ 1965 ਰੁਪਏ ਸੀ।

ਤੁਹਾਨੂੰ ਦੱਸ ਦੇਈਏ ਕਿ ਤੇਲ ਮਾਰਕੀਟਿੰਗ ਕੰਪਨੀਆਂ ਹਰ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਐਲਪੀਜੀ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਸੋਧ ਕਰਦੀਆਂ ਹਨ। ਕੰਪਨੀਆਂ ਲੋੜ ਅਨੁਸਾਰ ਗੈਸ ਸਿਲੰਡਰਾਂ ਦੀ ਕੀਮਤ ਵਧਾਉਂਦੀਆਂ ਜਾਂ ਘਟਾਉਂਦੀਆਂ ਹਨ। ਕੰਪਨੀਆਂ ਨੇ ਆਖਰੀ ਵਾਰ 1 ਮਾਰਚ ਤੋਂ ਵਪਾਰਕ ਐਲਪੀਜੀ ਗੈਸ ਸਿਲੰਡਰ ਦੀ ਕੀਮਤ ਵਿੱਚ 6 ਰੁਪਏ ਦਾ ਵਾਧਾ ਕੀਤਾ ਸੀ।

ਹਾਲਾਂਕਿ, ਘਰਾਂ ਵਿੱਚ ਵਰਤੇ ਜਾਣ ਵਾਲੇ 14.2 ਕਿਲੋਗ੍ਰਾਮ ਐਲਪੀਜੀ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ। 14.2 ਕਿਲੋਗ੍ਰਾਮ ਵਾਲੇ ਐਲਪੀਜੀ ਗੈਸ ਸਿਲੰਡਰ ਦੀ ਕੀਮਤ ਦਿੱਲੀ ਵਿੱਚ 803 ਰੁਪਏ, ਕੋਲਕਾਤਾ ਵਿੱਚ 829 ਰੁਪਏ, ਮੁੰਬਈ ਵਿੱਚ 802.50 ਰੁਪਏ ਅਤੇ ਚੇਨਈ ਵਿੱਚ 818.50 ਰੁਪਏ ਹੈ।

# ਖੰਡ ਜਿਸਨੂੰ ਹੁਣ ਜ਼ਹਿਰ ਕਹਿੰਦੇ ਨੇ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਸਮਾਂ ਬੜਾ ਬਦਲ ਗਿਆ ਹੈ। ਦੇਸ਼ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ। ਖਪਤਕਾਰੀ ਦਾ ਸਭਿਆਚਾਰ ਵੱਧ ਰਿਹਾ ਹੈ। ਲੋਕਾਂ ਦੇ ਖਾਣ ਪੀਣ ਪਹਿਨਣ ਤੇ ਹੋਰ ਜੀਵਨ ਸ਼ੈਲੀ ਬਦਲ ਚੁੱਕੇ ਨੇ। ਲੋਕਾਂ ਦੀ ਆਮਦਨ ਵੱਧ ਗਈ ਹੈ। ਲੋਕਾਂ ਦੇ ਘਰ ਫਰਿੱਜ ਖਾਣ ਪੀਣ ਦੀਆਂ ਚੀਜ਼ਾਂ ਨਾਲ ਭਰੇ ਪਏ ਨੇ। ਅੱਜਕਲ੍ਹ ਬੱਚਿਆਂ ਨੂੰ ਖੁੱਲ੍ਹਾ ਖਾਣ ਪੀਣ ਨੂੰ ਮਿਲਦਾ ਦਾ ਹੈ।ਪਰ ਅੱਸੀ ਨੱਬੇ ਦੇ ਦਹਾਕੇ ਵਿਚ ਅਜਿਹੀ ਗੱਲ ਨੀ ਸੀ। ਸੰਯੁਕਤ ਪਰਿਵਾਰ ਪ੍ਰਣਾਲੀ ਜਿਆਦਾ ਸੀ। ਉਦੋਂ ਇਸ ਪ੍ਰਣਾਲੀ ਵਿਚ ਚੀਜ਼ਾਂ ਘੱਟ ਹੀ ਬੱਚਿਆਂ ਦੇ ਹਿੱਸੇ ਆਉਂਦੀਆਂ ਸੀ ਜਿਸ ਦਾ ਦਾਅ ਪਹਿਲਾਂ ਲੱਗ ਗਿਆ। ਬਾਕੀ ਮੂੰਹ ਜਾ ਬਣਾ ਕੇ ਬਹਿ ਜਾਂਦੇ ਸੀ। ਮਾਂ ਪਿਉ ਨਾਲੋਂ ਵੱਧ ਚਾਚੇ ਤਾਇਆਂ ਦਾ ਡਰ ਰਹਿੰਦਾ ਸੀ ਵੀ ਪਤਾ ਨੀ ਕਿਧਰੋਂ ਤੇ ਕਿਹੜੀ ਗੱਲ ਤੇ ਸੇਵਾ ਹੋ ਜਾਵੇ। ਡਰਦੇ ਕੀ ਵਾਰ ਚੀਜ਼ ਵੀ ਨਾ ਮੰਗਦੇ।ਹੁਣ ਦੇ ਬੱਚੇ ਅੜ੍ਹਕੇ ਚੀਜ਼ਾਂ ਲੈਂਦੇ । ਬਹੁਤੀਆਂ ਇੱਛਾਵਾਂ ਤਾਂ ਦਿਲ ਵੀ ਰਹਿ ਜਾਂਦੀਆਂ ਸਨ। ਕੁਝ ਦਿਨ ਪਹਿਲਾਂ ਬਜ਼ੁਰਗਾਂ ਦਾ ਸ਼ੂਗਰ ਟੈਸਟ ਕਰਵਾਉਣ ਗਿਆ । ਉਹਨਾਂ ਨੂੰ ਸ਼ੂਗਰ ਤਾਂ ਕੀ ਆਉਣਾ ਸੀ। ਪਰ ਬੈਠੇ ਬੈਠੇ ਖੰਡ ਦੀ ਗੱਲ ਚੱਲ ਪਈ। ਬੈਠੇ ਬੈਠੇ ਧਿਆਨ ਪੁਰਾਣੇ ਸਮਿਆਂ ਵਿੱਚ ਚਲਾ ਗਿਆ। ਜਦੋਂ ਖੰਡ ਘਰ ਵਿੱਚ ਘੱਟ ਹੀ ਹੁੰਦੀ ਸੀ। ਘਰ ਦਾ ਗੁੜ ਹੀ ਹੁੰਦਾ ਸੀ।ਖੰਡ ਤਾਂ ਕਿਤੇ ਡੀਪੂ ਤੋਂ ਰਾਸ਼ਨ ਕਾਰਡ ਤੇ ਮਿਲਦੀ ਸੀ ।ਉਹ ਵੀ ਪਰਿਵਾਰ ਦੀ ਗਿਣਤੀ ਮੁਤਾਬਕ। ਜਿਸ ਦਿਨ ਮਿਲਦੀ ਫਿਰ ਦਾਦੀ ਦੇ ਮਤਲਬ ਘਰ ਦੀ ਮਾਲਕਣ ਦੁਆਲੇ ਕੌਲੀਆਂ ਲੈਕੇ ਹੋ ਜਾਂਦੇ ਵੀ ਥੋੜ੍ਹੀ ਬਹੁਤ ਮਿਲ ਜਾਵੇ ਮਿਹਨਤ ਪੱਲੇ ਪੈ ਜਾਂਦੀ ਸੀ।ਦਾਦੀ ਖੰਡ ਸੰਭਾਲ ਕੇ ਰੱਖਦੀ ਕਿ ਜਿਸ ਦਿਨ ਕੋਈ ਪ੍ਰਾਹੁਣਾ ਆਇਆ ਕੰਮ ਆਉ।ਮਤਲਬ ਪੂਰੀ ਨਿਗਰਾਨੀ ਵਿਚ ਖੰਡ ਰੱਖੀ ਜਾਂਦੀ ਸੀ।ਕਈ ਵਾਰ ਤਾਂ ਭਾਲੇ ਤੋਂ ਵੀ ਨਾ ਮਿਲਦੀ ।ਜਿਹੜੀ ਕਿ ਹੁਣ ਆਮ ਘਰਾਂ ਵਿਚ ਪਈ ਰਹਿੰਦੀ ਹੈ। ਜੇਕਰ ਕੋਈ ਗੁਆਂਢਣ ਵੀ ਕਿਸੇ ਦੇ ਘਰ ਜਾਂਦੀ ਤਾਂ ਚਾਹ ਦੇ ਮਜ਼ਾਕ ਨੂੰ ਵੀ ਇਹ ਕਿਹਾ ਜਾਂਦਾ,”ਕਿਉਂ ਖੰਡ ਦੀ ਬਣਾਈ ਐ?”ਇੱਕ ਦਿਨ ਮੇਰੇ ਤੇ ਮੇਰੀ ਭੈਣ ਦੇ ਇਹ ਗੱਲ ਕੰਨੀ ਪੈ ਗਈ ਕਿ ਅੱਜ ਵੱਡੇ ਪ੍ਰਾਹੁਣੇ ਨੇ ਆਉਣਾ ਹੈ।ਨਿੱਤ ਨਿੱਤ ਗੁੜ ਦੀ ਚਾਹ ਪੀ ਪੀ ਅੱਕੇ ਹੋਇਆ ਨੇ ਸਵੇਰੇ ਹੀ ਬਹਾਨਾ ਬਣਾਤਾ ਵੀ ਅੱਜ ਸਕੂਲ ਨਾ ਜਾਣਾ ਪਵੇ।ਪਤਾ ਸੀ ਵੀ ਅੱਜ ਖੰਡ ਦੀ ਚਾਹ ਬਣੂ।ਦਪਿਹਰ ਵੇਲੇ ਜਾਕੇ ਕਿਤੇ ਇੱਛਾ ਪੂਰੀ ਹੋਈ।ਅੱਜ ਹਰੇਕ ਘਰ ਇੱਕ ਦੋ ਮਰੀਜ਼ ਸ਼ੂਗਰ ਨਾਲ ਪੀੜਤ ਹਨ। ਲੋਕ ਸੌ ਸੌਂ ਓਹੜ ਪੋਹੜ ਕਰਦੇ ਨੇ ਦਵਾਈਆਂ ਲੈਂਦੇ ਨੇ।ਖੰਡ ਹੁਣ ਜਹਿਰ ਬਣ ਗਈ ਹੈ। ਵਿਆਹ ਸ਼ਾਦੀਆਂ ਭੋਗਾਂ ਵਿਚ ਦੋ ਚਾਹ ਦੀ ਟੈਂਕੀਆਂ ਰੱਖੀਆਂ ਜਾਂਦੀਆਂ ਨੇ ਮਿੱਠੀ ਤੇ ਫਿੱਕੀ ਚਾਹ।ਦੇਸ਼ ਸ਼ੂਗਰ ਮੰਡੀ ਬਣਦਾ ਜਾ ਰਿਹਾ ਹੈ ਕੋਈ ਜਾਮਣ ਦੱਸਦਾ ਹੈ ਕੋਈ ਕਰੇਲੇ ਦਾ ਜੂਸ ਦੱਸਦਾ ਹੈ। ਜਿੰਨਿਆਂ ਨੂੰ ਮਿਲੇ ਓਨੇ ਵੈਦ।ਪਰ ਫਰਕ ਕਿਸੇ ਨੂੰ ਨਹੀਂ।ਅੰਤ ਵਿੱਚ ਕਹਿ ਦਿੰਦੇ ਨੇ ਵੀ ਖੰਡ ਜ਼ਹਿਰ ਹੈ ਇਸ ਉਤੇ ਕੰਟਰੋਲ ਕਰੋ। ਚਲੋ ਰਿਪੋਰਟ ਮਿਲੀ ਮੋਟਰਸਾਈਕਲ ਤੇ ਬਜ਼ੁਰਗਾਂ ਨੂੰ ਬਿਠਾ ਕੇ ਸੋਚਦਾ ਜਾ ਰਿਹਾ ਸੀ ਵੀ ਅੰਗਰੇਜ਼ਾਂ ਨੇ ਸਾਨੂੰ ਮੁਫ਼ਤ ਵਿੱਚ ਚਾਹ ਪਿਆ ਕੇ ਚੰਗੇ ਰੋਗੀ ਬਣਾ ਲਿਆ ਹੈ।ਫਿਰ ਸਾਨੂੰ ਕੋਕ ਪਿਆਇਆ।ਫਿਰ ਫਰੀ ਫੈਂਟਾ ਦੇ ਕੇ ਮੋਬਾਈਲ ਦੇ ਰੋਗੀ ਬਣਾ ਦਿੱਤਾ।ਅਸੀਂ ਦਹੀਂ ਲੱਸੀਆਂ ਖਾਂਦੇ ਪੀਂਦੇ ਸੀ ਖੇਤਾਂ ਬੰਨਿਆਂ ਤੇ ਅਤੇ ਖੇਡ ਮੈਦਾਨ ਵਿੱਚ ਜੋਰ ਲਗਾਉਂਦੇ ਸੀ ,ਵਧੀਆ ਵੀ ਰਹਿੰਦੇ ਸੀ। ਲੋਕ ਜਾਣਦੇ ਵੀ ਨਹੀਂ ਸੀ ਕਿ ਖੰਡ ਵਾਲ਼ੀ ਚਾਹ ਹੀ ਇੱਕ ਜ਼ਹਿਰ ਬਣ ਜਾਵੇਂਗੀ।

ਜਗਤਾਰ ਲਾਡੀ
9463603091

# ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਸੂਬਾਈ ਪ੍ਰਤੀਨਿਧ ਕੌਂਸਲ ਦਾ ਜਥੇਬੰਦਕ ਇਜਲਾਸ ਪੰਜਾਬੀ ਭਵਨ ਲੁਧਿਆਣਾ ਵਿਖੇ 8 ਨੂੰ,,,

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਮਾਨਸਾ, 01 ਅਪ੍ਰੈਲ (ਆਤਮਾ ਸਿੰਘ ਪਮਾਰ) ਅਧਿਆਪਕ, ਵਿਦਿਆਰਥੀ ਹੱਕਾਂ ਅਤੇ ਜਨਤਕ ਸਿੱਖਿਆ ਨੂੰ ਬਚਾਉਣ ਲਈ ਹਮੇਸ਼ਾ ਸੰਘਰਸ਼ ਦੇ ਮੈਦਾਨ ‘ਚ ਰਹਿਣ ਵਾਲੀ ਜੁਝਾਰੂ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਸੂਬਾ ਪ੍ਰਤੀਨਿਧ ਕੌਂਸਲ ਦਾ ਜਥੇਬੰਦਕ ਇਜਲਾਸ 8 ਅਪ੍ਰੈਲ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਕਰਵਾਇਆ ਜਾ ਰਿਹਾ ਹੈ|ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਡੀ ਟੀ ਐਫ਼ ਜਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਸਿੰਘ ਤਾਮਕੋਟ ਅਤੇ ਹਰਜਿੰਦਰ ਅਨੂਪਗੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਅਧਿਆਪਕ ਵਰਗ ਜਿੱਥੇ ਲੋਕ ਵਿਰੋਧੀ ਆਰਥਿਕ ਨੀਤੀਆਂ ਦੀ ਭਾਰੀ ਮਾਰ ਝੱਲ ਰਿਹਾ ਹੈ, ਉੱਥੇ ਕੇਂਦਰ ਅਤੇ ਪੰਜਾਬ ਦੀ ਸਰਕਾਰ ਵਿਸ਼ਵੀਕਰਨ-ਨਿਜੀਕਰਨ-ਉਦਾਰੀਕਰਨ ਦੀਆਂ ਨੀਤੀਆਂ ਦੀ ਲੀਹ ‘ਤੇ ਚਲਦਿਆਂ ਜਨ ਵਿਰੋਧੀ ਮਾਰੂ ਸਿੱਖਿਆ ਨੀਤੀ 2020 ਨੂੰ ਧੜੱਲੇ ਨਾਲ ਲਾਗੂ ਕਰਕੇ ਸਿੱਖਿਆ ਦਾ ਕੇਂਦਰੀਕਰਣ, ਭਗਵਾਕਰਨ ਕਰਨ ਦੇ ਨਾਲ ਨਾਲ ਇਸਨੂੰ ਨਿੱਜੀ ਹੱਥਾਂ ਵਿੱਚ ਸੌਂਪ ਕੇ ਜਨਤਕ ਸਿੱਖਿਆ ਦਾ ਭੋਗ ਪਾਉਣ ਲਈ ਪੱਬਾਂ ਭਾਰ ਹੈ।ਆਗੂਆਂ ਨੇ ਕਿਹਾ ਕਿ ਸਿੱਖਿਆ ਨੂੰ ਮੌਜੂਦਾ ਚੁਣੌਤੀਆਂ ਦੇ ਸਨਮੁੱਖ ਇਸ ਸੂਬਾ ਇਜਲਾਸ ਵਿੱਚ ਸਿੱਖਿਆ ਵਿਰੋਧੀ ਨੀਤੀਆਂ ‘ਤੇ ਵਿਚਾਰ ਚਰਚਾ, ਇਹਨਾਂ ਨੂੰ ਮੋੜਾ ਦੇਣ ਲਈ ਇੱਕ ਵੱਡੀ ਲੋਕ ਲਹਿਰ ਦੀ ਉਸਾਰੀ ਹਿਤ ਜਥੇਬੰਦੀ ਨੂੰ ਹੋਰ ਮਜਬੂਤ ਕਰਨ ਬਾਰੇ ਯੋਜਨਾਬੰਦੀ ਕੀਤੀ ਜਾਵੇਗੀ। ਕੁੱਝ ਸੰਵਿਧਾਨਕ ਸੋਧਾਂ ਕਰਨ ਦੇ ਨਾਲ ਨਾਲ ਸਰਕਾਰੀ ਤੌਰ ‘ਤੇ ਸੇਵਾ ਮੁਕਤ ਹੋਏ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਥਾਂ ਨਵੇਂ ਸੂਬਾ ਜਨਰਲ ਸਕੱਤਰ ਦੀ ਚੋਣ ਵੀ ਕੀਤੀ ਜਾਵੇਗੀ। ਇਸ ਮੌਕੇ ਭਵਿੱਖੀ ਸੰਘਰਸ਼ ਦਾ ਐਲਾਨ ਵੀ ਕੀਤਾ ਜਾਵੇਗਾ|ਇਸ ਮੌਕੇ ਰਾਜਵਿੰਦਰ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ,ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰਪਾਲ ਸਿੰਘ ਆਦਿ ਅਧਿਆਪਕ ਆਗੂ ਵੀ ਹਾਜ਼ਰ ਸਨ

# ਕੇਂਦਰ ਸਰਕਾਰ ਨੇ 24 ਰੁਪਏ ਨਰੇਗਾ ਮਜਦੂਰਾਂ ਦਾ ਵਧਾ ਕੀਤਾ ਕੋਝਾ ਮਜਾਕ :- ਕਾਮਰੇਡ ਵੀਰ ਸਿੰਘ ਕੰਮੇਆਣਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਫ਼ਰੀਦਕੋਟ- ਅੱਜ ਨਰੇਗਾ ਰੁਜਗਾਰ ਪ੍ਰਾਪਤ ਮਜਦੂਰ ਯੂਨੀਅਨ ਫ਼ਰੀਦਕੋਟ ਦੇ ਜ਼ਿਲਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਜੀ ਪ੍ਰੈਸ ਨਾਲ ਗੱਲਬਾਤ ਦੌਰਾਨ ਦੱਸਿਆਂ ਕਿ ਕੇਂਦਰ ਸਰਕਾਰ ਨਾਲ ਨੇ ਨਰੇਗਾ ਮਜਦੂਰਾਂ ਨਾਲ 24 ਰੁਪਏ ਸਲਾਨਾ ਵਾਧਾ ਕਰ ਗਰੀਬ ਵਰਗ ਪਰਿਵਾਰਾਂ ਨਾਲ ਕੋਝਾ ਮਜਾਕ ਕੀਤਾ। ਓਨਾਂ ਨੇ ਦੱਸਿਆਂ ਕਈ ਪਿੰਡਾਂ ਵਿਚ ਨਰੇਗਾ ਮਜ਼ਦੂਰਾਂ ਨੂੰ ਪੂਰਾ ਪੈਸਾ ਨਹੀ ਦਿੱਤਾ ।

ਇਸ ਸਮੇਂ ਦੀ ਫੋਰਥ ਕਲਾਸ ਯੂਨੀਅਨ ਫ਼ਰੀਦਕੋਟ ਦੇ ਜਰਨਲ ਸਕੱਤਰ ਬਲਕਾਰ ਸਿੰਘ ਸਹੋਤਾ , ਪਰਮਜੀਤ ਸਿੰਘ ਸਾਬਕਾ ਐਮ. ਸੀ , ਚਰਨਜੀਤ ਸਿੰਘ ਚੰਮੇਲੀ, ਚਮਕੌਰ ਸਿੰਘ ਚੰਮੇਲੀ, ਮੱਖਣ ਸਿੰਘ ਰਾਜੇਵਾਲਾ ਅਤੇ ਕਰਮਜੀਤ ਸਿੰਘ ਪੱਕਾ ਆਦਿ ਆਗੂ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਪ੍ਰੀਮੀਅਮ ਲੀਗ ਵਿੱਚ ਡਾਕਟਰਜ਼ - xi-1 ਨੂੰ ਹਰਾ ਕੇ ਐਸਐਸਪੀ-xi-1 ਚੈਂਪੀਅਨ ਬਣਿਆ : ਡਾ. ਰਮਨ ਘਈ

## ਫਾਈਨਲ ਵਿੱਚ SSP-X1 - 4 ਵਿਕਟਾਂ ਨਾਲ ਜਿੱਤ ਪ੍ਰਾਪਤ ਕਰਕੇ ਸ਼ਹੀਦ ਭਗਤ ਸਿੰਘ ਪ੍ਰੀਮੀਅਮ ਕ੍ਰਿਕਟ ਲੀਗ ਜਿੱਤੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ 1 ਅਪ੍ਰੈਲ (ਤਰਸੇਮ ਦੀਵਾਨਾ ) ਸ਼ਹੀਦ ਭਗਤ ਸਿੰਘ ਜੀ ਨੂੰ ਸਮਰਪਿਤ ਪ੍ਰੀਮੀਅਮ ਕ੍ਰਿਕਟ ਲੀਗ ਦੇ ਫਾਈਨਲ ਮੈਚ ਵਿੱਚ, ਜੋ ਕਿ ਐਚਡੀਸੀਏ ਦੁਆਰਾ ਪੀਸੀਏ ਦੇ ਸਹਿਯੋਗ ਨਾਲ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਆਯੋਜਿਤ ਕੀਤਾ ਜਾ ਰਿਹਾ ਸੀ, ਐਸਐਸਪੀ-11 ਨੇ ਡਾਕਟਰ-11 ਨੂੰ 4 ਵਿਕਟਾਂ ਨਾਲ ਹਰਾ ਕੇ ਖਿਤਾਬ ਜਿੱਤਿਆ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਇਸ ਫਾਈਨਲ ਮੈਚ ਵਿੱਚ ਡਾਕਟਰਜ਼-11 ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕੀਤੀ ਅਤੇ 20 ਓਵਰਾਂ ਵਿੱਚ 196 ਦੌੜਾਂ ਬਣਾਈਆਂ। ਜਿਸ ਵਿੱਚ ਡਾ. ਗੁਰਮਿੰਦਰ ਨੇ 64 ਦੌੜਾਂ, ਡਾ. ਰਾਹੁਲ ਭਾਰਤੀ ਨੇ 43 ਦੌੜਾਂ, ਡਾ. ਰੋਹਿਤ ਰਜਤ ਨੇ 30 ਦੌੜਾਂ ਅਤੇ ਡਾ. ਰੁਪਿੰਦਰ ਸੰਧੂ ਨੇ 18 ਦੌੜਾਂ ਦਾ ਯੋਗਦਾਨ ਪਾਇਆ। ਐਸਐਸਪੀ-11 ਲਈ ਗੇਂਦਬਾਜ਼ੀ ਕਰਦੇ ਹੋਏ, ਰਾਕੇਸ਼ ਰੋਕੀ ਨੇ 3 ਵਿਕਟਾਂ, ਅਖਿਲ ਬਾਲੀ ਅਤੇ ਸੰਦੀਪ ਮਿੰਟੂ ਨੇ 2-2 ਵਿਕਟਾਂ ਲਈਆਂ, ਕਪਤਾਨ ਸੁਭਾਸ਼ ਚੰਦਰ, ਤਰਲੋਚਨ ਰਾਣਾ ਅਤੇ ਲਵਪ੍ਰੀਤ ਨੇ 1-1 ਖਿਡਾਰੀ ਨੂੰ ਆਊਟ ਕੀਤਾ। ਐਸਐਸਪੀ-11 ਨੇ 20 ਓਵਰਾਂ ਵਿੱਚ ਜਿੱਤ ਲਈ 197 ਦੌੜਾਂ ਦੇ ਟੀਚੇ ਨਾਲ ਬੱਲੇਬਾਜ਼ੀ ਕਰਨ ਲਈ ਉਤਰਿਆ ਅਤੇ ਫਿਰ 19.4 ਓਵਰਾਂ ਵਿੱਚ 6 ਵਿਕਟਾਂ ਦੇ ਨੁਕਸਾਨ ‘ਤੇ 200 ਦੌੜਾਂ ਬਣਾ ਕੇ 4 ਵਿਕਟਾਂ ਦੇ ਵੱਡੇ ਫਰਕ ਨਾਲ ਖਿਤਾਬ ਜਿੱਤਿਆ। ਐਸਐਸਪੀ-11 ਵੱਲੋਂ ਜਤਿੰਦਰ ਲਵਲੀ ਨੇ 60 ਦੌੜਾਂ, ਰਾਕੇਸ਼ ਰੋਕੀ ਨੇ 34 ਦੌੜਾਂ, ਸੰਦੀਪ ਮਿੰਟੂ ਅਤੇ ਲਵਪ੍ਰੀਤ ਨੇ 30-30 ਦੌੜਾਂ ਅਤੇ ਤਰਲੋਚਨ ਰਾਣਾ ਨੇ 20 ਦੌੜਾਂ ਬਣਾਈਆਂ ਅਤੇ ਐਸਐਸਪੀ-11 ਨੂੰ ਜਿੱਤ ਦਿਵਾਉਣ ਵਿੱਚ ਯੋਗਦਾਨ ਪਾਇਆ। ਡਾਕਟਰਜ਼-11 ਵੱਲੋਂ, ਡਾ. ਹਿਤੇਸ਼ ਅਗਰਵਾਲ ਅਤੇ ਡਾ. ਸਾਹਿਲ ਆਦਿਆ ਨੇ 2-2 ਵਿਕਟਾਂ ਲਈਆਂ ਜਦੋਂ ਕਿ ਡਾ. ਗੁਰਮਿੰਦਰ ਅਤੇ ਡਾ. ਰੁਪਿੰਦਰ ਸੰਧੂ ਨੇ 1-1 ਖਿਡਾਰੀ ਨੂੰ ਆਊਟ ਕੀਤਾ। ਇਸ ਤਰ੍ਹਾਂ, ਇਸ ਵੱਡੀ ਜਿੱਤ ਦੇ ਨਾਲ, SSP-11 ਨੇ ਜਗਰੂਕ ਪੰਜਾਬ ਪ੍ਰੀਮੀਅਮ ਲੀਗ ਦਾ ਖਿਤਾਬ ਜਿੱਤ ਲਿਆ। ਅੱਜ ਖੇਡੇ ਗਏ ਫਾਈਨਲ ਮੈਚ ਵਿੱਚ ਹੁਸ਼ਿਆਰਪੁਰ ਦੀ ਜ਼ਿਲ੍ਹਾ ਮੈਜਿਸਟ੍ਰੇਟ ਆਸ਼ਿਕਾ ਜੈਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਈ ਅਤੇ ਉਨ੍ਹਾਂ ਨੇ ਖਿਡਾਰੀਆਂ ਨਾਲ ਆਪਣੀ ਜਾਣ-ਪਛਾਣ ਕਰਵਾਈ ਅਤੇ ਉਨ੍ਹਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਜ਼ਿਲ੍ਹਾ ਮੈਜਿਸਟ੍ਰੇਟ ਆਸ਼ਿਕਾ ਜੈਨ ਨੇ ਕਿਹਾ ਕਿ ਜਿਸ ਤਰ੍ਹਾਂ ਸਰਕਾਰ ਨੇ ਪੂਰੇ ਪੰਜਾਬ ਵਿੱਚ ਨਸ਼ਿਆਂ ਨੂੰ ਖਤਮ ਕਰਨ ਲਈ ਮੁਹਿੰਮ ਚਲਾਈ ਹੈ, ਉਸੇ ਮੁਹਿੰਮ ਤਹਿਤ ਐਚਡੀਸੀਏ ਅਤੇ ਪੀਸੀਏ ਵੱਲੋਂ ਹੁਸ਼ਿਆਰਪੁਰ ਵਿੱਚ ਜਾਗਰੂਕਤਾ ਪੰਜਾਬ ਸ਼ਹੀਦ ਭਗਤ ਸਿੰਘ ਪ੍ਰੀਮੀਅਮ ਕ੍ਰਿਕਟ ਲੀਗ ਦਾ ਆਯੋਜਨ ਇੱਕ ਸ਼ਲਾਘਾਯੋਗ ਉਪਰਾਲਾ ਹੈ। ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਜਾਗਰੁਕ ਪੰਜਾਬ ਲੀਗ ਦੇ ਨੌਜਵਾਨਾਂ ਨੂੰ ਜਾਗਰੂਕ ਹੋ ਕੇ ਨਸ਼ਿਆਂ ਵਿਰੁੱਧ ਇੱਕਜੁੱਟ ਹੋ ਕੇ ਲੜਨਾ ਪਵੇਗਾ ਅਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਉਨ੍ਹਾਂ ਨੂੰ ਆਪਣੇ-ਆਪਣੇ ਖੇਤਰਾਂ ਵਿੱਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਕੇ ਇਸ ਮੁਹਿੰਮ ਵਿੱਚ ਸਰਕਾਰ ਦੇ ਨਾਲ ਅੱਗੇ ਆਉਣਾ ਪਵੇਗਾ। ਫਾਈਨਲ ਮੈਚ ਵਿੱਚ, ਜ਼ਿਲ੍ਹਾ ਮੈਜਿਸਟ੍ਰੇਟ ਆਸ਼ਿਕਾ ਜੈਨ ਨੇ ਜੇਤੂ ਐਸਐਸਪੀ-11, ਉਪ ਜੇਤੂ ਡਾਕਟਰ-11 ਅਤੇ ਪੂਰੇ ਮੁਕਾਬਲੇ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ। ਜਗਰੂਕ ਪੰਜਾਬ ਸ਼ਹੀਦ ਭਗਤ ਸਿੰਘ ਪ੍ਰੀਮੀਅਮ ਕ੍ਰਿਕਟ ਲੀਗ ਵਿੱਚ, ਡਾਕਟਰਜ਼-11 ਦੇ ਡਾ. ਦਲਜੀਤ ਖੇਲਣ ਨੂੰ ਟੂਰਨਾਮੈਂਟ ਦਾ ਸਭ ਤੋਂ ਵਧੀਆ ਕੈਚ ਲੈਣ ਲਈ ਵਿਸ਼ੇਸ਼ ਤੌਰ ‘ਤੇ ਸਨਮਾਨਿਤ ਕੀਤਾ ਗਿਆ ਅਤੇ ਡਾ. ਰੁਪਿੰਦਰ ਸੰਧੂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਮੈਨ ਆਫ਼ ਦ ਸੀਰੀਜ਼ ਅਤੇ ਡੀਸੀ-11 ਦੇ ਕੁਲਵਿੰਦਰ ਕੁੱਕੂ ਨੂੰ ਸਰਵੋਤਮ ਬੱਲੇਬਾਜ਼, ਕਾਰਪੋਰੇਸ਼ਨ-11 ਦੇ ਗਣੇਸ਼ ਸੂਦ ਨੂੰ ਸਰਵੋਤਮ ਗੇਂਦਬਾਜ਼, ਐਸਐਸਪੀ-11 ਦੇ ਤਰਲੋਚਨ ਰਾਣਾ ਨੂੰ ਸਰਵੋਤਮ ਫੀਲਡਰ ਅਤੇ ਐਸਐਸਪੀ-11 ਦੇ ਰਾਕੇਸ਼ ਰੋਕੀ ਨੂੰ ਫਾਈਨਲ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਮੈਨ ਆਫ਼ ਦ ਮੈਚ ਨਾਲ ਸਨਮਾਨਿਤ ਕੀਤਾ ਗਿਆ। ਫਾਈਨਲ ਮੈਚ ਵਿੱਚ ਆਸ਼ਿਕਾ ਜੈਨ ਦੇ ਵਿਸ਼ੇਸ਼ ਮੁੱਖ ਮਹਿਮਾਨ ਵਜੋਂ ਪਹੁੰਚਣ ‘ਤੇ ਐਚਡੀਸੀਏ ਦੇ ਪ੍ਰਧਾਨ ਡਾ. ਦਲਜੀਤ ਖੇਲਣ, ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ, ਟੂਰਨਾਮੈਂਟ ਕਮੇਟੀ ਦੇ ਚੇਅਰਮੈਨ ਡਾ. ਪੰਕਜ ਸ਼ਿਵ, ਸੰਯੁਕਤ ਸਕੱਤਰ ਵਿਵੇਕ ਸਾਹਨੀ, ਡਾ. ਅਰਦਸ਼ ਸੇਠੀ, ਐਡਵੋਕੇਟ ਅਰਵਿੰਦ ਸੂਦ, ਸੁਭਾਸ਼ ਸ਼ਰਮਾ, ਡਾ. ਜਤਿੰਦਰ ਸੂਦ, ਪ੍ਰਿੰਸੀਪਲ ਮੌਜੂਦ ਸਨ। ਅਮਿਤ ਠਾਕੁਰ, ਸਾਹਿਲ ਬਹਿਲ, ਮਨੋਜ ਓਹਰੀ, ਸਾਹਿਬ ਦਿਆਲ ਅਤੇ ਸਮੂਹ ਐਚਡੀਸੀਏ ਮੈਂਬਰਾਂ ਨੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਅੱਜ ਖੇਡੇ ਗਏ ਫਾਈਨਲ ਮੈਚ ਦੇ ਇਨਾਮ ਵੰਡ ਸਮਾਰੋਹ ਵਿੱਚ, ਐਚਡੀਸੀਏ ਦੀ ਪੰਜਾਬ ਟੀਮ ਦੀਆਂ ਖਿਡਾਰਨਾਂ, ਜਿਨ੍ਹਾਂ ਵਿੱਚ ਸੁਰਭੀ ਨਾਰਾਇਣ, ਅੰਜਲੀ ਸ਼ਿਮਰ, ਸ਼ਿਵਾਨੀ, ਨਿਰੰਕਾਰ, ਪੂਜਾ, ਸੋਹਾਨਾ, ਆਸਥਾ, ਸ਼ਰਮਾ, ਪਲਕ, ਧਰੁਵਿਕਾ ਸੇਠ, ਹਰਲ ਵਸ਼ਿਸ਼ਟ, ਆਰੀਅਨ ਅਰੋੜਾ ਅਤੇ ਹੋਰ ਖਿਡਾਰਨਾਂ ਅਤੇ ਉਨ੍ਹਾਂ ਦੇ ਟ੍ਰੇਨਰ ਬੀਸੀਸੀਆਈ ਦੇ ਲੈਵਲ-1 ਜ਼ਿਲ੍ਹਾ ਸੀਨੀਅਰ ਕੋਚ ਦਲਜੀਤ ਸਿੰਘ, ਜੂਨੀਅਰ ਕੋਚ ਦਲਜੀਤ ਧੀਮਾਨ, ਦਿਨੇਸ਼ ਸ਼ਰਮਾ ਅਤੇ ਐਚਡੀਸੀਏ ਦੇ ਮੁੱਖ ਜ਼ਿਲ੍ਹਾ ਟ੍ਰੇਨਰ ਅਤੇ ਰਾਸ਼ਟਰੀ ਖਿਡਾਰੀ ਕੁਲਦੀਪ ਧਾਮੀ ਅਤੇ ਬੀਸੀਸੀਆਈ ਦੇ ਲੈਵਲ-1 ਜ਼ਿਲ੍ਹਾ ਮਹਿਲਾ ਕੋਚ ਦਵਿੰਦਰ ਕੌਰ ਕਲਿਆਣ, ਗਰਾਊਂਡਸਮੈਨ ਸੋਢੀ ਰਾਮ ਨੂੰ ਜ਼ਿਲ੍ਹਾ ਮੈਜਿਸਟ੍ਰੇਟ ਆਸ਼ਿਕਾ ਜੈਨ ਦੁਆਰਾ ਵਿਸ਼ੇਸ਼ ਤੌਰ ‘ਤੇ ਸਨਮਾਨਿਤ ਕੀਤਾ ਗਿਆ। ਅੱਜ ਫਾਈਨਲ ਮੈਚ ਦੇ ਇਨਾਮ ਵੰਡ ਸਮਾਰੋਹ ਵਿੱਚ, ਜ਼ਿਲ੍ਹਾ ਮੈਜਿਸਟ੍ਰੇਟ ਆਸ਼ਿਕਾ ਜੈਨ ਨੇ ਸੋਨਾਲੀਕਾ-11 ਦੇ ਕੈਪਟਨ ਅੰਤੁਲ ਸ਼ਰਮਾ, ਐਸਐਸਪੀ-11 ਦੇ ਕੈਪਟਨ ਸੁਭਾਸ਼ ਚੰਦਰ, ਡਾਕਟਰ-11 ਦੇ ਕੈਪਟਨ ਡਾ. ਦਲਜੀਤ ਖੇਲਣ, ਡੀਸੀ-11 ਦੇ ਕੈਪਟਨ ਡਾ. ਪੰਕਜ ਸ਼ਿਵ ਅਤੇ ਕਾਰਪੋਰੇਸ਼ਨ-11 ਦੇ ਕੈਪਟਨ ਸੰਦੀਪ ਤਿਵਾੜੀ ਨੂੰ ਇਸ ਟੂਰਨਾਮੈਂਟ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਦੀਆਂ ਬੁਰਾਈਆਂ ਬਾਰੇ ਜਾਗਰੂਕ ਕਰਨ ਲਈ ਵਿਸ਼ੇਸ਼ ਤੌਰ ‘ਤੇ ਸਨਮਾਨਿਤ ਕੀਤਾ। ਅੱਜ ਇਨਾਮ ਵੰਡ ਸਮਾਰੋਹ ਦੌਰਾਨ, ਮੁੱਖ ਮਹਿਮਾਨ ਆਸ਼ਿਕਾ ਜੈਨ ਨੇ ਸ਼ਹਿਰ ਦੇ ਅੰਤਰਰਾਸ਼ਟਰੀ ਸਾਈਕਲਿਸਟ ਬਲਰਾਜ ਚੌਹਾਨ ਅਤੇ ਸੀਨੀਅਰ ਅਧਿਕਾਰੀਆਂ, ਐਕਸੀਅਨ ਤਜਿੰਦਰ ਚੱਢਾ ਅਤੇ ਐਕਸੀਅਨ ਗੁਰਮੀਤ ਸਿੰਘ ਅਤੇ ਬੀਸੀਸੀਆਈ ਸਕੋਰਰ ਰਾਜਿੰਦਰ ਸਿੰਘ, ਇੰਸਪੈਕਟਰ ਸੰਦੀਪ ਕੁਮਾਰ, ਇੰਸਪੈਕਟਰ ਬ੍ਰਿਜ ਮੋਹਨ ਅਤੇ ਹੋਰ ਪਤਵੰਤਿਆਂ ਨੂੰ ਨਸ਼ਿਆਂ ਵਿਰੁੱਧ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਸਨਮਾਨਿਤ ਕੀਤਾ। ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਭਾਗ ਲੈਣ ਵਾਲੀਆਂ ਟੀਮਾਂ ਅਤੇ ਸ਼ਹਿਰ ਦੇ ਨਾਗਰਿਕਾਂ ਦਾ ਨਸ਼ਾ ਵਿਰੋਧੀ ਜਾਗਰੂਕਤਾ ਪੰਜਾਬ ਸ਼ਹੀਦ ਭਗਤ ਸਿੰਘ ਪ੍ਰੀਮੀਅਮ ਲੀਗ ਵਿੱਚ ਯੋਗਦਾਨ ਪਾਉਣ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਐਚਡੀਸੀਏ ਦੀ ਨਸ਼ਿਆਂ ਵਿਰੁੱਧ ਮੁਹਿੰਮ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਜਾਰੀ ਰਹੇਗੀ।

# ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੜ੍ਹੀ ਭਾਰਟੀ ਵਿਖੇ ਮੈਗਾ ਪੀ. ਟੀ.ਐੱਮ.ਤੇ ਗ੍ਰੈਜੂਏਸ਼ਨ ਸੈਰੇਮਨੀ ਕਾਰਵਾਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਗੜ੍ਹਸ਼ੰਕਰ (ਬਲਵੀਰ ਚੌਂਪੜਾ )



ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੜ੍ਹੀ ਭਾਰਟੀ ਵਿਖੇ ਪਹਿਲੀ ਤੋਂ ਪੰਜਵੀਂ ਜਮਾਤ ਦੀ ਸਾਲਾਨਾ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਕਰਨ ਦੇ ਅਵਸਰ ਤੇ ਗ੍ਰੈਜੂਏਸ਼ਨ ਸੈਰੇਮਨੀ ਅਤੇ ਮੈਗਾ ਪੀ.ਟੀ. ਐੱਮ ਦਾ ਆਯੋਜਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਮੁਖੀ ਰਾਜ ਕੁਮਾਰ ਜੰਡੀ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਵੈਲਫੇਅਰ ਕਲੱਬ ਗੜ੍ਹੀ ਭਾਰਟੀ ਵੱਲੋਂ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਲਈ ਹੋਣਹਾਰ ਬੱਚਿਆਂ ਨੂੰ ਇਨਾਮਾਂ ਦੀ ਵੰਡ ਕੀਤੀ ਗਈ। ਗ੍ਰੈਜੂਏਸ਼ਨ ਸੈਰੇਮਨੀ ਦੌਰਾਨ ਸਾਬਕਾ ਸਰਪੰਚ ਮਹਿੰਦਰ ਸਿੰਘ ਭੇਰੀਆ, ਸੰਦੀਪ ਕੁਮਾਰ ਆਈ.ਈ.ਆਰ, ਟੀ. ਬਲਾਕ ਔੜ ਅਤੇ ਮੈਡਮ ਭੁਪਿੰਦਰ ਕੌਰ ਬਾਜ਼ੀਦਪੁਰ ਨੇ ਬੱਚਿਆਂ ਨੂੰ ਰਸਮੀ ਤੌਰ ਤੇ ਪਹਿਲੀ ਜਮਾਤ ਵਿੱਚ ਪਰਮੋਟ ਕੀਤਾ।ਇਸ ਮੌਕੇ ਗੁਰਮੀਤ ਸਿੰਘ ਬੋਲੇ ਭਾਰਟਾ ਕਲਾਂ ਨੇ ਬੜੇ ਸੁਚੱਜੇ ਢੰਗ ਨਾਲ ਸਿੱਖਿਆ ਦੀ ਮਹੱਤਤਾ ਬਾਰੇ ਆਪਣੇ ਵਡਮੁੱਲੇ ਵਿਚਾਰ ਪੇਸ਼ ਕਰਦਿਆਂ ਭਵਿੱਖ ਵਿੱਚ ਸਕੂਲ ਦੀ ਬੇਹਤਰੀ ਲਈ ਹਰ ਤਰਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਇਸ ਮੌਕੇ ਸਰਪੰਚ ਮਹਿੰਦਰ ਸਿੰਘ ਅਤੇ ਰਾਜ ਕੁਮਾਰ ਜੰਡੀ ਵੱਲੋਂ ਵੀ ਆਪਣੇ ਕੀਮਤੀ ਵਿਚਾਰ ਬੱਚਿਆਂ ਤੇ ਮਾਪਿਆਂ ਨਾਲ ਸਾਂਝੇ ਕੀਤੇ ਗਏ। ਸ਼ੇਰ-ਏ-ਪੰਜਾਬ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ ਸਕੂਲ ਸਟਾਫ਼ , ਅਤੇ ਗ੍ਰਾਮ ਪੰਚਾਇਤ ਨੂੰ ਵਧੀਆ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ।ਸਕੂਲ ਵੱਲੋਂ ਸਾਰਿਆਂ ਲਈ ਖਾਣ ਪੀਣ ਦਾ ਵਧੀਆ ਪ੍ਰਬੰਧ ਕੀਤਾ ਗਿਆ।ਇਸ ਮੌਕੇ ਐਸ ਐਮ ਸੀ ਦੇ ਚੇਅਰਪਰਸਨ ਵਿਜੇ ਕੁਮਾਰ, ਨੀਲਮ ਰਾਣੀ, ਕੁਲਵਿੰਦਰ ਕੌਰ ਬੱਚਿਆਂ ਦੇ ਮਾਪੇ ਤੇ ਹੋਰ ਪਤਵੰਤੇ ਸੱਜਣ ਹਾਜਰ ਸਨ।

# ਥਾਣਾ ਮੇਹਟੀਆਣਾ ਦੀ ਪੁਲਿਸ ਨੇਂ 35 ਗ੍ਰਾਮ ਨਸ਼ੀਲੇ ਪਦਾਰਥ ਸਮੇਤ ਨਸ਼ਾ ਵੇਚਣ ਵਾਲਿਆਂ ਨੂੰ ਕੀਤਾ ਗ੍ਰਿਫਤਾਰ !

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ 31 ਮਾਰਚ ( ਤਰਸੇਮ ਦੀਵਾਨਾ ) ਸੰਦੀਪ ਮਲਿਕ ਆਈ.ਪੀ. ਐਸ.ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵੱਲੋ ਦਿੱਤੇ ਦਿਸ਼ਾ ਨਿਰਦੇਸਾ ਅਤੇ ਸਰਬਜੀਤ ਸਿੰਘ ਬਾਹੀਆ ਪੀ.ਪੀ. ਐਸ,ਐਸ. ਪੁਲਿਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਦੀ ਰਹਿਨੁਮਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ੀਲੀਆ ਵਸਤੂਆ ਦੀ ਸਮੱਗਲਿਗ ਕਰਨ ਵਾਲੇ ਵਿਅਕਤੀਆ ਦੇ ਬੈਕਵਰਡ ਅਤੇ ਫਾਰਵਰਡ ਲਿੰਕਾਂ ਤਹਿਤ ਗ੍ਰਿਫਤਾਰ ਕਰਨ ਲਈ ਵਿਸ਼ੇਸ਼ ਮੁਹਿੰਮ ਸੁਰੂ ਕੀਤੀ ਗਈ ਸੀ । ਇਸ ਮੁਹਿੰਮ ਤਹਿਤ ਸੁਖਨਿੰਦਰ ਸਿੰਘ ਉਪ ਪੁਲਿਸ ਕਪਤਾਨ ਚੱਬੇਵਾਲ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾ ਤੇ ਇੰਸਪੈਕਟਰ .ਬਲਜੀਤ ਸਿੰਘ ਹੁੰਦਲ ਮੁੱਖ ਅਫਸਰ ਥਾਣਾ ਮੇਹਟੀਆਣਾ ਵੱਲੋਂ ਉਚ ਅਫਸਰਾਂ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ

ਏ ਐਸ ਆਈ ਗੁਲਸ਼ਨ ਕੁਮਾਰ ਸਾਥੀ ਕਰਮਚਾਰੀਆਂ ਦੇ ਸਮੇਤ ਸ਼ੱਕੀ ਵਿਅਕਤੀਆਂ ਚੈਕਿੰਗ ਕਰਦੇ ਕਰਦੇ ਪਿੰਡ ਫੁਗਲਾਣਾ ਤੇ ਰਾਜਪੁਰ ਭਾਈਆਂ, ਬਡਲਾ, ਹਾਰਟਾ ਤੋਂ ਮੁਖਲੀਆਣਾ ਜਾ ਰਹੇ ਸੀ ਤਾ ਮੁਖਲੀਆਣਾ ਸਾਇਡ ਸਾਹਮਣੇ ਤੋ ਇੱਕ ਨੋਜਵਾਨ ਆ ਰਿਹਾ ਸੀ ਜੋ ਪੁਲਿਸ ਪਾਰਟੀ ਨੂੰ ਆਉਂਦਾ ਦੇਖ ਕੇ ਘਬਰਾ ਕੇ ਪਿਛੇ ਨੂੰ ਜਾਣ ਲੱਗਾ ਤਾਂ ਏ.ਐਸ.ਆਈ ਗੁਲਸ਼ਨ ਕੁਮਾਰ ਨੇ ਸਾਥੀ ਕਰਮਚਾਰੀਆ ਦੀ ਮਦਦ ਨਾਲ ਉਸ ਨੂੰ ਕਾਬੂ ਕਰਕੇ ਨਾਮ ਪਤਾ ਪੁਛਿਆ ਜਿਸ ਨੇ ਆਪਣਾ ਨਾਮ ਕੁਲਦੀਪ ਸਿੰਘ ਉਰਫ ਗਿਆਨੀ ਪੁਤਰ ਅਵਤਾਰ ਸਿੰਘ ਵਾਸੀ ਮੁਖਲੀਆਣਾ ਦੱਸਿਆ

ਉਸ ਦੀ ਚੈਕਿੰਗ ਕਰਨ ਉੱਪਰੰਤ ਉਸ ਕੋਲੋਂ 35 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ ਜਿਸਤੇ ਥਾਣਾ ਮੇਹਟੀਆਣਾ ਵਿਖ਼ੇ ਉਕਤ ਵਿਅਕਤੀ ਡੇ ਵਿਰੁੱਧ ਮਾਮਲਾ ਦਰਜ ਕੀਤਾ ਗਿਆ। ਉਹਨਾਂ ਦੱਸਿਆ ਕਿ ਕਥਿਤ ਦੋਸ਼ੀ ਕੁਲਦੀਪ ਸਿੰਘ ਉਰਫ ਗਿਆਨੀ ਉਕਤ ਪਾਸੋ ਬਰਾਮਦ ਹੋਏ ਨਸ਼ੀਲੇ ਪਦਾਰਥ ਸਬੰਧੀ ਬਰੀਕੀ ਨਾਲ ਪੁੱਛਗਿੱਛ ਕਰਨ ਤੇ ਪਤਾ ਲੱਗਾ ਕਿ ਉਹ ਇਹ ਨਸ਼ੀਲਾ ਪਦਾਰਥ ਨੀਲਮ ਕੌਰ ਉਰਫ ਸੋਮਾ ਪਤਨੀ ਮੰਗਾ ਰਾਮ ਉਰਫ ਗੱਬਰ ਵਾਸੀ ਹਾਰਟਾ ਪਾਸੋ ਖਰੀਦ ਕਰਕੇ ਲੈ ਕੇ ਆਇਆ ਸੀ, ਜਿਸਤੇ ਏ ਐਸ ਆਈ ਗੁਲਸ਼ਨ ਕੁਮਾਰ ਨੇਂ ਲੇਡੀ ਕਰਮਾਰਣ ਨੂੰ ਨਾਲ ਲੈ ਕੇ ਕਥਿਤ ਦੋਸ਼ਣ ਨੀਲਮ ਕੌਰ ਉਰਫ ਸੋਮਾ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।

# ਪਾਰਕ ਦੀ ਜਗ੍ਹਾ 'ਚ ਬਣਾਈ ਬੇਸਮੈਂਟ ਤੋੜ ਕੇ ਨਗਰ ਨਿਗਮ ਨੇ ਲਿਆ ਕਬਜ਼ਾ

## -ਅੰਮ੍ਰਿਤਪਾਲ ਸਿੰਘ ਪਾਲੀ ਦੀ ਮਿਹਨਤ ਸਦਕਾ ਨਿਗਮ ਨੂੰ ਮੁੜ ਮਿਲਿਆ ਪਾਰਕ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਪਟਿਆਲਾ, 31 ਮਾਰਚ 2025( ਬੇਅੰਤ ਸਿੰਘ ਰੋਹਟੀ ਖਾਸ) : ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਅਗਵਾਈ ਹੇਠ ਸਥਾਨਕ ਗੁਰਦੇਵ ਨਗਰ ਵਾਰਡ ਨੰਬਰ 41 ਵਿਖੇ ਲੋਕਾਂ ਨੂੰ ਨਵਾਂ ਪਾਰਕ ਮਿਲਿਆ ਹੈ। ਇਸ ਪਾਰਕ ਦੀ ਜਗ੍ਹਾ ਜੋ ਲਗਭਗ 500 ਗਜ਼ ਹੈ, ਇਸ ਉੱਪਰ ਲੋਕਾਂ ਨੇ ਕਬਜ਼ਾ ਕੀਤਾ ਹੋਇਆ ਸੀ, ਜਿਸ ਨੂੰ ਕੌਂਸਲਰ ਪਤੀ ਅੰਮ੍ਰਿਤਪਾਲ ਸਿੰਘ ਪਾਲੀ ਦੀ ਮਿਹਨਤ ਸਦਕਾ ਕਬਜ਼ਾ ਬਹਾਲ ਕਰਕੇ ਨਗਰ ਨਿਗਮ ਦੇ ਸਪੁਰਦ ਕੀਤਾ ਗਿਆ। ਅੰਮ੍ਰਿਤਪਾਲ ਪਾਲੀ ਨੇ ਦੱਸਿਆ ਕਿ ਇਹ ਪਾਰਕ ਜੋ ਕਾਫੀ ਪੁਰਾਣਾ ਹੈ ਅਤੇ ਇਸ ਦੀ ਜਗ੍ਹਾ ਨਗਰ ਨਿਗਮ ਦੇ ਖਾਤੇ ਵਿਚ ਬੋਲਦੀ ਹੈ, ਪਰ ਕਈ ਲੋਕਾਂ ਨੇ ਇਸ 'ਤੇ ਕਬਜ਼ਾ ਕੀਤਾ ਹੋਇਆ ਸੀ। ਇਥੋਂ ਤੱਕ ਕਿ ਇੱਕ ਵਿਅਕਤੀ ਨੇ ਪਾਰਕ ਹੇਠਾਂ ਬੇਸਮੈਂਟ ਬਣਾਈ ਹੋਈ ਸੀ, ਜਦਕਿ ਕੁਝ ਲੋਕਾਂ ਨੇ ਪਾਰਕ ਵੱਲ ਦਰਵਾਜ਼ੇ ਕੱਢੇ ਹੋਏ ਸਨ। ਇਸ ਲਈ ਹੁਣ ਨਗਰ ਨਿਗਮ ਅਧਿਕਾਰੀਆਂ ਦੀ ਸੁਚੱਜੀ ਮੌਜੂਦਗੀ ਵਿਚ ਅਤੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਅਗਵਾਈ ਹੇਠ ਇਸ ਪਾਰਕ ਦਾ ਕਬਜ਼ਾ ਲੈ ਕੇ ਬੇਸਮੈਂਟ ਤੋੜ ਕੇ ਬਰਾਬਰ ਕਰ ਦਿੱਤੀ ਹੈ, ਜਦਕਿ ਲੋਕਾਂ ਵੱਲੋਂ ਕੱਢੇ ਦਰਵਾਜ਼ੇ ਬੰਦ ਕਰਕੇ ਨਗਰ ਨਿਗਮ ਨੇ ਪਾਰਕ ਬਨਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਇਸੇ ਤਰ੍ਹਾਂ ਇੱਕ ਹੋਰ ਪਾਰਕ ਜੋ 225 ਗਜ਼ ਦਾ ਹੈ, ਉਸ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਪਾਰਕ ਵਿਚ ਬੱਚਿਆਂ ਦੇ ਝੂਲੇ ਲਗਾਏ ਜਾਣਗੇ ਅਤੇ ਬੈਠਣ ਲਈ ਕੁਰਸੀਆਂ ਲਗਾ ਕੇ ਇਸ ਨੂੰ ਸ਼ਾਨਦਾਰ ਤਰੀਕੇ ਨਾਲ ਬਣਾਇਆ ਜਾਵੇਗਾ। ਕੌਂਸਲਰ



ਦੇ ਪਤੀ ਪਾਲੀ ਨੇ ਦੱਸਿਆ ਕਿ ਦੂਜੇ ਕਰੀਬ 500 ਗਜ ਵਿਚ ਜਿਮ ਅਤੇ ਬੈਂਚ ਲਗਾ ਕੇ ਨਾਲ ਹੀ ਲੋਕਾਂ ਦੇ ਬੈਠਣ ਲਈ ਘਾਹ ਅਤੇ ਵਾਤਾਵਰਣ ਦੀ ਸ਼ੁੱਧਤਾ ਲਈ ਪੌਦੇ ਲਗਾਏ ਜਾਣਗੇ।

# ਡਾ. ਅੰਬੇਡਕਰ ਦੀ ਮੂਰਤੀ 'ਤੇ ਭੜਕਾਊ ਸ਼ਬਦ ਲਿਖਣਾ ਨਿੰਦਣਯੋਗ : ਕਮਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਫਗਵਾੜਾ 1 ਅਪ੍ਰੈਲ (ਸ਼ਿਵ ਕੌੜਾ) ਅਮਰੀਕੀ ਨਾਗਰਿਕਤਾ ਪ੍ਰਾਪਤ ਖਾਲਿਸਤਾਨੀ ਗੁਰਪਤਵੰਤ ਪੰਨੂ ਦੇ ਉਕਸਾਵੇ 'ਤੇ ਭਾਰਤ ਰਤਨ ਅਤੇ ਦੇਸ਼ ਦੇ ਸੰਵਿਧਾਨ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਦੀ ਮੂਰਤੀ 'ਤੇ ਕੁਝ ਸ਼ਰਾਰਤੀ ਅਨਸਰਾਂ ਵਲੋਂ ਭੜਕਾਊ ਸ਼ਬਦਾਵਲੀ ਲਿਖੇ ਜਾਣ ਦੀ ਸ਼ਿਵ ਸੈਨਾ ਯੂ.ਬੀ.ਟੀ. ਨੇ ਸਖ਼ਤ ਨਖੇਦੀ ਕੀਤੀ ਹੈ। ਸ਼ਿਵ ਸੈਨਾ ਦੇ ਸੂਬਾ ਪ੍ਰੈਸ ਸਕੱਤਰ ਕਮਲ ਸਰੋਜ ਨੇ ਅੱਜ ਇੱਥੇ ਗੱਲਬਾਤ ਦੌਰਾਨ ਕਿਹਾ ਕਿ ਪੰਨੂ ਆਪਣੀਆਂ ਹੱਦਾਂ ਪਾਰ ਕਰ ਰਿਹਾ ਹੈ। ਉਸਨੂੰ ਇੱਕ ਨਾ ਇੱਕ ਦਿਨ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਖਾਲਿਸਤਾਨੀ ਸੁਪਨੇ ਦਾ ਬੀਮਾਰ ਪੰਨੂ ਹਿੰਦੂ-ਸਿੱਖ ਭਾਈਚਾਰੇ ਵਿੱਚ ਦਰਾਰ ਪਾਉਣ ਦੀ ਕੋਸ਼ਿਸ਼ ਅਸਫਲ ਹੁੰਦੀ ਦੇਖ ਹੁਣ ਸਿੱਖ ਅਤੇ ਐਸ.ਸੀ. ਭਾਈਚਾਰੇ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਮਲ ਸਰੋਜ ਨੇ ਪੰਨੂ ਵੱਲੋਂ ਜਾਰੀ ਕੀਤੀ ਗਈ ਨਵੀਂ ਵੀਡੀਓ ਨੂੰ ਬਹੁਤ ਹੀ ਨਿੰਦਣਯੋਗ ਕਰਾਰ ਦਿੱਤਾ ਅਤੇ ਕਿਹਾ ਕਿ ਉਸਨੇ ਗੁਰੂ ਰਵਿਦਾਸ ਜੀ ਦਾ ਨਾਮ ਵੀ ਸਤਿਕਾਰ ਨਾਲ ਨਹੀਂ ਲਿਆ ਜੋ ਕਿ ਬਹੁਤ ਹੀ ਇਤਰਾਜ਼ਯੋਗ ਹੈ। ਉਹਨਾਂ ਨੇ ਭਾਰਤ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਇਸ ਮਾਮਲੇ ਨੂੰ ਅਮਰੀਕੀ ਸਰਕਾਰ ਸਾਹਮਣੇ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇ ਅਤੇ ਪੰਨੂ ਦੀ ਹਵਾਲਗੀ ਦੀ ਮੰਗ ਕੀਤੀ ਜਾਵੇ। ਕਿਉਂਕਿ ਪੰਨੂ ਦਾ ਇਹ ਵੀਡੀਓ ਪੰਜਾਬ ਵਿੱਚ ਹਿੰਸਾ ਭੜਕਾਉਣ ਦੀ ਸ਼ਰਾਰਤ ਨਾਲ ਪ੍ਰੇਰਿਤ ਹੈ। ਸ਼ਿਵ ਸੈਨਾ ਆਗੂ ਨੇ ਚੇਤਾਵਨੀ ਦਿੱਤੀ ਕਿ ਜੇਕਰ 14 ਅਪ੍ਰੈਲ ਨੂੰ ਡਾ. ਅੰਬੇਡਕਰ ਦੀ ਮੂਰਤੀ ਨਾਲ ਛੇੜਛਾੜ ਕਰਨ ਦੀ ਕੋਈ ਗੁਸਤਾਖੀ ਹੋਈ ਤਾਂ ਇਸਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਖਾਲਿਸਤਾਨੀ ਪੰਨੂ ਪੰਜਾਬ ਵਿੱਚ ਖੂਨ-ਖਰਾਬਾ ਕਰਵਾਉਣ 'ਤੇ ਉਤਾਰੂ ਹੈ। ਜਿਸ ਲਈ ਉਹ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਦੇ ਇਸ਼ਾਰੇ 'ਤੇ ਅਮਰੀਕਾ ਵਿੱਚ ਬੈਠ ਕੇ ਖੁੱਲ੍ਹੇਆਮ ਪੰਜਾਬੀ ਨੌਜਵਾਨਾਂ ਨੂੰ ਭੜਕਾ ਰਿਹਾ ਹੈ। ਕਮਲ ਸਰੋਜ ਨੇ ਗੁਰਪਤਵੰਤ ਪੰਨੂ ਨੂੰ ਪੰਜਾਬ ਆਉਣ ਦੀ ਚੁਣੌਤੀ ਦਿੱਤੀ ਅਤੇ ਕਿਹਾ ਕਿ ਜੇਕਰ ਪੰਨੂ ਵਿੱਚ ਹਿੰਮਤ ਹੈ ਤਾਂ ਉਹ ਖੁਦ ਪੰਜਾਬ ਆ ਕੇ ਡਾ. ਅੰਬੇਡਕਰ ਦੀ ਕਿਸੇ ਪ੍ਰਤਿਮਾ ਨੂੰ ਹਟਾਉਣਾ ਤਾਂ ਦੂਰ ਸਿਰਫ ਛੂ ਕੇ ਵੀ ਦਿਖਾ ਦੇਵੇ। ਸ਼ਿਵ ਸੈਨਾ ਉਸਨੂੰ ਅਜਿਹਾ ਸਬਕ ਸਿਖਾਏਗੀ ਕਿ ਉਸਦੀਆਂ ਸੱਤ ਸੌ ਪੀੜ੍ਹੀਆਂ ਭੁੱਲ ਨਹੀਂ ਸਕਣਗੀਆਂ।

# ਜੀਂਦੋਵਾਲ ਦੀ ਫੁੱਟਬਾਲ ਟੀਮ ਨੇ ਕੀਤਾ ਆਪਣੇ ਨਾਂ ਦੇਸ਼ ਭਗਤ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਯਾਦਗਾਰੀ ਫੁੱਟਬਾਲ ਟੂਰਨਾਮੈਂਟ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਬੰਗਾ( ਚਰਨਜੀਤ ਸੱਲ੍ਹਾ ) ਪਿਛਲੇ ਕਈ ਦਿਨਾਂ ਤੋਂ ਪਿੰਡ ਗੋਬਿੰਦਪੁਰ ਵਿਖੇ ਦੇਸ਼ ਭਗਤ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਸਪੋਰਟ ਕਮੇਟੀ ਗੋਬਿੰਦਪੁਰ ਵੱਲੋਂ ਕਰਵਾਇਆ ਜਾ ਰਿਹਾ ਫੁੱਟਬਾਲ ਟੂਰਨਾਮੈਂਟ ਦਾ ਅੱਜ ਆਖਰੀ ਦਿਨ ਸੀ । ਜਿਸ ਤਰ੍ਹਾਂ ਵੱਖ ਵੱਖ ਪਿੰਡਾਂ ਨੂੰ ਹਰਾ ਕੇ ਫਾਈਨਲ ਮੈਚ ਤੱਕ ਪਹੁੰਚੀਆਂ ਟੀਮਾਂ ਗੌਬਿੰਦਪੁਰ ਅਤੇ ਪਿੰਡ ਜੀਂਦੋਵਾਲ ਦੀ ਫੁੱਟਬਾਲ ਦੀਆਂ ਏ ਟੀਮਾਂ ਸਨ। ਇਹਨਾਂ ਦੋਹਾਂ ਟੀਮਾਂ ਵਿਚਕਾਰ ਫਾਈਨਲ ਮੈਚ ਹੋਇਆ ਤਾਂ ਗੌਬਿੰਦਪੁਰ ਵਾਲੀ ਟੀਮ ਨੇ ਪਹਿਲਾ ਗੋਲ ਕਰ ਦਿੱਤਾ ਵਾਹ ਵਾਹ ਹੋ ਗਈ ਬੱਸ ਫਿਰ ਜੀਂਦੋਵਾਲ ਵਾਲੀ ਟੀਮ ਨੇ ਇੱਕ ਗੋਲ ਕਰਕੇ ਆਫ ਟਾਇਮ ਤੱਕ ਦੋਨੋਂ ਟੀਮਾਂ ਬਰਾਬਰ ਹੋ ਗਈਆਂ।ਆਫ ਟਾਇਮ ਤੋਂ ਬਾਅਦ ਤਾਂ ਜੀਂਦੋਵਾਲ ਵਾਲੀ ਟੀਮ ਨੇ ਇੱਕ ਤੋਂ ਬਾਅਦ ਇੱਕ ਦੋ ਤਿੰਨ ਤੱਕ ਗੋਲਾ ਦੀ ਗਿਣਤੀ ਵਧਾ ਕੇ ਤਿੰਨ ਕਰ ਦਿੱਤੀ। ਉਹ ਤਾਂ ਗੋਲਕੀਪਰ ਐਨਾਂ ਵਧੀਆ ਸੀ ਕਿ ਉਸ ਨੇ ਕਈ ਗੋਲ ਹੋਣ ਤੋਂ ਬਚਾ ਕੀਤਾ । ਇਸ ਤਰ੍ਹਾਂ ਪਿੰਡ ਜੀਂਦੋਵਾਲ ਫੁੱਟਬਾਲ ਦੀ ਟੀਮ ਨੇ ਅੱਜ ਫਾਈਨਲ ਮੈਚ ਜਿੱਤ ਕੇ ਟੂਰਨਾਮੈਂਟ ਆਪਣੇ ਨਾਂ ਕੀਤਾ ਕਿਉਂਕਿ ਫੁੱਟਬਾਲ ਦੀ ਬੀ ਟੀਮ ਨੌਰਾ ਨੂੰ ਹਰਾਕੇ ਫਾਈਨਲ ਮੈਚ ਜਿੱਤ ਪ੍ਰਾਪਤ ਕੀਤੀ ਹੈ।ਡਾ ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਹਲਕਾ ਬੰਗਾ ਅਤੇ ਕੈਬਨਿਟ ਮੰਤਰੀ ਜੀ ਨੇ ਪਹਿਲਾਂ ਤਾਂ ਇਹ ਟੂਰਨਾਮੈਂਟ ਕਰਵਾਉਣ ਦੀ ਲੱਖ ਲੱਖ ਵਧਾਈ ਦਿੱਤੀ ਅਤੇ ਕਿਹਾ ਕਿ ਮੈਂ ਇਸ ਪਿੰਡ ਦੀ ਇੱਕ ਖਾਸੀਅਤ ਇਹ ਦੇਖੀ ਹੈ ਕਿ ਜਿਥੇ ਨੌਜਵਾਨ, ਬਜ਼ੁਰਗ, ਬੱਚੇ ਮੈਚ ਦੀ ਸ਼ਾਨ ਬਣੇ ਹੋਏ ਹਨ ਉਥੇ ਨਾਲ ਹੀ ਪਿੰਡ ਦੀਆਂ ਧੀਆਂ ਭੈਣਾਂ ਅਤੇ ਔਰਤਾਂ ਕਾਫੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਕੇ ਜਾਗਰੂਕ ਹੋਣ ਦਾ ਸਬੂਤ ਦਿੱਤਾ। ਮੰਤਰੀ ਸਾਹਿਬ ਜੀ ਨੇ ਗੌਬਿੰਦਪੁਰ ਦੀ ਪੰਚਾਇਤ ਨੂੰ ਪੰਜ ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਅਤੇ ਕਿਹਾ ਕਿ ਫੰਡ ਦੀ ਕੋਈ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ ਇੱਕ ਲੱਖ ਰੁਪਏ ਸਪੋਰਟਸ ਕਮੇਟੀ ਨੂੰ ਦੇਣ ਦਾ ਵਾਅਦਾ ਕੀਤਾ । ਇਹਨਾਂ ਦੇ ਨਾਲ ਆਮ ਆਦਮੀ ਪਾਰਟੀ ਦੇ ਬਾਕੀ ਆਗੂ ਹਲਕਾ ਬੰਗਾ ਦੇ ਪ੍ਰਧਾਨ ਹਰਪ੍ਰੀਤ ਸਿੰਘ ਸਰਪੰਚ ਰਾਮਪੁਰ, ਸੋਹਣ ਲਾਲ ਢੰਡਾ ਆਪ ਦੇ ਆਗੂ, ਦੇਸ਼ ਭਗਤ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਸਪੋਰਟ ਕਮੇਟੀ ਪਿੰਡ ਗੋਬਿੰਦਪੁਰ ਪ੍ਰਧਾਨ ਰਾਜਿੰਦਰ ਸਿੰਘ ਰਾਜਾ,ਉਪ ਪ੍ਰਧਾਨ ਡਾ ਕੁਲਦੀਪ ਸੋਨੂੰ, ਕਾਰਜਕਾਰੀ ਪ੍ਰਧਾਨ ਵਰਿੰਦਰ ਸਿੰਘ, ਖਜਾਨਚੀ ਸੋਹਣ ਸਿੰਘ, ਸੈਕਟਰੀ ਜੁਝਾਰ ਸਿੰਘ, ਸਹਾਇਕ ਸੈਕਟਰੀ ਹਰਵਿੰਦਰ ਸਿੰਘ ਲਵੀਂ, ਮੈਂਬਰ ਸ਼ਰਨ, ਲਛਮਣ, ਹਰਬੰਸ ਬਿੱਲਾ, ਜਸਵੰਤ ਸਿੰਘ, ਸਰਪੰਚ ਸਤਪਾਲ ਸਿੰਘ ਲੌਂਗੀਆ, ਨੰਬਰਦਾਰ ਰਛਪਾਲ ਸਿੰਘ, ਨੰਬਰਦਾਰ ਦਰਸ਼ਣ ਸਿੰਘ, ਸਮੂਹ ਪੰਚਾਇਤ ਮੈਂਬਰ, ਅਮਰਜੀਤ ਕਲੇਰ ਸਾਬਕਾ ਸਰਪੰਚ, ਕੁਲਵੰਤ ਸਿੰਘ ਸਾਬਕਾ ਸਰਪੰਚ,ਵਿਸ਼ੇਸ਼ ਮਹਿਮਾਨ ਕਾਮਰੇਡ ਮੱਘਰ ਸਿੰਘ ਸਾਬਕਾ ਪ੍ਰਧਾਨ ਐਸ ਐਫ਼ ਆਈ ਸਿੱਖ ਨੈਸ਼ਨਲ ਕਾਲਜ ਬੰਗਾ, ਗੁਰਮੁੱਖ ਸਿੰਘ, ਦਵਿੰਦਰ ਸਿੰਘ ਆਦਿ ਦੀ ਵਿਸ਼ੇਸ਼ ਭੂਮਿਕਾ ਰਹੀ ਦੇਸ਼ ਭਗਤ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਯਾਦਗਾਰੀ ਟੂਰਨਾਂਮੈਂਟ ਕਰਾਉਣ ਵਿੱਚ ਲੰਗਰ ਅਤੇ ਚਾਹ ਦੀ ਸੇਵਾ ਮਨਦੀਪ ਸਿੰਘ ਖਾਲਸਾ ਜੀ ਨੇ ਬਹੁਤ ਵਧੀਆ ਨਿਭਾਈ । ਅਗਲੇ ਸਾਲ ਮੈਚ ਦੀ ਇੰਤਜ਼ਾਰ ਵਿੱਚ ਸਾਰੀਆਂ ਸੰਗਤਾਂ ਅਤੇ ਖਿਡਾਰੀ ਆਪਣੇ ਆਪਣੇ ਘਰਾਂ ਨੂੰ ਚਾਲੇ ਪਾ ਲਏ ।

# ਕੈਬਨਟ ਮੰਤਰੀ ਮਹਿੰਦਰ ਭਗਤ ਦੇ ਘਰ ਅੱਗੇ ਕਿਸਾਨ ਜਥੇਬੰਦੀਆਂ ਨੇ ਧਰਨਾ ਲਾ ਕੇ ਪੰਜਾਬ ਸਰਕਾਰ ਵੱਲੋਂ ਕਿਸਾਨ ਤੇ ਕੀਤੇ ਜਬਰ ਦੇ ਵਿਰੁੱਧ ਕੀਤਾ ਰੋਸ ਪ੍ਰਦਰਸ਼ਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਮਾਰਚ 31 2025 (ਬੇਅੰਤ ਸਿੰਘ ਰੋਹਟੀ ਖਾਸ)

ਕਿਸਾਨ ਮਜ਼ਦੂਰ ਮੋਰਚਾ ਤੇ ਐਸ ਕੇ ਐਮ ਗੈਰ ਰਾਜਨੀਤਿਕ ਦੇ ਸੱਦੇ ਤੇ ਕੈਬਨਟ ਮੰਤਰੀ ਮਹਿੰਦਰ ਭਗਤ ਦੇ ਘਰ ਅੱਗੇ ਧਰਨਾ ਦੇ ਕੇ ਕਿਸਾਨ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ ।

ਅੱਜ ਦੇ ਰੋਸ ਪ੍ਰਦਰਸ਼ਨ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਆਗੂ ਸਲਵਿੰਦਰ ਸਿੰਘ ਜਾਣੀਆ ਦੀ ਅਗਵਾਈ ਹੇਠ ਅਤੇ ਜ਼ਿਲ੍ਹਾ ਪ੍ਰਧਾਨ ਗੁਰਮੇਲ ਸਿੰਘ ਰੇੜ੍ਹਵਾਂ , ਸੂਬਾ ਮੀਤ ਜਸਵੀਰ ਸਿੰਘ ਪਿਦੀ ਉਚੇਚੇ ਤੌਰ ਤੇ ਪਹੁੰਚੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੇ ਇਸ਼ਾਰੇ ਦੇ ਭਗਵੰਤ ਮਾਨ ਸਰਕਾਰ ਨੇ ਜੋ ਸ਼ੰਭੂ ਖਨੌਰੀ ਬਾਰਡਰਾਂ ਤੇ ਬੈਠੇ ਕਿਸਾਨਾਂ ਮਜ਼ਦੂਰਾਂ ਬੀਬੀਆਂ ਉੱਤੇ ਤਸ਼ੱਦਦ ਕੀਤਾ ਹੈ । ਉਹ ਅੱਤ ਨਿੰਦਣ ਯੋਗ ਵਰਤਾਰਾ ਹੈ ਜੋ ਅੱਜ ਵੀ ਜਾਰੀ ਹੈ ਉਹ ਜਲੰਧਰ ਵਿੱਚ ਅੱਜ ਦੇਖਣ ਨੂੰ ਮਿਲਿਆ ਜੋ ਅੱਜ ਕਿਸਾਨ ਮਜਦੂਰ ਆਪਣਾ ਇਕੱਠ ਕਰਕੇ ਜਲੰਧਰ ਵਿੱਚ ਕੈਬਨਟ ਮੰਤਰੀ ਮਹਿੰਦਰ ਭਗਤ ਦੇ ਘਰ ਮੂਹਰੇ ਧਰਨਾ ਦੇਣ ਆ ਰਹੇ ਸਨ ਉਹਨਾਂ ਨੂੰ ਤਿੰਨ ਜਗ੍ਹਾ ਤੇ ਬੈਰੀਗੇਟਿੰਗ ਕਰਕੇ ਰੋਕਿਆ ਗਿਆ ਪਰ ਕਿਸਾਨਾਂ ਦੇ ਗੁੱਸੇ ਅੱਗੇ ਪੁਲਿਸ ਖੜ ਨਾ ਸਕੀ ਅਤੇ ਕਿਸਾਨਾਂ ਨੇ ਬੈਰੀਕੇਡ ਤੋੜ ਕੇ ਮੰਤਰੀ ਦੇ ਬੂਹੇ ਅੱਗੇ ਜਾ ਕੇ ਧਰਨਾ ਲਗਾਇਆ ਇਹ ਤੇ ਇਸ ਮੌਕੇ ਕਿਸਾਨ ਮਜ਼ਦੂਰ ਅਤੇ ਕਿਸਾਨ ਬੀਬੀਆਂ ਦੇ ਨਾਲ ਧੱਕਾ ਮੁੱਕੀ ਪੁਲਿਸ ਪ੍ਰਸ਼ਾਸਨ ਵੱਲੋਂ ਕੀਤਾ ਗਿਆ ਪਰ ਫਿਰ ਵੀ ਕਿਸਾਨਾਂ ਦਾ ਭਾਰੀ ਇਕੱਠ ਕਾਰਨ ਕਰਕੇ ਉਨਾਂ ਵੱਲੋਂ 12 ਵਜੇ ਤੋਂ ਲੈ ਕੇ 4 ਵਜੇ ਤੱਕ ਕੈਬਨਟ ਮੰਤਰੀ ਮਹਿੰਦਰ ਭਗਤ ਦੇ ਘਰ ਅੱਗੇ ਧਰਨਾ ਦਿੱਤਾ ਗਿਆ ਅਤੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦਾ ਪਿੱਟ ਸਿਆਪਾ ਕੀਤਾ ਗਿਆ । ਇਸ ਮੰਗ ਪੱਤਰ ਸੌਂਪਿਆ ਗਿਆ ਅਤੇ ਇਸ ਦੇ ਨਾਲ ਹੀ ਸੂਬਾ ਮੀਤ ਪ੍ਰਧਾਨ ਜਸਵੀਰ ਸਿੰਘ ਪਿਦੀ ਵੱਲੋਂ ਮੰਗਾਂ ਨੂੰ ਪੜ੍ਹ ਕੇ ਸੁਣਾਇਆ ਗਿਆ

ਵਿਸ਼ਾ 31 ਮਾਰਚ ਨੂੰ ਕੈਬਨਟ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਅੱਗੇ ਲੱਗਣ ਜਾ ਰਹੇ ਧਰਨਿਆਂ ਦੀਆਂ ਮੰਗਾਂ ਸਬੰਧੀ ਮੁੱਖ ਮੰਗਾਂ ।

ਨੰਬਰ ( 1 ) ਫਸਲਾਂ ਤੇ ਐਮਐਸਪੀ ਗਰੰਟੀ ਕਾਨੂੰਨ ਸਮੇਤ 12 ਮੰਗਾਂ ਦੇ ਜਲਦ ਹੱਲ ਕੀਤੇ ਜਾਣ ।

ਨੰਬਰ ( 2 )19 ਮਾਰਚ ਨੂੰ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਚਲਦੇ ਕਿਸਾਨੀ ਅੰਦੋਲਨ ਦੌਰਾਨ ਸ਼ੰਭੂ ਅਤੇ ਖਨੌਰੀ ਬਾਰਡਰ ਤੇ ਪੁਲਿਸ ਬਲ ਦੀ ਵਰਤੋਂ ਕਰਕੇ ਮੋਰਚੇ ਉਖੇੜਨ ਦੀ ਕਾਰਵਾਈ ਕਾਰਨ ਹੋਏ ਹਰ ਤਰਹਾਂ ਦੇ ਮਾਲੀ ਨੁਕਸਾਨ ਦੀ ਭਰਭਾਈ ਪੰਜਾਬ ਸਰਕਾਰ ਦੁਆਰਾ ਕੀਤੀ ਜਾਵੇ। ਜਿਵੇਂ ਚੋਰੀ ਹੋਇਆ ਸਮਾਨ ,ਟਰੈਕਟਰ ਟਰਾਲੀਆਂ , ਏਸੀ , ਫਰਿਜ , ਪੱਖੇ , ਟੈਂਟ , ਸਟੇਜ , ਸਪੀਕਰ , ਲੰਗਰ , ਮੋਟਰਸਾਈਕਲ , ਪਾਣੀ ਵਾਲੀਆਂ ਮੋਟਰਾਂ , ਕੂਲਰ , ਪਾਣੀ ਵਾਲੀਆਂ ਟੈਂਕੀਆਂ , ਕੰਪਿਊਟਰ , ਅਲਮਾਰੀਆਂ , ਮੰਜੇ , ਸੋਲਰ ਪੈਨਲ , ਕੁਰਸੀਆਂ , ਮੇਜ਼ , ਨਗਦੀ, ਗੱਦੇ , ਦਰੀਆਂ , ਮੈਟ , ਲੰਗਰ , ਬਰਤਨ , ਮੋਬਾਈਲ , ਕੱਪੜੇ , ਕੰਬਲ , ਗੈਸ , ਸਿਲਿੰਡਰ , ਚੁੱਲੇ , ਭੱਠੀਆਂ ਹੋਰ ਵੀ ਸਮਾਨ ।

ਨੰਬਰ ( 3 ) ਪੁਲਿਸ ਵੱਲੋਂ ਮੋਰਚਿਆਂ ਤੇ ਕੀਤੇ ਤਸ਼ੱਦਦ ਵਿੱਚ ਆਮ ਕਿਸਾਨ ਮਜ਼ਦੂਰਾਂ ਦੀ ਕੁੱਟਮਾਰ ਅਤੇ ਕਿਸਾਨ ਆਗੂ ਬਲਵੰਤ ਸਿੰਘ ਬਹਿਰਾਮ ਕੇ ਤੇ 20 ਮਾਰਚ ਨੂੰ ਸ਼ੰਭੂ ਮੋਰਚੇ ਤੇ ਲਾਠੀਆਂ ਨਾਲ ਹਮਲਾ ਕਰਕੇ ਕੁੱਟਮਾਰ ਕਰਨ ਵਾਲੇ ਥਾਣਾ ਸ਼ੰਭੂ ਦੇ ਐਸਐਚਓ ਹਰਪ੍ਰੀਤ ਸਿੰਘ ਨੂੰ ਬਰਖਾਸਤ ਕੀਤਾ ਜਾਵੇ ।

ਨੰਬਰ ( 4 ) ਸਰਕਾਰ ਦੀ ਸ਼ਹਿਦ ਤੇ ਜਿੰਨਾ ਸ਼ਰਾਰਤੀ ਅਨਸਰਾਂ ਵੱਲੋਂ ਸ਼ੰਭੂ ਖਨੌਰੀ ਤੇ ਚੋਰੀ ਚਕਾਰੀ ਦੀਆਂ ਕਾਰਵਾਈਆਂ ਨੂੰ ਅੰਜਾਮ ਦਿੱਤਾ ਗਿਆ ਅਜਿਹੇ ਅਨਸਰਾਂ ਤੇ ਤੁਰੰਤ ਬਣਦੀਆਂ ਧਾਰਵਾਂ ਤਹਿਤ ਪਰਚੇ ਦਰਜ ਕੀਤੇ ਜਾਣ ਅਤੇ ਟਰਾਲੀਆਂ ਜਾਂ ਹੋਰ ਸਮਾਨ ਚੋਰੀ ਹੋਣ ਦੇ ਇਸ ਸਾਰੇ ਘਟਨਾ ਕਰਮ ਦੇ ਪਿੱਛੇ ਸਾਜਿਸ਼ ਵਿੱਚ ਸ਼ਾਮਿਲ ਵਿਧਾਇਕ ਗੁਰਲਾਲ ਘਨੌਰ ਦੀ ਵਿਧਾਨ ਸਭਾ ਦੀ ਮੈਂਬਰਸ਼ਿਪ ਰੱਦ ਕੀਤੀ ਜਾਵੇ ।

ਹਲਕਾ ਧਰਮਕੋਟ ਦੇ ਵਿਧਾਇਕ ਲਾਡੀ ਢੋਸ ਘਰ ਅੱਗੇ ਸ਼ਾਂਤਮਈ ਤਰੀਕੇ ਨਾਲ ਧਰਨਾ ਲਾਉਣ ਆਏ ਕਿਸਾਨਾਂ ਦੇ ਤਸ਼ੱਦਦ ਕੀਤਾ ਹੈ ਅਤੇ ਸਮਾਨ ਵੀ ਖੋਹਿਆ ਹੈ ਉਸ ਦੀ ਵੀ ਸਖਤ ਸ਼ਬਦਾਂ ਵਿੱਚ ਨਿਖੇਦੀ ਕਰਦੇ ਹਾਂ ਅਤੇ ਵਿਧਾਇਕ ਵਿਰੁੱਧ ਸਰਕਾਰ ਕਾਰਵਾਈ ਕਰੇ । ਧਾਰਨਾ ਲਾਉਣਾ ਸੰਵਿਧਾਨਿਕ ਹੱਕ ਹੈ ਇਸ ਕਰਕੇ ਖੋਇਆ ਨਹੀਂ ਜਾ ਸਕਦਾ ਆਗੂਆਂ ਕਿਹਾ ਕਿ ਸ਼ੰਭੂ ਖਨੌਰੀ ਬਾਰਡਰਾਂ ਨੇ ਟਰਾਲੀਆਂ ਸਮੇਤ ਚੋਰੀ ਹੋਏ ਜਾਂ ਡੈਮੇਜ ਹੋਏ ਸਾਰੇ ਸਮਾਨ ਸਰਕਾਰ ਭਰਭਾਈ ਕਰੇ ਸਮਾਨ ਚੋਰੀ ਕਰਨ ਜਾਂ ਕਰਵਾਉਣ ਵਾਲੇ ਹਲਕਾ ਘਨੌਰ ਦੇ ਵਿਧਾਇਕ ਗੁਰਲਾਲ ਘਨੌਰ ਤੇ ਕਾਰਵਾਈ ਕਰਕੇ ਜੇਲ ਵਿੱਚ ਬੰਦ ਕੀਤਾ ਜਾਵੇ ਐਮਐਸਪੀ ਸਮੇਤ 12 ਮੰਗਾਂ ਲਾਗੂ ਕੀਤੀਆਂ ਜਾਣ । ਇਸ ਮੌਕੇ ਜ਼ਿਲ੍ਹਾ ਸਕੱਤਰ ਰਜਿੰਦਰ ਨੰਗਲ ਅੰਬੀਆਂ , ਬੀਬੀ ਅਮਰਜੀਤ ਕੌਰ ਚੱਕ ਬਾਹਮਣੀਆਂ , ਬੀਬੀ ਪਰਮਜੀਤ ਕੌਰ ਰੇੜਵਾਂ , ਬੀਬੀ ਹਰਜਿੰਦਰ ਕੌਰ ਪੂਨੀਆਂ , ਵੱਸਣ ਸਿੰਘ ਕੋਠਾ , ਕਿਸ਼ਨ ਦੇਵ ਮਿਆਣੀ , ਨਿਰਮਲ ਸਿੰਘ ਪੂਨੀਆ , ਬਲਵਿੰਦਰ ਸਿੰਘ ਜਲਾਲਪੁਰ ਕਲਾਂ , ਦਿਲਬਾਗ ਸਿੰਘ ਰਾਈਵਾਲ , ਮੱਖਣ ਸਿੰਘ ਨੱਲ , ਬਲਵੀਰ ਸਿੰਘ ਮੁੰਡੀ ਸ਼ਹਿਰੀਆਂ , ਸੁਖਜਿੰਦਰ ਸਿੰਘ ਹੇਰਾਂ , ਸ਼ੇਰ ਸਿੰਘ ਰਾਮੇ , ਹਰਫੂਲ ਸਿੰਘ ਰਾਜੇਵਾਲ , ਜਗਤਾਰ ਸਿੰਘ ਚੱਕ ਬਾਮਣੀਆਂ , ਸਤਿਨਾਮ ਸਿੰਘ ਇਕਬਾਲ ਸਿੰਘ ਮਡਿਆਲਾ , ਗੁਰਮੁਖ ਸਿੰਘ ਪਿਪਲੀ , ਤਰਸੇਮ ਸਿੰਘ ਕਾਲਾ ਜਾਣੀਆ , ਗੁਰਚਰਨ ਸਿੰਘ , ਕੁਲਦੀਪ ਸਿੰਘ , ਰਣਜੋਧ ਸਿੰਘ , ਸਹਿਜ ਪ੍ਰੀਤ ਸਿੰਘ ਜਾਣੀਆ ਆਦਿ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਅਤੇ ਬੀਬੀਆਂ ਹਾਜ਼ਰ ਸਨ । ਜਾਰੀ ਕਰਤਾ ਸੂਬਾ ਆਗੂ ਸਲਵਿੰਦਰ ਸਿੰਘ ਜਾਣੀਆ - 98154-07811

# ਪ੍ਰਿੰਸੀਪਲ ਜਨਕ ਰਾਜ ਨੇ ਕਾਹਮਾ ਸਕੂਲ ਦੇ ਬੱਚਿਆਂ ਨਾਲ ਮਨਾਇਆ ਜਨਮ ਦਿਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਪ੍ਰਿੰਸੀਪਲ ਜਨਕ ਰਾਜ ਜੀ ਕਾਹਮਾ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਜਨਮ ਦਿਨ ਦਾ ਕੇਕ ਕੱਟਦੇ ਹੋਏ,ਨਾਲ ਪ੍ਰਿੰਸੀਪਲ ਸ਼ੰਕਰ ਦਾਸ ਤੇ ਹੋਰ

ਬੰਗਾ (ਚਰਨਜੀਤ ਸੱਲ੍ਹਾ ) ਬਾਬਾ ਸੇਲਬਰਾਹ ਰੱਤੂ ਜਠੇਰਿਆਂ ਦੇ ਪਰਮੁੱਖ ਸੇਵਾਦਾਰ ਅਤੇ ਇੱਕੋ ਸਮੇਂ ਬਹੁਤ ਸਾਰੇ ਸਕੂਲਾਂ ਦੇ ਪ੍ਰਿੰਸੀਪਲ ਰਹੇ ਸ੍ਰੀ ਜਨਕ ਰਾਜ ਜੀ ਸੇਵਾ ਮੁਕਤ ਪ੍ਰਿੰਸੀਪਲ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਹਮਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਕਾਹਮਾ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਆਪਣਾ 66ਵਾਂ ਜਨਮ ਦਿਨ ਮਨਾਇਆ।ਉਹਨਾਂ ਕੇਕ ਕੱਟ ਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਬਰਫੀ ਗੁਲਾਬ ਜਾਮਣ ,ਸਮੋਸੇ ਅਤੇ ਹੋਰ ਤੋਹਫੇ ਵੰਡ ਕੇ ਆਪਣਾ ਜਨਮ ਦਿਨ ਮਨਾਇਆ। ਵਿਦਿਆਰਥੀਆਂ ਨੂੰ ਪੜ੍ਹਾਈ ਦੀ ਮਹੱਤਤਾ ਦੱਸਦੇ ਹੋਏ ਕਿਹਾ ਕਿ ਜ਼ਿੰਦਗੀ ਵਿੱਚ ਪੜ੍ਹਾਈ ਦੀ ਬਹੁਤ ਵੱਡੀ ਲੋੜ ਹੈ। ਬਿਨਾਂ ਪੜ੍ਹਾਈ ਮਨੁੱਖ ਪਸ਼ੂ ਸਮਾਨ ਹੈ। ਉਹਨਾਂ ਨੇ ਆਪਣੇ ਲੰਮੇ ਸੰਘਰਸ਼ਮਈ ਜੀਵਨ ਦਾਨ ਤਜ਼ਰਬਾ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਸਾਂਝਾ ਕੀਤਾ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਹਮਾ ਦੇ ਮੁਖੀ ਸ੍ਰੀ ਸ਼ੰਕਰ ਦਾਸ ਨੇ ਦੱਸਿਆ ਕਿ ਪ੍ਰਿੰਸੀਪਲ ਸ੍ਰੀ ਜਨਕ ਰਾਜ ਦਾ ਮੁੱਢਲਾ ਜੀਵਨ ਅੱਤ ਦੀ ਗਰੀਬੀ,ਨਿਰਾਸ਼ਾਜਨਕ ਅਤੇ ਦੁੱਖਾਂ ਭਰਿਆ ਬੀਤਿਆ। 13 ਸਾਲ ਦੀ ਉਮਰ ਵਿੱਚ ਮਾਤਾ ਗੁਰਦੀਪ ਕੌਰ ਦੀ ਮੌਤ ਨਾਲ ਇਹਨਾਂ ਬਚਪਨ ਬਹੁਤ ਹੀ ਤੰਗੀਆਂ ਅਤੇ ਨਿਰਾਸ਼ਾ ਭਰਿਆ ਬੀਤਿਆ। ਪਿਤਾ ਧਨੂੰ ਰਾਮ ਨੇ ਮਜਦੂਰੀ ਕਰਕੇ ਪਰਿਵਾਰ ਦੀ ਬੇੜੀ ਨੂੰ ਕੁੱਝ ਸਮਾਂ ਰੋੜ੍ਹਿਆ।ਇਹਨਾਂ ਨੇ ਵੱਖ ਵੱਖ ਵਿਭਾਗਾਂ ਵਿੱਚ ਆਪਣੀ ਨੌਕਰੀ ਕੀਤੀ। ਬਤੌਰ ਬੱਸ ਕੰਡਕਟਰ ਨੌਕਰੀ ਕਰਦਿਆਂ ਇਹਨਾਂ ਨੇ ਆਪਣੀ ਪੜ੍ਹਾਈ ਨੂੰ ਪ੍ਰਾਈਵੇਟ ਤੌਰ ਤੇ ਜਾਰੀ ਰੱਖਿਆ ਅਤੇ ਉਚੇਰੀ ਸਿੱਖਿਆ ਦੀਆਂ ਕਈ ਡਿਗਰੀਆਂ ਪ੍ਰਾਪਤ ਕੀਤੀਆਂ।ਬੀ ਏ ਦੀ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਐਮ ਪੰਜਾਬੀ ਅਤੇ ਰਾਜਨੀਤੀ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਸ ਕੀਤੀ । ਸ਼ੌਰਟ ਹੈਂਡ ਦਾ ਡਿਪਲੋਮਾ ਪਾਸ ਕੀਤਾ। ਇਹਨਾਂ ਨੇ 23 ਦਸੰਬਰ 2009 ਤੋਂ ਬਤੌਰ ਪ੍ਰਿੰਸੀਪਲ ਸੂੰਢ ਮਕਸੂਦਪੁਰ ਵਿਖੇ ਸੇਵਾ ਨਿਭਾਈ। ਇਸੇ ਸਮੇਂ ਦੌਰਾਨ ਇਹਨਾਂ ਨੇ ਔੜ, ਕਾਹਮਾ, ਕਰਨਾਣਾ, ਲਧਾਣਾ ਝਿੱਕਾ, ਓੜਾਪੜ ਅਤੇ ਮੱਲੂਪੋਤਾ ਦਾ ਵਾਧੂ ਚਾਰਜ ਵੀ ਸੰਭਾਲਿਆ ਜੋ ਕਿ ਬਹੁਤ ਵੱਡਾ ਕਾਰਜ ਸੀ। ਇਹਨਾਂ ਦੋਵਾਂ ਸਕੂਲਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਬਹੁਤ ਹੀ ਵਧੀਆ ਚਾਹ ਪਾਰਟੀ ਅਤੇ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ। ਸ੍ਰੀ ਸ਼ੰਕਰ ਦਾਸ,ਮੈਡਮ ਪਿੰਕੀ ਅਤੇ ਸਮੂਹ ਸਟਾਫ ਵਲੋਂ ਇਹਨਾਂ ਦਾ ਸਵਾਗਤ ਕੀਤਾ ਗਿਆ ਅਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਮੈਡਮ ਸੀਮਾ, ਹੈਡਮਾਸਟਰ ਪ੍ਰਿਤਪਾਲ ਸਿੰਘ, ਨਿਤਿਨ, ਮਾਲਵਿੰਦਰ ਕੌਰ, ਅਰਨੀਤ ਕੌਰ, ਅਨੂਪ ਰਾਣੀ ,ਮਾਧਵੀ ,ਪਿੰਕੀ, ਰਿਤੂ ਭੱਟੀ, ਸੁਰਿੰਦਰ ਕੌਰ, ਕੁਲਵਿੰਦਰ ਲਾਲ, ਅਮਰਜੀਤ ਸਿੰਘ, ਮਿੰਟੂ ਅਤੇ ਕੈਂਪਸ ਮੈਨੇਜਰ ਜਸਪਾਲ ਸਿੰਘ ਹਾਜ਼ਰ ਸਨ।

# ਕਿਤਾਬਾਂ ਪੜ੍ਹਨਾ ਮਹਾਨ ਲੋਕਾਂ ਦਾ ਸਾਥ ਮਾਨਣ ਵਾਂਗ ਹੁੰਦਾ ਹੈ-ਇੰਜੀ. ਜਸਵੀਰ ਸਿੰਘ ਮੋਰੋਂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਬੰਗਾ ( ਚਰਨਜੀਤ ਸੱਲ੍ਹਾ) ਗਿਆਨਵਾਨ ਲੋਕ ਆਪਣੇ ਲਈ ਅਤੇ ਸਮੁੱਚੇ ਸਮਾਜ ਵਾਸਤੇ ਚੰਗੇ ਫ਼ੈਸਲੇ ਕਰਨ ਦੇ ਸਮਰੱਥ ਹੁੰਦੇ ਹਨ l ਸਿਆਣੇ ਕਹਿੰਦੇ ਹਨ ਕਿ ਗਿਆਨ ਵੰਡਿਆਂ ਵਧਦਾ ਹੈ l ਇਸ ਵਿਚਾਰ ਨੂੰ ਉਦੇਸ਼ ਬਣਾ ਕੇ ਵਿਵੇਕ ਵਿਕਾਸ ਲਹਿਰ ਪੰਜਾਬ, ਮੁੱਖ ਦਫ਼ਤਰ ਬੰਗਾ,ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਗਿਆਨ ਵੰਡਣ ਦੀ ਮੁਹਿੰਮ ਮੁਫ਼ਤ ਪੁਸਤਕਾਂ ਰਾਹੀਂ ਸ਼ੁਰੂ ਕੀਤੀ ਹੋਈ ਹੈ। ਜਿਸ ਤਹਿਤ ਪਿੰਡਾਂ ਵਿੱਚ ਸਮਾਗਮਾਂ ਦੌਰਾਨ ਅਤੇ ਸਕੂਲਾਂ ਵਿੱਚ ਜਾ ਕੇ ਗਿਆਨ, ਵਿਗਿਆਨ ਨਾਲ ਸੰਬੰਧਿਤ ਬਿਲਕੁੱਲ ਮੁਫਤ ਕਿਤਾਬਾਂ ਵੰਡੀਆਂ ਜਾ ਰਹੀਆਂ ਹਨ। ਇਸ ਲੜੀ ਤਹਿਤ ਬੇਗੋਵਾਲ, ਗੋਸਲ, ਸਾਹਲੋਂ ਤੋਂ ਬਾਅਦ ਹੁਣ ਪਿੰਡ ਮਾਈਦਿੱਤਾ ਵਿਖੇ ਬੱਚਿਆ ਨੂੰ ਮੁਫਤ ਕਿਤਾਬਾਂ ਵੰਡੀਆਂ ਗਈਆਂ । ਇਸ ਮੌਕੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਇੰਜੀ.ਸ੍ਰੀ ਜਸਵੀਰ ਸਿੰਘ ਮੋਰੋਂ ਨੇ ਕਿਹਾ ਕਿ ਕਿਤਾਬਾਂ ਪੜ੍ਹਨਾ ਮਹਾਨ ਲੋਕਾਂ ਦਾ ਸਾਥ ਮਾਣਨ ਵਾਂਗ ਹੁੰਦਾ ਹੈ l ਚੰਗੀਆਂ ਕਿਤਾਬਾਂ ਵਧੀਆ ਜੀਵਨ ਜਾਂਚ ਸਿਖਾਉਂਦੀਆਂ ਹਨ। ਮਹਾਨ ਸ਼ਖਸੀਅਤਾਂ ਦੇ ਜੀਵਨ, ਸਾਡੇ ਲਈ ਪ੍ਰੇਰਨਸ੍ਰੋਤ ਬਣਦੇ ਹਨ l ਸਰਪੰਚ ਸ੍ਰੀ ਨਿੰਦਰ ਮਾਈਦਿੱਤਾ ਨੇ ਇਸ ਮੌਕੇ ਕਿਹਾ ਕਿ ਅੱਜ ਜਦੋਂ ਪੰਜਾਬ ਦੇ ਲੋਕ ਨਿਰਾਸ਼ਾ ਦੇ ਦੌਰ ਵਿੱਚ ਜੀਅ ਰਹੇ ਹਨ l ਜਿਸ ਦਾ ਸਿੱਟਾ ਨਸ਼ਿਆਂ ਅਤੇ ਖ਼ੁਦਕੁਸ਼ੀਆਂ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ, ਅਜਿਹੇ ਸਮੇਂ ਚੰਗੀਆਂ ਪੁਸਤਕਾਂ ਸਾਨੂੰ ਸਹੀ ਰਾਹ ਪਾਉਣ ਵਿੱਚ ਆਪਣੀ ਭੂਮਿਕਾ ਨਿਭਾਉਣਗੀਆਂ lਸਾਨੂੰ ਸਾਰਿਆਂ ਨੂੰ ਆਪਣੀ ਸੋਚ ਵਿਗਿਆਨਕ, ਤਰਕਵਾਦੀ ਬਣਾਉਣ ਲਈ ਕਿਤਾਬਾਂ ਪੜ੍ਹਨ ਦੀ ਆਦਤ ਬਣਾ ਲੈਣੀ ਚਾਹੀਦੀ ਹੈ l ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਅਧਿਆਪਕਾ ਕੁਲਵਿੰਦਰ ਕੌਰ,ਸ੍ਰੀਮਤੀ ਰਾਜਵਿੰਦਰ ਕੌਰ ਆਂਗਨਵਾੜੀ ਵਰਕਰ,ਸਰਬਜੀਤ ਕੌਰ ਪੰਚ,ਅਮਨਦੀਪ ਕੌਰ ਪੰਚ,ਮਨਪ੍ਰੀਤ ਸਿੰਘ ਪੰਚ,ਸ੍ਰੀ ਗੁਰਪ੍ਰੀਤ ਸਿੰਘ ਪੰਚ,ਸ੍ਰੀਮਤੀ ਚਰਨਜੀਤ ਕੌਰ,ਮਨਦੀਪ ਕੌਰ,ਅਮਰਿੰਦਰ ਕੌਰ, ਸ੍ਰੀ ਦਲਵੀਰ ਮਾਹੀ ਬੇਗੋਵਾਲ, ਸ੍ਰੀ ਵਿਜੇ ਕੁਮਾਰ ਸੋਡੀਆਂ ਹਾਜ਼ਰ ਸਨ l ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵਲੋਂ ਗੀਤ, ਕਵਿਤਾਵਾਂ ਪੇਸ਼ ਕੀਤੀਆਂ ਗਈਆਂl ਸਾਬਕਾ ਸਰਪੰਚ ਸ੍ਰੀ ਭਾਗਚੰਦ ਅਤੇ ਸ੍ਰੀ ਅਮੀਰ ਸਿੰਘ ਵਲੋਂ ਵਿਵੇਕ ਵਿਕਾਸ ਲਹਿਰ ਬੰਗਾ ਵੱਲੋਂ ਸ਼ੁਰੂ ਕੀਤੀ ਗਈ, ਮੁਫਤ ਕਿਤਾਬਾਂ ਵੰਡਣ ਦੀ ਨਵੀਂ ਪਿਰਤ ਦੀ ਸ਼ਲਾਘਾ ਕੀਤੀ l ਮੁੱਖ ਅਧਿਆਪਕਾ ਨਿੰਦਰ ਕੌਰ ਨੇ ਇਸ ਸਮਾਗਮ ਵਿੱਚ ਸ਼ਾਮਲ ਹੋਏ ਸਾਰੇ ਨਗਰ ਨਿਵਾਸੀਆਂ ਅਤੇ ਸੰਸਥਾ ਦਾ ਧੰਨਵਾਦ ਕੀਤਾ।

# ਐਫ਼ ਐਸ਼ ਸੀ ਆਦਰਸ਼ ਸਕੂਲ ਪਿੰਡ ਜੰਡਿਆਲਾ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com





ਬੰਗਾ (ਚਰਨਜੀਤ ਸੱਲ੍ਹਾ ) ਐਫ਼ ਐਸ਼ ਸੀ ਆਦਰਸ਼ ਸਕੂਲ ਪਿੰਡ ਜੰਡਿਆਲਾ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ ਜਿਨ੍ਹਾਂ ਵਿੱਚ ਰਿਧਮਾ ਪੁਤਰੀ ਨਰੇਸ਼ ਕੁਮਾਰ ਐਫ ਐਸ ਸੀ ਆਦਰਸ਼ ਸਕੂਲ ਜੰਡਿਆਲਾ, ਕਲਾਸ ਚੌਥੀ ਵਿਚੋ 99.5% ਨੰ ਲੈ ਕੇ ਪਹਿਲੇ ਸਥਾਨ ਤੇ ਰਹੀ ਤੇ ਭਵਸਾਗਰ ਪੁਤਰ ਨਰੇਸ਼ ਕੁਮਾਰ ਸਰਕਾਰੀ ਪ੍ਰਾਇਮਰੀ ਸਕੂਲ ਜੰਡਿਆਲਾ ਦੀ ਕਲਾਸ ਤੀਸਰੀ ਵਿਚੋਂ ਦੂਸਰੇ ਨੰ. ਤੇ ਰਿਹਾ। ਬਹੁਤ ਬਹੁਤ ਮੁਬਾਰਕਾਂ ਜੀ

# ਵਕਫ਼ ਬਿੱਲ: ਮੁਸਲਿਮ ਸੰਗਠਨ AIMPLB ਨੇ ‘ਧਰਮ ਨਿਰਪੱਖ ਪਾਰਟੀਆਂ’ ਨੂੰ ਵਕਫ਼ ਬਿੱਲ ਦੇ ਹੱਕ ਵਿੱਚ ਵੋਟ ਨਾ ਪਾਉਣ ਦੀ ਕੀਤੀ ਅਪੀਲ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸਹਿਯੋਗੀਆਂ ਅਤੇ ਸੰਸਦ ਮੈਂਬਰਾਂ ਸਮੇਤ ਸਾਰੀਆਂ ਧਰਮ ਨਿਰਪੱਖ ਰਾਜਨੀਤਿਕ ਪਾਰਟੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਵਕਫ਼ (ਸੋਧ) ਬਿੱਲ ਦਾ ਸਖ਼ਤ ਵਿਰੋਧ ਕਰਨ, ਜਿਸ ਨੂੰ 2 ਅਪ੍ਰੈਲ ਨੂੰ ਲੋਕ ਸਭਾ ਵਿੱਚ ਚਰਚਾ ਅਤੇ ਪਾਸ ਕਰਨ ਲਈ ਪੇਸ਼ ਕੀਤਾ ਜਾਵੇਗਾ।

ਏਆਈਐਮਪੀਐਲਬੀ ਨੇ ਉਨ੍ਹਾਂ ਨੂੰ ਕਿਸੇ ਵੀ ਹਾਲਾਤ ਵਿੱਚ ਬਿੱਲ ਦੇ ਹੱਕ ਵਿੱਚ ਵੋਟ ਨਾ ਪਾਉਣ ਦੀ ਅਪੀਲ ਕੀਤੀ ਹੈ। ਮੁਸਲਿਮ ਸੰਸਥਾ ਨੇ ਇੱਕ ਬਿਆਨ ਵਿੱਚ ਕਿਹਾ, ‘ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਸਾਰੀਆਂ ਧਰਮ ਨਿਰਪੱਖ ਰਾਜਨੀਤਿਕ ਪਾਰਟੀਆਂ, ਜਿਨ੍ਹਾਂ ਵਿੱਚ ਭਾਜਪਾ ਦੇ ਸਹਿਯੋਗੀ ਅਤੇ ਸੰਸਦ ਮੈਂਬਰ ਸ਼ਾਮਲ ਹਨ, ਨੂੰ ਅਪੀਲ ਕਰਦਾ ਹੈ ਕਿ ਉਹ ਵਕਫ਼ ਸੋਧ ਬਿੱਲ ਦਾ ਸਖ਼ਤ ਵਿਰੋਧ ਕਰਨ ਅਤੇ ਕਿਸੇ ਵੀ ਹਾਲਾਤ ਵਿੱਚ ਇਸਦੇ ਹੱਕ ਵਿੱਚ ਵੋਟ ਨਾ ਪਾਉਣ।’

# ਕੁੱਝ ਬੇਵਕੂਫ ਲੋਕ ਸਿੱਖਾਂ ਅਤੇ ਦਲਿਤਾਂ ਵਿਚਕਾਰ ਦੰਗੇ ਫਸਾਦ ਕਰਵਾਉਣੇ ਚਾਹੁੰਦਾ ਹੈ- ਰਾਮ ਪ੍ਰਕਾਸ਼ ਮੰਗੂਵਾਲ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਬੰਗਾ( ਚਰਨਜੀਤ ਸੱਲ੍ਹਾ )ਰਾਮ ਪ੍ਰਕਾਸ਼ ਮੰਗੂਵਾਲ ਨੇ ਕਿਹਾ ਕਿ ਇਹਨਾ ਬੇਵਕੂਫਾਂ ਨੂੰ ਪੁੱਛ ਕੇ ਨਹੀਂ ਸਤਿਗੁਰੂ ਰਵਿਦਾਸ ਜੀ ਦੇ ਬੁੱਤ ਲਗਾਉਣੇ ਅਸੀਂ। ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹਦੇ ਹੀ ਨਹੀਂ ਸਗੋਂ ਸਮਝਦੇ ਹਾਂ ਤੇ ਉਸ ਤੇ ਅਮਲ ਵੀ ਕਰਦੇ ਹਾਂ। ਰਹੀ ਗੱਲ ਸੰਵਿਧਾਨ ਦੀ ਜਿਸ ਵਿੱਚ ਸਿੱਖਾਂ ਨੂੰ ਕਿਰਪਾਨ ਪਹਿਨਣ ਦਾ ਹੱਕ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੇ ਹੀ ਦਿੱਤਾ ਹੈ।ਇਸ ਨਾਸਮਝ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਰੇ ਸਿਆਸੀ ਆਗੂਆਂ ਵਲੋਂ, ਸਿੱਖਾਂ ਵਲੋਂ ਵੀ, ਸੰਵਿਧਾਨ ਉੱਪਰ ਹੀ ਹੱਥ ਰੱਖ ਕੇ ਸਹੁੰ ਚੁੱਕੀ ਜਾਂਦੀ ਹੈ। ਸੰਵਿਧਾਨ ਦੇ ਇੱਕ ਇੱਕ ਅੱਖਰ, ਸ਼ਬਦ ਉੱਪਰ ਸੰਵਿਧਾਨ ਸਭਾ ਦੇ ਸਾਰੇ ਮੈਂਬਰਾਂ, ਰਜਿੰਦਰ ਪ੍ਰਸ਼ਾਦ ਪਹਿਲੇ ਰਾਸ਼ਟਰਪਤੀ ਸਮੇਤ ਚਰਚਾ ਕੀਤੀ ਜਾਂਦੀ ਸੀ ਤਾਂ ਲਿਖਿਆ ਜਾਂਦਾ ਸੀ। ਇਹ ਮੂਰਖ ਸਿੱਖਾਂ ਅਤੇ ਦਲਿਤਾਂ ਦਰਮਿਆਨ ਦੰਗੇ ਫ਼ਸਾਦ ਕਰਵਾਉਣ ਦੀ ਗੰਦੀ ਸਾਜ਼ਿਸ਼ ਰਚ ਰਿਹਾ ਹੈ। ਡਾਕਟਰ ਭੀਮ ਰਾਓ ਅੰਬੇਦਕਰ ਵਿਸ਼ਵ ਦੇ ਮੰਨੇ ਪ੍ਰਮੰਨੇ ਪਹਿਲੇ ਮਹਾਨ ਜਰਨੈਲ ਫਿਲੌਸਫ਼ਰ,ਸੱਭ ਤੋਂ ਵੱਧ ਡਿਗਰੀਆਂ ਲੈਣ ਵਾਲੇ ਹਨ ਜਿਨ੍ਹਾਂ ਦੀਆਂ ਮੂਰਤੀਆਂ ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ



ਵੀ ਲੱਗੀਆਂ ਹੋਈਆਂ ਹਨ ਅਤੇ ਉਨ੍ਹਾਂ ਦਾ ਮਾਣ ਸਨਮਾਨ ਵੀ ਸ਼ਰਧਾ ਨਾਲ ਕੀਤਾ ਜਾਂਦਾ ਹੈ। ਇਹ ਸ਼ਬਦ ਰਾਮ ਪ੍ਰਕਾਸ਼ ਮੰਗੂਵਾਲ ਜੀ ਨੇ ਕਹੇ ਹਨ ਜੈ ਭੀਮ ਜੈ ਸੰਵਿਧਾਨ।

# ਗੁਰਪੰਤ ਪੰਨੂੰ ਵਲੋਂ ਭਾਰਤ ਰਤਨ ਬਾਬਾ ਸਾਹਿਬ ਅੰਬੇਡਕਰ ਜੀ ਅਤੇ ਭਾਰਤੀ ਸੰਵਿਧਾਨ ਬਾਰੇ ਗਲਤ ਭਾਸ਼ਾ ਵਰਤ ਕੇ ਘੋਰ ਅਪਰਾਧ ਕੀਤਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਰੋਪੜ( ਚਰਨਜੀਤ ਸੱਲ੍ਹਾ )ਬਹੁਜਨ ਸਮਾਜ ਪਾਰਟੀ ਦੇ ਨੌਜਵਾਨ ਆਗੂ ਗੋਲਡੀ ਪੁਰਖਾਲੀ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਗੁਰਪੰਤ ਪੰਨੂੰ ਵਲੋਂ ਭਾਰਤ ਰਤਨ ਬਾਬਾ ਸਾਹਿਬ ਅੰਬੇਡਕਰ ਜੀ ਅਤੇ ਭਾਰਤੀ ਸੰਵਿਧਾਨ ਬਾਰੇ ਗਲਤ ਭਾਸ਼ਾ ਵਰਤ ਕੇ ਘੋਰ ਅਪਰਾਧ ਕੀਤਾ ਹੈ ਜਿਸਨੂੰ ਬਹੁਜਨ ਸਮਾਜ ਕਦੇ ਵੀ ਮੁਆਫ ਨਹੀਂ ਕਰੇਗਾ।ਪੂਰੇ ਵਿਸ਼ਵ ਵਿੱਚ ਸਿਰਫ ਭਾਰਤੀ ਸੰਵਿਧਾਨ ਹੀ ਇੱਕ ਸੰਪੂਰਨ ਸਿੰਘ ਨੂੰ ਤਲਵਾਰ ਰੱਖਣ ਦਾ ਅਧਿਕਾਰ ਦਿੰਦਾ ਹੈ ।ਪੰਨੂੰ ਇੱਕ ਏਜੰਸੀਆਂ ਦਾ ਪਾਲਿਆ ਹੋਇਆ ਨਕਲੀ ਸਿੱਖ ਹੈ। ਅਜਿਹੇ ਕੋਂ ਟੰਗਣੇ ਪੈਣਗੇ ਤਾਂ ਜੋ ਬਾਕੀ ਕਾਂ ਖੁਦ ਹੀ ਕਾਂ ਕਾਂ ਕਰਨੀ ਬੰਦ ਕਰ ਦੇਣ। ਅਸੀਂ ਬਾਬਾ ਜੀਵਨ ਸਿੰਘ ਤੇ ਭਾਈ ਸੰਗਤ ਸਿੰਘ ਜੀ ਦੇ ਵਾਰਸ ਹਾਂ ਸ਼ਰਾਰਤੀ ਅਨਸਰ ਕਿਸੇ ਭੁਲੇਖੇ ਚ ਨਾ ਰਹਿਣ।



# ਨੈਸ਼ਨਲ ਐਥਲੀਟ ਬਹਾਦਰ ਕੇਬੀ ਐਮ ਜੀ ਐਫ ਏ ਦੇ ਖਿਡਾਰੀਆਂ ਲਈ ਡਾਈਟ ਲੈ ਕੇ ਪਹੁੰਚੇ ਸਰਬਜੀਤ ਮੰਗੂਵਾਲ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਬੰਗਾ( ਚਰਨਜੀਤ ਸੱਲ੍ਹਾ )ਮਾਹਿਲ ਗਹਿਲਾ ਫੁੱਟਬਾਲ ਅਕੈਡਮੀ ਦੇ ਟ੍ਰੇਨਿੰਗ ਸੈਸ਼ਨ ਤੋਂ ਬਾਅਦ ਨੈਸ਼ਨਲ ਐਥਲੀਟ ਬਹਾਦਰ ਸਿੰਘ ਕੇਬੀ ਯੂ.ਕੇ ਨਿਵਾਸੀ ਖੇਡ-ਸਟੇਡੀਅਮ ਵਿੱਚ ਆਪਣੇ ਪਰਿਵਾਰ ਸਮੇਤ ਡਾਈਟ ਲੈ ਕੇ ਪਹੁੰਚੇ ਤਾਂ ਅਕੈਡਮੀ ਦੇ ਕੋਚ ਤੇ ਖੇਡ ਲੇਖਕ ਸਰਬਜੀਤ ਮੰਗੂਵਾਲ ਨੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਹੋਇਆਂ ਦੱਸਿਆ ਕਿ ਕੇਬੀ ਦੇ ਮਨ ਵਿੱਚ ਖਿਡਾਰੀਆਂ ਦੀ ਮਦਦ ਕਰਨ ਵਾਸਤੇ ਚੇਟਕ ਲੱਗੀ ਹੋਣ ਕਰਕੇ ਹਫਤੇ ਮਗਰੋਂ ਹੀ ਉਨ੍ਹਾਂ ਵਲੋਂ ਦੁਬਾਰਾ ਇਹ ਯੋਗਦਾਨ ਪਾਇਆ ਗਿਆ ਹੈ ਕਿਓਂਕਿ ਉਹ ਖੁਦ ਵੀ ਮਾਹਿਲ ਗਹਿਲਾ ਦੇ ਨਾਮਵਰ ਤੇ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਬੈਸਟ ਐਥਲੀਟ ਅਤੇ ਆਲ-ਇੰਡੀਆ ਇੰਟਰ-ਵਰਸਿਟੀ ਵਿੱਚ ਮੈਡਲਿਸਟ ਐਥਲੀਟ ਰਹੇ ਹਨ। ਉਨ੍ਹਾਂ ਨੇ ਅਕੈਡਮੀ ਦੇ ਖਿਡਾਰੀ ਪ੍ਰਭਜੋਤ ਨੀਲੇ ਨੂੰ ਯੂ.ਕੇ ਤੋਂ ਐਡੀਡਾਸ ਦੇ ਫੁੱਟਬਾਲ ਸ਼ੂ ਵੀ ਲਿਆ ਕੇ ਦਿੱਤੇ ਹਨ। ਅੱਜ ਉਨ੍ਹਾਂ ਦੇ ਨਾਲ ਪਰਿਵਾਰਕ ਮੈਂਬਰਜ ਕੇਬੀ ਦੀ ਵਾਈਫ ਬਲਵਿੰਦਰ ਕੌਰ ਮਾਹਿਲ, ਬੇਟੀਆਂ ਕਿਰਨਦੀਪ ਕੌਰ ਤੇ ਬਲਇੰਡਾ, ਬੇਟਾ ਮਨਵੀਰ ਮਿੱਕੀ, ਦਾਮਾਦ ਅੰਗਤ ਸਿੰਘ ਅੰਗੀ, ਛੋਟੀ ਭਰਜਾਈ ਸ਼ਿਵ, ਦੋਹਤਰੇ ਜੋਬਨ ਸਿੰਘ ਤੇ ਹਰਬੀ ਸਿੰਘ ਅਤੇ ਜਸਵੀਰ ਬੰਟੀ ਵੀ ਆਏ। ਸਰਬਜੀਤ ਮੰਗੂਵਾਲ ਨੇ ਅੱਗੇ ਦੱਸਿਆ ਕਿ ਜਦੋਂ ਉਨ੍ਹਾਂ ਵਲੋਂ ਇੰਡੋ-ਇੰਗਲੈਂਡੀਅਨ ਸਟਾਈਲ ਦੀ ਤਰਜ਼ ਤੇ ਮਿਲਕ-ਬਦਾਮ ਦੀਆਂ ਬੋਤਲਾਂ ਤੇ ਬੈਜੀਟੇਰੀਅਨ ਪੀਜ਼ਾ ਖੁੱਲੇ ਤੌਰ ਤੇ ਖਿਡਾਰੀਆਂ ਨੂੰ ਖਾਣ-ਪੀਣ ਲਈ ਦਿੱਤਾ ਗਿਆ ਤਾਂ ਖਿਡਾਰੀਆਂ ਨੇ ਫੰਨ (ਖੁਸ਼ੀ) ਮਹਿਸੂਸ ਕੀਤਾ। ਇਸ ਮੌਕੇ ਮਾਹਿਲ ਗਹਿਲਾ ਦੇ ਨੈਸ਼ਨਲ ਫੁੱਟਬਾਲ ਖਿਡਾਰੀ ਰਘਵੀਰ ਸਿੰਘ ਕਾਲਾ, ਰਾਜਵੀਰ ਸਿੰਘ ਰਾਜੂ, ਮਸ਼ਹੂਰ ਫੁੱਟਬਾਲ ਪਲੇਅਰ ਮੰਢਾਲੀ, ਨਰਿੰਦਰ ਸਿੰਘ ਭਲਵਾਨ, ਬਿਕਰਮ ਸਿੰਘ ਵਿੱਕੀ, ਮਾਹਿਲ ਗਹਿਲਾ ਦੇ ਸਰਪੰਚ ਪਹਿਲਵਾਨ ਸੰਦੀਪ ਸਿੰਘ, ਨੈਸ਼ਨਲ ਫੁੱਟਬਾਲ ਪਲੇਅਰ ਜੋਗਾ ਸਿੰਘ ਮਾਹਿਲ ਯੂ.ਕੇ ਨਿਵਾਸੀ, ਸਰਦਾਰਾ ਸ਼ੇਖ, ਅਕਬਰ ਸ਼ੇਖ ਸਮੇਤ ਨੰਨੇ-ਮੁੰਨੇ ਫੁੱਟਬਾਲਰ ਸੀਰਤ ਕੌਰ, ਨਿਮਰਤ ਕੌਰ, ਅਰਸ਼ਵੀਰ ਮਾਹਿਲ ਅਤੇ ਅਕੈਡਮੀ ਦੇ ਖਿਡਾਰੀ ਹਾਜ਼ਰ ਰਹੇ।

# ਪੰਜਾਬ ਸਰਕਾਰ ਨੂੰ ਨੱਥ ਪਾਉਣੀ ਚਾਹੀਦੀ ਹੈ ਜਿਹੜੇ ਸਿੱਖਾਂ ਅਤੇ ਦਲਿਤਾਂ ਵਿੱਚ ਦੰਗੇ ਫਸਾਦ ਕਰਵਾਉਣੇ ਚਾਹੁੰਦੇ ਹਨ --ਡਾ ਨਛੱਤਰ ਪਾਲ ਐਮ ਐਲ ਏ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਚਰਨਜੀਤ ਸੱਲ੍ਹਾ )ਬਹੁਜਨ ਸਮਾਜ ਪਾਰਟੀ ਜਿਲਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਜੋ ਬੀਤੇ ਕੱਲ ਗੁਰਪਤਵੰਤ ਸਿੰਘ ਪੰਨੂ ਵਲੋਂ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਬਾਰੇ ਗਲਤ ਭਾਸ਼ਾ ਦਾ ਇਸਤੇਮਾਲ ਕੀਤਾ ਉਸ ਦੇ ਖਿਲਾਫ ਪੂਰੇ ਬਹੁਜਨ ਸਮਾਜ ਦੇ ਅੰਦਰ ਬਹੁਤ ਵੱਡਾ ਰੋਸ ਹੈ ਕਿ ਦੇਸ਼ ਦੀਆਂ ਉਹ ਫਿਰਕੂ ਤਾਕਤਾਂ ਜਿਹੜੀਆਂ ਸਮੇਂ ਸਮੇਂ ਤੇ ਕਦੇ ਕ੍ਰਿਸ਼ਚੀਅਨ ਤੇ ਹਮਲੇ ਕਰਦੀਆਂ ਕਦੇ ਮੁਸਲਮਾਨਾ ਤੇ ਹਮਲੇ ਕਰਦੀਆਂ ਕਿਤੇ ਸਿੱਖਾਂ ਦੀ ਨਸਲ ਕੁਸ਼ੀ ਕਰਦੀਆਂ ਇਹ ਕੇਂਦਰ ਦੀਆਂ ਏਜੰਸੀਆਂ ਜਿਹੜੀਆਂ ਨਹੀਂ ਚਾਹੁੰਦੀਆਂ ਕਿ ਦੇਸ਼ ਦੇ ਅੰਦਰ ਆਪਸੀ ਭਾਈਚਾਰਾ ਆਪਸੀ ਭਾਈਚਾਰਕ ਸਾਂਝ ਕਾਇਮ ਰਹੇ ਉਹਨੂੰ ਤੋੜਨ ਦੇ ਲਈ ਲਗਾਤਾਰ ਪੰਜਾਬ ਦੇ ਅੰਦਰ ਇਹ ਹਮਲੇ ਹੋਏ ਇਸ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ



ਸਾਹਿਬ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਪ੍ਰਿਤਮਾ ਦੇ ਨਾਲ ਛੇੜਛਾੜ ਹੋਈ ਤਾਂ ਮੇਰੇ ਵੱਲੋਂ ਪੰਜਾਬ ਦੀ ਅਸੈਂਬਲੀ ਦੇ ਅੰਦਰ ਇਹ ਮਾਮਲਾ ਵੀ ਉਠਾਇਆ ਗਿਆ ਸੀ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਪ੍ਰਤਿਮਾ ਨਾਲ ਛੇੜਛਾੜ ਕਰਨ ਵਾਲਿਆਂ ਖਿਲਾਫ ਸਾਨੂੰ ਐਨ.ਐਸ.ਏ ਜਾ ਦੇਸ਼ ਧਰੋਹ ਵਰਗੀਆਂ ਧਰਾਵਾਂ ਲਗਾਈਆਂ ਚਾਹੀਦੀਆਂ ਹਨ ਤਾਂ ਜੋ ਅੱਗੇ ਤੋਂ ਅਜਿਹਾ ਘਨਾਉਣੀ ਹਰਕਤ ਕੋਈ ਨਾ ਕਰ ਸਕੇ ਜਿਹੜੀ ਕੱਲ ਹਲਕਾ ਫਿਲੋਰ ਦੇ ਪਿੰਡ ਨੰਗਲ ਵਿਖੇ ਘਟਨਾ ਹੋਈ ਤਾਂ ਉਥੇ ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਜੀ ਪਹੁੰਚੇ ਮੌਕੇ ਤੇ ਹੀ ਪੁਲਿਸ ਵੱਲੋਂ ਐਫਆਈਆਰ ਦਰਜ ਕੀਤੀ ਗਈ ਦੋਸ਼ੀਆਂ ਦੀ ਭਾਲ ਜਾਰੀ ਹੈ ਇਸ ਕਰਕੇ ਅੱਜ ਅਸੀਂ ਪੰਜਾਬ ਸਰਕਾਰ ਨੂੰ ਇਹ ਕਹਿਣਾ ਚਾਹੁੰਦੇ ਹਾਂ ਕਿ ਜਿੱਥੇ ਜਿੱਥੇ ਵੀ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੀ ਪ੍ਰਤਿਮਾ ਲੱਗੀ ਉਹਨਾਂ ਦੀ ਸੁਰੱਖਿਆ ਦੀ ਦੇਖ ਰੇਖ ਉਹਨਾਂ ਨੂੰ ਕਰਨੀ ਚਾਹੀਦੀ ਹੈ ਤਾਂ ਜੋ ਪੰਜਾਬ ਦੇ ਅੰਦਰ ਅਜਿਹੇ ਗਲਤ ਅਨਸਰ ਪੰਜਾਬ ਦੇ ਭਾਈਚਾਰਕ ਸਾਂਝ ਨੂੰ ਤੋੜ ਨਾ ਸਕਣ ਮੇਰੀ ਬਹੁਜਨ ਸਮਾਜ ਨੂੰ ਵੀ ਅਪੀਲ ਹੈ ਕਿ ਆਪਾਂ ਰਲ ਮਿਲ ਕੇ ਆਪਸੀ ਭਾਈਚਾਰਕ ਸਾਂਝ ਦੇ ਨਾਲ ਇਕੱਠੇ ਹੋ ਕੇ ਇਹਨਾਂ ਤਾਕਤਾਂ ਦੇ ਖਿਲਾਫ ਲੜੀਏ ਤਾਂ ਜੋ ਇਹਨਾਂ ਦੇ ਮਨਸੂਬੇ ਕਾਮਯਾਬ ਨਾ ਹੋ ਸਕਣ ਇਸ ਮੌਕੇ ਜਿਲ੍ਹਾ ਪ੍ਰਧਾਨ ਸਰਬਜੀਤ ਜਾਫਰਪੁਰ, ਵਿਧਾਨ ਸਭਾ ਪ੍ਰਧਾਨ ਰਸ਼ਪਾਲ ਮਹਾਲੋਂ, ਗਿਆਨ ਚੰਦ ਰਾਹੋਂ,ਬਲਵਿੰਦਰ ਭੰਗਲ,ਗੁਰਨਾਮ ਪੁੰਨੂ ਮੁਜਾਰਾ,ਹਰਬੰਸ ਜਾਨੀਵਾਲ ਗੁਰਦੀਪ ਸਲੋਹ ਡਾਕਟਰ ਸਰਬਜੀਤ ਸਲੋਹ,ਕਮਲ ਵੀਰ ਜਸਲ,ਸਤਪਾਲ ਚੱਕਲੀ,ਕਸ਼ਮੀਰ ਨਵਾਂ ਸ਼ਹਿਰ, ਸਰਪੰਚ ਰਕੇਸ਼ ਉਧੋਵਾਲ,ਸੋਨੂ ਲਧੜ,ਪ੍ਰੇਮ ਰਤਨ ਸ਼ੈਰੀ ਪ੍ਰਧਾਨ,ਸਤਨਾਮ ਮਹਾਲੋ,ਔਰ ਫਿਰ ਬਲਵੀਰ ਦੁਗਲ, ਜਸਵੰਤ ਤੂਰ, ਰਜਿੰਦਰ ਕੁਮਾਰ,ਨਵਦੀਪ ਸਿੰਘ,ਰਾਮਲਾਲ ਕੁਲਾਮ,ਜੱਸੀ ਬੇਗਮਪੁਰ,ਕੁਲਬੀਰ ਰਾਮ ਜਾਫਰਪੁਰ,ਸੱਤਪਾਲ ਲੰਗੜੋਆ, ਐਸਡੀਓ ਧਰਮਪਾਲ, ਮੇਜਰ ਘਟਾਰੋ ਸੁਰਜੀਤ ਕਰਿਹਾ ਜੀ ਸ਼੍ਰਿੰਗਾਰਾ ਰਾਮ ਰਾਹੋ ਮੁਖਤਿਆਰ ਪ੍ਰਧਾਨ ਰਾਹੋ,ਬਿਸ਼ਨਦਾਸ ਰਾਹੋਂ ਸੋਨੂ ਨਵਾਂ ਸ਼ਹਿਰ, ਹਰਮੇਸ਼ ਸੀਮਾਰ, ਆਦਿ ਸਾਥੀ ਮੌਜੂਦ ਸਨ।

# ਪੰਜਾਬ ਸੰਭਾਲੋ ਮੁਹਿੰਮ ਤਹਿਤ ਬਸਪਾ ਵੱਡੀ ਪੱਧਰ ਤੇ ਲੋਕਾਂ ਨੂੰ ਲਾਮਬੰਦ ਕਰੇਗੀ- ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਗੜ੍ਹਸ਼ੰਕਰ( ਚਰਨਜੀਤ ਸੱਲ੍ਹਾ )ਮਿਤੀ 31-3-2025 ਨੂੰ ਹਲਕਾ ਗੜ੍ਹਸ਼ੰਕਰ ਦੀ ਇੱਕ ਵਿਸ਼ੇਸ਼ ਮੀਟਿੰਗ ਮਾਨਯੋਗ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਮਾਨਯੋਗ ਕਰੀਮਪੁਰੀ ਸਾਹਿਬ ਨੇ "ਪੰਜਾਬ ਬਚਾਓ "ਮਹਿੰਮ ਦੇ ਤਹਿਤ ਆਮ ਪਾਰਟੀ ਦੀ ਸਰਕਾਰ ਤੇ ਤਿੱਖੇ ਹਮਲੇ ਕੀਤੇ ਤੇ ਵਰਕਰਾਂ ਨੂੰ



ਸਰਕਾਰ ਦੀਆਂ ਗਲਤ ਨੀਤੀਆਂ ਵਿਰੁੱਧ ਲੜਨ ਦਾ ਸੰਦੇਸ਼ ਦਿੱਤਾ। ਇਸ ਦੇ ਨਾਲ ਹੀ ਮਾਨਯੋਗ ਕਰੀਮਪੁਰੀ ਸਾਹਿਬ ਨੇ ਹਲਕਾ ਬਾਡੀ ਦੀ ਚੋਣ ਆਪਣੀ ਨਿਗਰਾਨੀ ਹੇਠ ਕੀਤੀ। ਜਿਸ ਵਿੱਚ ਸ੍ਰੀ ਰਣਵੀਰ ਬੱਬਰ ਨੂੰ ਸਟੇਟ ਵਲੋਂ ਹਲਕਾ ਇੰਚਾਰਜ, ਸ੍ਰੀ ਮਲਕੀਤ ਸਿੰਘ ਸੂੰਨੀ ਨੂੰ ਹਲਕਾ ਪ੍ਰਧਾਨ, ਸ੍ਰੀ ਸੋਹਣ ਸਿੰਘ ਸੂੰਨੀ ਨੂੰ ਜਿਲਾ ਆਰਗੇਨਾਈਜ਼ਰ ਸਕੱਤਰ, ਸ੍ਰੀ ਬਖਸ਼ੀਸ਼ ਭੀਮ ਨੂੰ ਜਿਲਾ ਕੋਆਰਡੀਨੇਟਰ ,ਸ੍ਰੀ ਧਰਮ ਚੰਦ ਨੂੰ ਜਿਲਾ ਸਕੱਤਰ, ਸ੍ਰੀ ਚਰਨਜੀਤ ਸਿੰਘ ਨੂੰ ਜਿਲਾ ਸਕੱਤਰ, ਸ੍ਰੀ ਹਰਦੇਵ ਸਿੰਘ ਗੁਲਮਾਰਗ ਨੂੰ ਜਿਲਾ ਸਕੱਤਰ, ਸ੍ਰੀ ਰਾਮ ਦਾਸ ਨੂੰ ਜਨਰਲ ਸਕੱਤਰ, ਸ੍ਰੀ ਰਾਮ ਜੱਸ ਨੂੰ ਵਾਈਸ ਪ੍ਰਧਾਨ, ਸ੍ਰੀ ਸੁਖਵਿੰਦਰ ਸਿੰਘ ਨੂੰ ਕੈਸ਼ੀਅਰ, ਸ੍ਰੀ ਬਾਲਕਿਸ਼ਨ ਨੂੰ ਬੀਤ ਦਾ ਪ੍ਰਧਾਨ ਸ੍ਰੀ ਅਸ਼ੋਕ ਕੁਮਾਰ ਬੀਹੜਾਂ ਨੂੰ ਬੀ ਬੀ ਐਫ ਦਾ ਕੰਨਵੀਨਰ ਨਿਯੁਕਤ ਕੀਤਾ ਗਿਆ। ਬਾਅਦ ਵਿੱਚ ਸ੍ਰੀ ਗੁਰਨਾਮ ਚੌਧਰੀ ਜਨਰਲ ਸਕੱਤਰ ਪੰਜਾਬ ਵਲੋਂ ਸੈਕਟਰਾਂ ਦੇ ਪ੍ਰਧਾਨ ਲਗਾਏ ਗਏ ਤੇ ਵਰਕਰਾਂ ਨੂੰ 14 ਅਪਰੈਲ ਨੂੰ ਬਾਬਾ ਸਾਹਿਬ ਦੇ ਜਨਮ ਦਿਨ ਤੇ ਹੋ ਰਹੇ ਜਿਲਾ ਪੱਧਰੀ ਸਮਾਗਮ ਵਿੱਚ ਲੋਕਾਂ ਨੂੰ ਗੱਡੀਆਂ ਦੇ ਮਾਧਿਅਮ ਰਾਹੀਂ ਲੈਕੇ ਜਾਣ ਦਾ ਸੰਦੇਸ਼ ਦਿੱਤਾ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਬੰਗਾ ਦੀ ਮੀਟਿੰਗ ਹੋਈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਬੰਗਾ (ਚਰਨਜੀਤ ਸੱਲ੍ਹਾ ) ਮੈਡੀਕਲ ਪ੍ਰੈਕਟਿਸਨ ਆਈਸੋਸੇਨ ਦੇ ਬਲਾਕ ਬੰਗਾ ਦੀ ਮੀਟਿੰਗ ਬੰਗਾ ਵਿਖੇ ਪ੍ਰਧਾਨ ਡਾ ਅਮ੍ਰਿਤ ਲਾਲ ਰਾਣਾ ਦੀ ਪ੍ਰਧਾਨਗੀ ਹੇਠ ਬੰਗਾ ਵਿਖੇ ਹੋਈ ਅੱਜ ਦੀ ਮੀਟਿੰਗ ਵਿੱਚ ਵੱਖ ਵੱਖ ਵਿਚਾਰ ਵਿਟਾਦਰਾ ਕੀਤਾ ਗਿਆ ਅੱਜ ਦੀ ਪੰਜਾਬ ਸਰਕਾਰ ਤੋਂ ਆਪਣੀਆਂ ਮੰਗਾ ਮੰਨਣ ਦੀ ਅਪੀਲ ਕੀਤੀ



ਅੱਜ ਦੀ ਮੀਟਿੰਗ ਵਿੱਚ ਬਾਬਾ ਸਾਹਿਬ ਡਾ ਬੀ ਆਰ ਅੰਬੇਡਕਰ ਜੀ ਦੇ ਬੁੱਤ ਤੇ ਫਿਲੋਰ ਵਿਖੇ ਲਿਖੇ ਖਾਲਸਤਾਨੀ ਨਾਰੇ ਦੀ ਜੋਰਦਾਰ ਨਿਖੇਧੀ ਕੀਤੀ ਤੇ ਅੱਤਵਾਦੀ ਗੁਰਪੰਤ ਪੰਨੂ ਦੇ ਖਿਲਾਫ ਕੇਸ ਦਰਜ ਕਰਕੇ ਉਸ ਖਿਲਾਫ ਸਖਤ ਕਾਰਵਾਈ ਕਰਨ ਦੀ ਅਪੀਲ ਕੀਤੀ ਤੇ ਨਾਲ ਹੀ ਇੰਗਲੈਂਡ ਵਿਖੇ ਹੋਏ ਵੱਲਡ ਕਬੱਡੀ ਕੱਪ ਵਿੱਚ ਗੋਲਡ ਮੈਡਲ ਜਿੱਤ ਕੇ ਆਈ ਬੰਗਾ ਦੀ ਬੇਟੀ ਮਨੀਸ਼ਾ ਨੂੰ ਬੰਗਾ ਦਾ ਨਾਮ ਰੋਸ਼ਨ ਕਰਨ ਲਈ ਮੁਬਾਰਕਾਂ ਦਿੱਤੀਆਂ ਅੱਜ ਦੀ ਮੀਟਿੰਗ ਵਿੱਚ ਡਾ ਅਮ੍ਰਿਤ ਲਾਲ ਰਾਣਾ ਡਾ ਲੇਖ ਰਾਜ ਡਾ ਸੀਤਾ ਰਾਮ ਡਾ ਗੁਰਮੇਲ ਸਿੰਘ ਡਾ ਧਰਮ ਪਾਲ ਬੱਗਾ ਡਾ ਅਸ਼ੋਕ ਗਾਬਾ ਚਰਨਜੀਤ ਸਿੰਘ ਡਾ ਰਤਨ ਸਿੰਘ ਡਾ ਮਹਿੰਗਾ ਸਿੰਘ ਡ ਸਿੰਦਰ ਪਾਲ ਡਾ ਗੁਰਦੀਪ ਸਿੰਘ ਡਾ ਰਣਜੀਤ ਸਿੰਘ ਡਾ ਮੱਖਣ ਲਾਲ ਡਾ ਕੁਲਵਿੰਦਰ ਸਿੰਘ ਡਾ ਬਘੇਲ ਸਿੰਘ ਡਾ ਗੁਰਨਾਮ ਸਿੰਘ ਡਾ ਲਵਦੀਪ ਸਿੰਘ ਡਾ ਹਰਜਿੰਦਰ ਸਿੰਘ ਅਨੁਪਿੰਦਰ ਸਿੰਘ ਡਾ ਸੰਦੀਪ ਕੋਰ ਡਾ ਜਸਪਾਲ ਕੋਰ ਸਾਥੀ ਹਾਜਰ ਹੋਏ

# ਆਮ ਆਦਮੀ ਪਾਰਟੀ ਤੇ ਕੇਂਦਰ ਸਰਕਾਰਾਂ ਡਾ ਅੰਬੇਡਕਰ ਸਾਹਿਬ ਦੀ ਪ੍ਰਤਿਮਾ ਦੀ ਸੁਰੱਖਿਆ ਕਰਨ ਵਿੱਚ ਬੁਰੀ ਤਰ੍ਹਾਂ ਫੇਲ- ਚਮਕੌਰ ਸਿੰਘ ਵੀਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਕੇਂਦਰੀ ਏਜੰਸੀਆਂ ਅਤੇ ਪੰਜਾਬ ਦੀਆਂ ਏਜੰਸੀਆਂ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਤਾਕ ਵਿੱਚ ਸੰਗਰੂਰ ( )ਫਿਲੋਰ ਦੇ ਨੇੜੇ ਪਿੰਡ ਨੰਗਲ ਵਿਖੇ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਲੱਗੀ ਪ੍ਰਤਿਮਾ ਤੇ ਖਾਲਿਸਤਾਨੀ ਨਾਅਰੇ ਲਿਖਣ ਅਤੇ ਪੰਜਾਬ ਦਾ ਮਾਹੌਲ ਖਰਾਬ ਕਰਨ ਵਿੱਚ ਕੇਂਦਰ ਤੇ ਪੰਜਾਬ ਦੀਆਂ ਏਜੰਸੀਆਂ ਲੱਗੀਆਂ ਹੋਈਆਂ ਹਨ ਅਤੇ ਪੰਜਾਬ ਸਰਕਾਰ ਅੰਬੇਡਕਰ ਸਾਹਿਬ ਦੇ ਬੁੱਤਾਂ ਦੀ ਸੁਰੱਖਿਆ ਕਰਨ ਵਿੱਚ ਬੁਰੀ ਤਰ੍ਹਾਂ ਫੇਲ ਹੋ ਰਹੀਆਂ ਹਨ।ਪਹਿਲਾਂ ਅੰਮ੍ਰਿਤਸਰ ਵਿਖੇ ਬਾਬਾ ਸਾਹਿਬ ਅੰਬੇਡਕਰ ਸਾਹਿਬ ਦੇ ਬੁੱਤ ਤੇ ਥੌੜੇ ਚਲਾਏ ਗਏ, ਸੰਵਿਧਾਨ ਨੂੰ ਅੱਗ ਲਗਾ ਕੇ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ,ਉਸ ਤੋਂ ਬਾਅਦ ਜ਼ਿਲ੍ਹਾ ਸੰਗਰੂਰ ਦੇ ਪਿੰਡ ਬਘਰੌਲ ਵਿਖੇ ਅੰਬੇਡਕਰ ਸਾਹਿਬ ਦਾ ਬੁੱਤ ਲਾਉਂਦੇ ਸਮੇਂ ਸ਼ਰਾਰਤੀ ਅਨਸਰਾਂ ਨੇ ਕੁੱਟਮਾਰ ਕੀਤੀ ਤੇ ਹੁਣ ਫਿਲੌਰ ਦੇ ਨੇੜੇ ਪਿੰਡ ਨੰਗਲ ਵਿੱਚ ਡਾਕਟਰ ਅੰਬੇਡਕਰ ਸਾਹਿਬ ਦੀ ਪ੍ਰਤਿਮਾ ਉੱਪਰ ਖਾਲਿਸਤਾਨੀ ਨਾਹਰੇ ਲਿਖ ਕੇ ਮਾਹੌਲ ਨੂੰ ਵਿਗਾੜਿਆ ਜਾ ਰਿਹਾ ਹੈ। ਬਹੁਜਨ ਸਮਾਜ ਪਾਰਟੀ ਇਸ ਘਟਨਾ ਦੀ ਪੁਰਜ਼ੋਰ ਨਿਖੇਦੀ ਕਰਦੀ ਹੈ।ਬਸਪਾ ਅਜਿਹੇ ਸ਼ਰਾਰਤੀ ਤੱਤਾਂ ਦੇ ਮਨਸੂਬੇ ਕਿਸੇ ਵੀ ਕੀਮਤ ਤੇ ਸਫਲ ਨਹੀਂ ਹੋਣ ਦੇਵੇਗੀ।ਇਸ ਗੱਲ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਜਨਰਲ ਸਕੱਤਰ ਸ੍ਰ ਚਮਕੌਰ ਸਿੰਘ ਵੀਰ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਪਾਰਲੀਮੈਂਟ ਵਿੱਚ ਅੰਬੇਡਕਰ ਸਾਹਿਬ ਪ੍ਰਤੀ ਆਪਣੀ ਮਾੜੀ ਮਾਨਸਿਕਤਾ ਦਾ ਇਜ਼ਹਾਰ ਕੀਤਾ ਸੀ। ਪੰਜਾਬ ਸਰਕਾਰ ਨੇ ਸਾਰੇ ਦਫਤਰਾਂ ਵਿੱਚ ਅੰਬੇਡਕਰ ਸਾਹਿਬ ਦੀ ਫੋਟੋ ਤਾਂ ਲਗਾਈ ਹੋਈ ਹੈ ਪਰ ਅੰਬੇਡਕਰ ਸਾਹਿਬ ਦੇ ਸਿਧਾਂਤਾਂ ਦੇ ਉਲਟ ਕੰਮ ਕੀਤੇ ਜਾ ਰਹੇ ਹਨ। ਉਹਨਾਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਸਖਤ ਸ਼ਬਦਾਂ ਵਿੱਚ ਕਿਹਾ ਕਿ ਗੁਰਪਤਵੰਤ ਸਿੰਘ ਪੰਨੂ



ਨੂੰ ਭਾਰਤ ਲਿਆ ਕੇ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਬਹੁਜਨ ਸਮਾਜ ਪਾਰਟੀ ਬਾਬਾ ਸਾਹਿਬ ਅੰਬੇਡਕਰ ਸਾਹਿਬ ਪ੍ਰਤੀ ਕੋਈ ਵੀ ਅਪਸ਼ਬਦ ਬਰਦਾਸ਼ਤ ਨਹੀਂ ਕਰੇਗੀ। ਇਸ ਸਮੇਂ ਸਤਿਗੁਰ ਸਿੰਘ ਕੌਹਰੀਆਂ ਜ਼ਿਲ੍ਹਾ ਪ੍ਰਧਾਨ, ਸੂਬੇਦਾਰ ਰਣਧੀਰ ਸਿੰਘ ਨਾਗਰਾ ਜ਼ਿਲ੍ਹਾ ਕੋਆਰਡੀਨੇਟਰ, ਨਿਰਮਲ ਸਿੰਘ ਮੱਟੂ, ਗੁਰਦੇਵ ਸਿੰਘ, ਗੁਰਮੇਲ ਸਿੰਘ ਰੰਗੀਲਾ, ਦਰਸ਼ਨ ਸਿੰਘ ਆਦਿ ਮੌਜੂਦ ਸਨ।

# ਬਸਪਾ ਫਿਲੋਰ ਪਿੰਡ ਨੰਗਲ ਵਿੱਚ ਧਰਨਾ ਪ੍ਰਦਰਸ਼ਨ ਕਰਦੇ ਹੋਏ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਬੰਗਾ (ਚਰਨਜੀਤ ਸੱਲ੍ਹਾ )ਕਲ ਫਿਲੋਰ ਸ਼ਹਿਰ ਦੇ ਪਿੰਡ ਨੰਗਲ ਵਿੱਚ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਸਟੈਚੂ ਉਪਰ ਭਦੀ ਸ਼ਬਦਾਵਲੀ ਲਿਖਣ ਅਤੇ ਵਿਦੇਸ ਵਿੱਚ ਬੈਠਾ ਏਜੰਸੀਆਂ ਦੇ ਟਾਉਟ ਪੂੰਨੂ ਵਲੋਂ ਬਾਬਾ ਸਾਹਿਬ ਡਾ






ਅੰਬੇਡਕਰ ਜੀ ਦੇ ਖਿਲਾਫ਼ ਭਦੀ ਸ਼ਬਦਾਵਲੀ ਬੋਲਣ ਦੇ ਬਸਪਾ ਪੰਜਾਬ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਨੂੰ ਧਮਕੀਆਂ ਦੇਣ ਦੀ ਬਸਪਾ ਪੰਜਾਬ ਵਲੋਂ ਨਿੰਦਾ ਕਰਦੇ ਹੋਏ ਪੰਜਾਬ ਸਰਕਾਰ ਤੇ ਮੋਦੀ ਸਰਕਾਰ ਵਲੋਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕਰਦੇ ਹੋਏ ਧਾਰਮਿਕ ਸਮਾਜਿਕ ਤੇ ਰਾਜਨੀਤਕ ਸਿਖ ਜਥੇਬੰਦੀਆਂ ਵਲੋਂ ਆਪਣਾ ਇਸ ਮੁੱਦੇ ਤੇ ਸਟੈਂਡ ਕਲੀਅਰ ਕਰਨ ਦੀ ਮੰਗ ਕੀਤੀ ਤੇ ਪੰਜਾਬ ਵਿੱਚ ਸਥਾਪਿਤ ਮਹਾਂਪੁਰਸ਼ਾ ਦੇ ਸਟੈਚੂਆਂ ਦੀ ਤੁਰੰਤ ਸੁਰਖਿਆ ਦੇ ਪ੍ਰਬੰਧ ਕਰਨ ਲਈ ਆਖਿਆ । ਖੁਸ਼ੀ ਰਾਮ ਸਰਪੰਚ ਬਸਪਾ ਦੇ ਸੀਨੀਅਰ ਆਗੂ, ਪ੍ਰਵੀਨ ਬੰਗਾ ਲੁਧਿਆਣਾ ਜੋਨ ਦੇ ਇੰਚਾਰਜ ਅਤੇ ਫਿਲੌਰ ਹਲਕੇ ਦੀ ਕਰੀਮ ਇੱਥੇ ਹਾਜ਼ਰ ਸਨ ਇਸ ਦੀ ਜਾਣਕਾਰੀ ਪ੍ਰਵੀਨ ਬੰਗਾ ਨੇ ਦਿੱਤੀ ਹੈ।

# ਡਾਕਟਰ ਅੰਬੇਡਕਰ ਮਾਡਲ ਸਕੂਲ ਮੂਸਾਪੁਰ ਰੋਡ ਨਵਾਂਸ਼ਹਿਰ ਦਾ ਨਤੀਜਾ ਰਿਹਾ ਸ਼ਾਨਦਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਪੰਜਵੀਂ ਜਮਾਤ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਗਈ ਪ੍ਰੀਖਿਆ ਵਿੱਚ ਨਵਾਂਸ਼ਹਿਰ ਦੇ ਡਾਕਟਰ ਅੰਬੇਡਕਰ ਮਾਡਲ ਸਕੂਲ ਦੀਆਂ ਵਿਦਿਆਰਥਣਾਂ ਰੋਸ਼ਨੀ ਸਪੁਤਰੀ ਜਸਵਿੰਦਰ, ਨਵਜੋਤ ਸਪੁਤਰੀ ਜਸਪਾਲ 500 ਵਿੱਚੋ 481 ਨੰਬਰ









ਲੈ ਕੇ ਸਕੂਲ ਵਿੱਚ ਪੰਜਵੀਂ ਜਮਾਤ ਵਿੱਚ ਪਹਿਲਾਂ ਸਥਾਨ ਪ੍ਰਾਪਤ ਕੀਤਾ। ਕੋਮਲ ਪ੍ਰੀਤ ਸਪੁੱਤਰੀ ਜਤਿੰਦਰ ਕੁਮਾਰ ਨੇ ਦੂਜਾ ਅਤੇ ਕਰੀਤਕਾ ਸਪੁਤਰੀ ਇੰਦਰਜੀਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਕਲਾਸ ਦੇ ਬਾਕੀ ਵਿਦਿਆਰਥੀ ਵੀ ਵਧੀਆ ਨੰਬਰ ਲੈਣ ਵਿੱਚ ਕਾਮਯਾਬ ਹੋਏ। ਸਕੂਲ ਦਾ ਨਤੀਜਾ ਸ਼ਾਨਦਾਰ ਆਉਣ ਤੇ ਡਾਕਟਰ ਅੰਬੇਡਕਰ ਭਵਨ ਚੈਰੀਟੇਬਲ ਰਿਲੀ ਟਰੱਸਟ ਰਜਿ: ਦੇ ਪ੍ਰਧਾਨ ਸਤੀਸ਼ ਕੁਮਾਰ ਲਾਲ, ਜਰਨਲ ਸਕੱਤਰ ਸਕੂਲ ਬੀਰਬਲ ਤੱਖੀ, ਚੇਅਰਮੈਨ ਪ੍ਰੇਮ ਮਲਹੋਤਰਾ ਅਤੇ ਟਰੱਸਟੀ ਸਾਥੀਆਂ ਨੇ ਸਕੂਲ ਪ੍ਰਿੰਸੀਪਲ ਨੀਲਮ ਰੱਤੂ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਨੂੰ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ।

# ਡਾਕਟਰ ਦੀਪ ਸਿੰਘ ਸੋਸ਼ਲ ਵਰਕਰ ਨੂੰ ਦਿਤਾ ਪ੍ਰਸ਼ੰਸਾ ਪੱਤਰ- ਸਰਦਾਰ ਮਨਦੀਪ ਸਿੰਘ ਸਿੱਧੂ ਡੀ.ਆਈ. ਜੀ (ਆਈ. ਪੀ. ਐਸ) ਪਟਿਆਲਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

1ਅਪ੍ਰੈਲ 2025(ਬੇਅੰਤ ਸਿੰਘ ਰੋਹਟੀ ਖਾਸ) ਹਰਿ ਸਹਾਏ ਸੇਵਾ ਦਲ ਪਿਛਲੇ ਲੰਬੇ ਸਮੇਂ ਤੋਂ ਸਮਾਜ ਦੀ ਸੇਵਾ ਕਰ ਰਿਹਾ ਹੈ।ਡਾਕਟਰ ਦੀਪ ਸਿੰਘ ਮੁੱਖ ਪ੍ਰਬੰਧਕ ਪਿਛਲੇ ਲੰਬੇ ਸਮੇਂ ਤੋਂ ਸਮਾਜ ਦੀ ਸੇਵਾ ਕਰ ਰਹੇ ਹਨ ਜਿਵੇਂ ਕਿ ਮੈਡੀਕਲ ਕੈਂਪ ਲਗਾਉਣੇ, ਖੂਨਦਾਨ ਕੈਂਪ ਲਗਾਉਣੇ, ਲੋੜਵੰਦ ਮਰੀਜਾਂ ਨੂੰ ਫਰੀ ਦਵਾਈਆਂ ਵੰਡਣੀਆਂ, ਦਸਤਾਰ ਮੁਕਾਬਲੇ ਕਰਵਾਉਣੇ,ਪੰਜਾਬੀ ਭਾਸ਼ਾ



ਨੂੰ ਪ੍ਰਫੁਲਤ ਕਰਨ ਲਈ ਵਿਸ਼ੇਸ਼ ਉਪਰਾਲੇ ਕਰਨੇ ਜਿਵੇਂ ਕੇ ਸਕੂਲਾਂ ਵਿਚ ਸੈਮੀਨਾਰ ਕਰਵਾਉਣੇ, ਮਾਂ ਬੋਲੀ ਦਿਵਸ ਮੌਕੇ ਸ਼ੁੱਧ ਲੇਖ ਲਿਖਣ ਮੁਕਾਬਲੇ ਕਰਵਾਉਣੇ ਅਤੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕਰਨੇ ਅਤੇ ਸਟੇਸ਼ਨਰੀ ਵੰਡਣੀ, ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਬੱਚਿਆਂ ਨੂੰ ਬੂਟ ਜੁਰਾਬਾਂ ਵੰਡਣੀਆਂ, ਨਸ਼ਾ ਵਿਰੋਧੀ ਮੁਹਿੰਮ ਚਲਾਉਣੀ, ਵੱਖ ਵੱਖ ਸਕੂਲਾਂ ਵਿਚ ਸ਼ੁੱਧ ਪਾਣੀ ਵਾਸਤੇ ਆਰ ਓ ਫਿਲਟਰ ਲਗਵਾਨੇ।ਇਨ੍ਹਾਂ ਸਾਰੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਪਿੱਛਲੇ ਸਾਲ ਡਾਕਟਰ ਦੀਪ ਸਿੰਘ ਨੂੰ ਸਾਂਝ ਕੇਂਦਰ ਦਾ ਮੈਂਬਰ ਨਿਯੁਕਤ ਕੀਤਾ ਗਿਆ ਸੀ ਅਤੇ ਡਾਕਟਰ ਦੀਪ ਸਿੰਘ ਵਲੋਂ ਇਹ ਸੇਵਾਵਾਂ ਲਗਾਤਾਰ ਜਾਰੀ ਰੱਖੀਆਂ। ਇਹਨਾਂ ਸੇਵਾਵਾਂ ਨੂੰ ਦੇਖਦੇ ਹੋਏ ਸਰਦਾਰ ਮਨਦੀਪ ਸਿੰਘ ਸਿੱਧੂ ਡੀ.ਆਈ. ਜੀ (ਆਈ. ਪੀ. ਐਸ) ਪਟਿਆਲਾ ਵਲੋਂ ਅਤੇ ਸਰਦਾਰ ਲਾਭ ਸਿੰਘ ਸੁਪਰਡੈਂਟ ਵਲੋਂ ਵਿਸ਼ੇਸ਼ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨ ਕੀਤਾ ਗਿਆ ਅਤੇ ਡਾਕਟਰ ਦੀਪ ਸਿੰਘ ਵਲੋਂ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਗਈ।

# ਗਰਮੀ ਦੇ ਮੌਸਮ ਨੂੰ ਦੇਖਦੇ ਹੋਏ ਵਾਟਰ ਸਪਲਾਈ ਦੀ ਸਮਾਂ ਸਾਰਣੀ ਕੀਤੀ ਗਈ ਤਬਦੀਲ - ਮੇਅਰ ਸੁਰਿੰਦਰ ਕੁਮਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਮੇਅਰ ਸੁਰਿੰਦਰ ਕੁਮਾਰ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਕਿਉਂ ਜੋ ਹੁਣ ਗਰਮੀ ਦੇ ਮੌਸਮ ਅਗਾਜ ਹੋ ਚੁੱਕਾ ਹੈ, ਜਿਸ ਦੌਰਾਨ ਪਾਣੀ ਦੀ ਖਪਤ ਜਿਆਦਾ ਵੱਧ ਜਾਂਦੀ ਹੈ, ਪਬਲਿਕ ਦੀ ਸਹੂਲਤ ਲਈ ਨਗਰ ਨਿਗਮ ਵਲੋਂ ਵਾਟਰ ਸਪਲਾਈ ਦੇ ਸਮੇਂ ਵਿਚ ਤਬਦੀਲੀ ਕੀਤੀ ਗਈ ਹੈ ਹੁਣ ਸ਼ਹਿਰ ਅੰਦਰ ਸਵੇਰੇ 05:00 ਵਜੇ ਤੋਂ 09:30 ਵਜੇ ਤੱਕ, ਦੁਪਹਿਰ 12:00 ਵਜੇ ਤੋਂ 02:00 ਵਜੇ ਤੱਕ ਅਤੇ ਸ਼ਾਮ 05:00 ਵਜੇ ਤੋਂ ਰਾਤ 09:30 ਵਜੇ ਤੱਕ ਪਾਣੀ ਦੀ ਸਪਲਾਈ ਨਿਰਵਿਘਨ ਦਿੱਤੀ ਜਾਵੇਗੀ। ਉਹਨਾਂ ਅੱਗੇ ਆਮ ਪਬਲਿਕ ਨੂੰ ਅਪੀਲ ਕੀਤੀ ਕਿ ਕਿਉਂਜੋ ਗਰਮੀ ਦੇ ਮੌਸਮ ਵਿਚ ਪਾਣੀ ਦੀ ਮੰਗ ਬਹੁਤ ਜਿਆਦਾ ਵੱਧ ਜਾਂਦੀ ਹੈ ਇਸ ਲਈ ਪੀਣ ਵਾਲੇ ਪਾਣੀ ਦੀ ਵਰਤੋਂ ਸੰਜਮ ਨਾਲ ਕੀਤੀ ਜਾਵੇ ਪੀਣ ਵਾਲੇ ਪਾਣੀ ਨਾਲ ਆਪਣੇ ਘਰ ਦੇ ਵਿਹੜੇ ਅਤੇ ਥੜੇ ਅਤੇ ਵਹੀਕਲ ਨਾ ਧੋਤੇ



ਜਾਣ। ਪਾਣੀ ਇੱਕ ਵੱਡਮੁੱਲੀ ਦਾਤ ਹੈ, ਇਸ ਲਈ ਇਸ ਦੀ ਦੁਰਵਰਤੋਂ ਨਾ ਕੀਤੀ ਜਾਵੇ।

# ਆਸਰਾ ਫਾਊਂਡੇਸ਼ਨ ਦੇ ਮੈਂਬਰ ਅਜੇ ਕੁਮਾਰ ਨੇ ਬੂਟੇ ਲਗਾ ਕੇ ਮਨਾਇਆ ਜਨਮ ਦਿਨ

## ਵਾਤਾਵਰਨ ਨੂੰ ਹਰਿਆ - ਭਰਿਆ ਰੱਖਣ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਲੋੜ :- ਧਰਮਾਣੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਸ਼੍ਰੀ ਅਨੰਦਪੁਰ ਸਾਹਿਬ

ਵਾਤਾਵਰਨ ਨੂੰ ਸਮਰਪਿਤ ਸੰਸਥਾ ਆਸਰਾ ਫਾਊਂਡੇਸ਼ਨ (ਰਜਿ:) ਸ਼੍ਰੀ ਅਨੰਦਪੁਰ ਸਾਹਿਬ ਦੇ ਸਰਗਰਮ ਮੈਂਬਰ ਅਤੇ ਖਜਾਨਚੀ ਅਜੇ ਕੁਮਾਰ ਵਲੋਂ ਆਪਣਾ ਜਨਮਦਿਨ ਬੂਟੇ ਲਗਾਕੇ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ



ਪਹੁੰਚੇ ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਮਾਸਟਰ ਸੰਜੀਵ ਧਰਮਾਣੀ ਨੇ ਕਿਹਾ ਕਿ ਬੂਟਿਆਂ ਦੀ ਕਟਾਈ ਕਾਰਨ ਵਾਤਾਵਰਨ ਗੰਧਲਾ ਹੋ ਰਿਹਾ ਹੈ ਤੇ ਖਾਸ ਕਰਕੇ ਸ਼ਹਿਰਾਂ ਵਿੱਚ ਤਾਜੀ ਹਵਾ ਲਈ ਲੋਕ ਤਰਸ ਰਹੇ ਹਨ।ਉਨ੍ਹਾਂ ਕਿਹਾ ਕਿ ਵਾਤਾਵਰਨ ਨੂੰ ਹਰਿਆ - ਭਰਿਆ ਰੱਖਣ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ ਤਾਂ ਜੋ ਵਾਤਾਵਰਨ ਨੂੰ ਗੰਧਲਾ ਹੋਣ ਤੋਂ ਬਚਾਇਆ ਜਾ ਸਕੇ। ਇਸ ਮੌਕੇ ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਮਾਸਟਰ ਸੰਜੀਵ ਧਰਮਾਣੀ ਤੋਂ ਇਲਾਵਾ ਚੇਅਰਮੈਨ ਨਵੀਨ ਕੁਮਾਰ, ਜਨਰਲ ਸਕੱਤਰ ਅੰਕੁਸ਼ ਕੁਮਾਰ, ਦੁਰੋਹਿਨ ਘਈ, ਜਸਵਿੰਦਰ ਸਿੰਘ, ਕ੍ਰਿਸ਼ਵ ਅਗਨੀਹੋਤਰੀ, ਈਸ਼ੂ ਸ਼ਰਮਾ, ਕਮਲ ਚੌਧਰੀ ਸਮਲਾਹ ਆਦਿ ਮੋਜੂਦ ਸਨ।

# ਐਨ ਐਮ ਐਮ ਐਸ ਪ੍ਰੀਖਿਆ ਵਿੱਚ ਭੰਗਲ ਖੁਰਦ ਸਕੂਲ ਦੀ ਝੰਡੀ ਰਹੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਕਰਵਾਈ ਗਈ ਐਨ ਐਮ ਐਮ ਐਸ 2025 ਪ੍ਰੀਖਿਆ ਵਿੱਚ ਸਰਕਾਰੀ ਸਮਾਰਟ ਮਿਡਲ ਸਕੂਲ ਭੰਗਲ ਖੁਰਦ ਨੇ ਜਿਲ੍ਹਾ ਪੱਧਰ ਵਿੱਚ ਸਭ ਤੋਂ ਵੱਧ




ਮੈਰਿਟ ਸਥਾਨ ਪ੍ਰਾਪਤ ਕੀਤੇ। ਜਾਣਕਾਰੀ ਦਿੰਦਿਆ ਸਕੂਲ ਮੁੱਖ ਅਧਿਆਪਕ ਸ੍ਰੀ ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਨੇ ਦੱਸਿਆ ਕਿ ਭੰਗਲ ਖੁਰਦ ਸਕੂਲ ਦੇ 19 ਵਿਦਿਆਰਥੀ ਮੈਰਿਟ ਵਿੱਚ ਆਏ। ਜਿਸ ਵਿੱਚ ਲਵਪ੍ਰੀਤ ਪੁੱਤਰੀ ਸ੍ਰੀ ਪਵਨ ਕੁਮਾਰ ਨੇ 157 ਅੰਕ ਹਾਸਲ ਕਰਕੇ ਜਿਲੇ ਵਿੱਚੋਂ ਪਹਿਲਾ ਸਥਾਨ, ਨੰਦ ਲਾਲ ਪੁੱਤਰ ਕੇਸ਼ਵ ਰਾਮ ਨੇ 148 ਅੰਕ ਹਾਸਲ ਕਰਕੇ ਦੂਸਰਾ ਸਥਾਨ ਅਤੇ ਅਭਿਨਵ ਪੁੱਤਰ ਸ੍ਰੀ ਰੋਹਿਤ ਜੇਮਸ ਨੇ 147 ਅੰਕ ਹਾਸਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਉਹਨਾਂ ਮੈਰਿਟ ਵਿੱਚ ਆਏ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਸਟਾਫ ਮੈਂਬਰਾਂ ਨੀਰਜ ਕੁਮਾਰੀ ਸਟੇਟ ਐਵਾਰਡੀ, ਹਰਜੀਤ ਕੌਰ ਅਤੇ ਮਨਜਿੰਦਰ ਕੌਰ ਵੱਲੋਂ ਵੀ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

# ਵੱਖ-ਵੱਖ ਸ਼ਹਿਰ ਵਾਸੀਆਂ ਅਤੇ ਵਪਾਰੀਆਂ ਵਲੋਂ ਪ੍ਰਾਪਰਟੀ ਟੈਕਸ ਜਮ੍ਹਾਂ ਕਰਾਉਣ ਸਬੰਧੀ ਦਿੱਤਾ ਭਰਵਾਂ ਹੁੰਗਾਰਾ - ਕਮਿਸ਼ਨਰ ਨਗਰ ਨਿਗਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਕਮਿਸ਼ਨਰ ਨਗਰ ਨਿਗਮ ਹੁਸ਼ਿਆਰਪੁਰ ਡਾ: ਅਮਨਦੀਪ ਕੌਰ, ਪੀ.ਸੀ.ਐਸ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਸਰਕਾਰ ਵਲੋਂ ਵਿੱਤੀ ਸਾਲ 2024-25 ਲਈ ਪ੍ਰਾਪਰਟੀ ਟੈਕਸ ਦਾ ਕੁੱਲ 6.60 ਕਰੋੜ ਦਾ ਬਜਟ ਨਿਸ਼ਚਿਤ ਕੀਤਾ ਗਿਆ ਸੀ, ਜਿਸ ਦੇ ਵਿਰੁੱਧ ਨਗਰ ਨਿਗਮ ਨੂੰ ਮਿਤੀ 31.03.2025 ਤੱਕ ਕੁੱਲ 7.68 ਕਰੋੜ ਰੁਪਏ ਪ੍ਰਾਪਤ ਹੋਇਆ ਹੈ, ਮਿਤੀ 01.03.2025 ਤੋਂ 31.03.2025 ਤੱਕ ਨਗਰ ਨਿਗਮ ਨੂੰ ਲਗਭਗ 2.52 ਕਰੋੜਪ੍ਰਾਪਰਟੀ ਟੈਕਸ ਤੋਂ ਆਮਦਨ ਹੋਈ ਹੈ। ਮਾਰਚ ਮਹੀਨੇ ਦੌਰਾਨ ਬਹੁਤਾਤ ਵਿਚ ਹੋਈ ਪ੍ਰਾਪਰਟੀ ਟੈਕਸ ਦੀ ਆਮਦਨ ਦਾ ਸਿਹਰਾ ਨਗਰ ਨਿਗਮ ਦੇ ਮੇਅਰ ਸ਼੍ਰੀ ਸੁਰਿੰਦਰ ਕੁਮਾਰ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਸੰਦੀਪ ਤਿਵਾੜੀ, ਸੁਪਰਡੰਟ ਕੁਲਵਿੰਦਰ ਸਿੰਘ, ਸੁਪਰਡੰਟ ਸੁਆਮੀ ਸਿੰਘ ਅਤੇ ਸੁਪਰਡੰਟ ਗੁਰਮੇਲ ਸਿੰਘ ਅਤੇ ਪ੍ਰਾਪਰਟੀ ਟੈਕਸ ਇਕੱਤਰ ਕਰਨ ਵਿਚ ਲੱਗੀਆਂ ਵੱਖ ਵੱਖ ਟੀਮਾਂ ਵਿਚ ਤੈਨਾਤ ਵੱਖ ਵੱਖ ਕਰਮਚਾਰੀਆਂ ਵਲੋਂ ਦਿੱਨ ਰਾਤ ਅਣਥੱਕ ਮਿਹਨਤ ਕਰਕੇ ਪਬਲਿਕ ਨੂੰ ਮਿਤੀ 31.03.2025 ਤੱਕ ਆਪਣਾ ਬਣਦਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਲਈ ਆਮ ਪਬਲਿਕ ਨੂੰ ਪ੍ਰੇਰਿਆ ਗਿਆ ਤਾਂ ਹੀ 31.03.2025 ਤੱਕ ਭਾਰੀ ਮਾਤਰਾ ਵਿਚ ਪ੍ਰਾਪਰਟੀ ਟੈਕਸ ਦੀ ਵਸੂਲੀ ਕੀਤੀ ਗਈ ਹੈ, ਉਹਨਾਂ ਆਮ ਪਬਲਿਕ ਦਾ ਵੀ ਧੰਨਵਾਦ ਕੀਤਾ ਗਿਆ ਜਿਹਨਾਂ ਵਲੋਂ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਆਪਣਾ ਪ੍ਰਾਪਰਟੀ ਟੈਕਸ ਸਮੇਂ ਸਿਰ ਜਮ੍ਹਾਂ ਕਰਵਾਇਆ ਗਿਆ ਅਤੇ ਉਹਨਾਂ ਵਲੋਂ ਇਸ ਗੱਲ ਨੂੰ ਸੰਜੀਦਗੀ ਨਾਲ ਲੈਂਦੇ ਹੋਏ ਮਾਰਚ 2025 ਮਹੀਨੇ ਦੌਰਾਨ ਆਪਣਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਵਿਚ ਭਾਰੀ ਉਤਸ਼ਾਹ ਦਿਖਾਇਆ ਗਿਆ ਅਤੇ ਮਿਤੀ 31.03.2025 ਤੱਕ ਕੁੱਲ 7 ਕਰੋੜ 68 ਲੱਖ ਰੁਪਏ ਦਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾ ਕੇ ਇੱਕ ਚੰਗੇ ਨਾਗਰਿਕ ਹੋਣ ਦਾ ਸਬੂਤ ਦਿੱਤਾ ਗਿਆ ਹੈ। ਇਸ ਹੋਈ ਆਮਦਨ ਨਾਲ ਜਿੱਥੇ ਸ਼ਹਿਰ ਦਾ ਬਹੁਮੁੱਖੀ ਵਿਕਾਸ ਹੋਵੇਗਾ ਉੱਥੇ ਸ਼ਹਿਰ ਵਾਸੀਆਂ ਨੂੰ 100% ਪੁਖਤਾ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਵਿਚ ਨਗਰ ਨਿਗਮ ਨੂੰ ਅਸਾਨੀ ਵੀ ਹੋਵੇਗੀ। ਉਹਨਾਂ ਅੱਗੇ ਹੋਰ ਜਾਣਕਾਰੀ ਦਿੰਦਿਆ ਦੱਸਿਆ ਕਿ ਨਗਰ ਨਿਗਮ ਹੁਸ਼ਿਆਰਪੁਰ ਦੇ ਵੱਖ ਵੱਖ ਅਧਿਕਾਰੀਆਂ ਵਲੋਂ ਪ੍ਰਾਪਰਟੀ ਟੈਕਸ ਸਮੇਂ ਸਿਰ ਜਮ੍ਹਾਂ ਕਰਵਾਉਣ ਲਈ ਸ਼ਹਿਰ ਵਾਸੀਆਂ ਨੂੰ ਲਗਾਤਾਰ ਪ੍ਰੇਰਿਆ ਜਾ ਰਿਹਾ ਹੈ ਅਤੇ ਇਹ ਪ੍ਰਕਿਰਿਆ ਨਿਰੰਤਰ ਜਾਰੀ ਹੈ, ਪਬਲਿਕ ਨੂੰ ਹੋਰ ਸਹੂਲਤ ਦੇਣ ਲਈ ਨਗਰ ਨਿਗਮ ਵਲੋਂ ਸ਼ਹਿਰ ਦੇ ਵੱਖ ਵੱਖ ਬਜਾਰਾਂ ਅਤੇ ਮੁਹੱਲਿਆ ਵਿਚ ਲਗਾਤਾਰ ਕੈਂਪ ਲਗਾਏ ਜਾ ਰਹੇ ਹਨ, ਪਬਲਿਕ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਹਨਾਂ ਕੈਂਪਾਂ ਵਿਚ ਆ ਕੇ ਇਹਨਾਂ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ ਅਤੇ ਸਮੇਂ ਸਿਰ ਟੈਕਸ ਜਮ੍ਹਾਂ



ਕਰਵਾ ਕੇ ਵਿਆਜ ਅਤੇ ਜੁਰਮਾਨੇ ਤੋਂ ਬਚਿਆ ਜਾ ਸਕਦਾ ਹੈ। ਨਗਰ ਨਿਗਮ ਲਗਾਤਾਰ ਆਮ ਪਬਲਿਕ ਨੂੰ ਪ੍ਰਾਪਰਟੀ ਟੈਕਸ ਸਮੇਂ ਸਿਰ ਜਮ੍ਹਾਂ ਕਰਵਾਉਣ ਲਈ ਪ੍ਰੇਰਦੀ ਰਹੀ ਹੈ ਹੁਣ ਵੀ ਪਬਲਿਕ ਸਹੂਲਤ ਲਈ ਨਗਰ ਨਿਗਮ ਦੇ ਸਟਾਫ ਵਲੋਂ ਹਰੇਕ ਵਪਾਰੀ/ਦੁਕਾਨਦਾਰ ਦੀ ਦੁਕਾਨ ਤੇ ਖੁਦ ਜਾ ਕੇ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਦੀ ਅਪੀਲ ਕੀਤੀ ਜਾ ਰਹੀ ਹੈ, ਕਿ ਹੁਣ ਉਹ ਨਗਰ ਨਿਗਮ ਵਿਖੇ ਲਗਾਏ ਗਏ ਕਾਊਂਟਰਾਂ ਤੇ ਆਪਣਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਜੇਕਰ ਫਿਰ ਵੀ ਕੋਈ ਵਿਅਕਤੀਆਪਣਾ ਟੈਕਸ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸਦੀ ਪ੍ਰਾਪਰਟੀ ਸੀਲ ਕਰਕੇਕਰਕੇ ਬਣਦੇ ਟੈਕਸ ਦੀ ਵਸੂਲੀ ਕੀਤੀ ਜਾਵੇਗੀ।




# ਪੁਲਿਸ ਪੁਲਿਸ ਜਿਲਾ ਖੰਨਾ ਅੰਦਰ ਪੁਲਿਸ ਦੀ ਢਿੱਲੀ ਕਾਰਗੁਜਾਰੀ ਕਰਕੇ ਲੋਕਾਂ ਨੂੰ ਨਹੀਂ ਮਿਲ ਰਿਹਾ ਇਨਸਾਫ ਲਗਾਵਾਂਗੇ ਪੱਕਾ ਧਰਨਾ

## ਲੰਮੇ ਸਮੇਂ ਤੋਂ ਬੰਦ ਪਏ ਸਰਕਾਰੀ ਨੰਬਰਾਂ ਨੂੰ ਕੋਈ ਵੀ ਚਲਾਉਣ ਦਾ ਜੋਖਮ ਨਹੀਂ ਉਠਾ ਰਿਹਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ INTERNATIONAL PAPER, 94636 01616 hardipchumber57@gmail.com

ਪੰਜਾਬ ਸਰਕਾਰ ਆਪਣੀ ਪਿੱਠ ਥਪ-ਥਪਾ ਰਹੀ ਹੈ ਕਿ ਉਸ ਦੇ ਰਾਜ ਵਿੱਚ ਪੁਲਿਸ ਅਤੇ ਸਿਵਿਲ ਪ੍ਰਸ਼ਾਸਨ ਬਹੁਤ ਵਧੀਆ ਹੈ ਅਤੇ ਲੋਕਾਂ ਨੂੰ ਇਨਸਾਫ ਮਿਲ ਰਿਹਾ ਹੈ ਪ੍ਰੰਤੂ ਅਗਰ ਗਰਾਉਣ ਤੇ ਜਾ ਕੇ ਦੇਖੀਏ ਤਾਂ ਇਹ ਸਾਰੀ ਗੱਲ ਉਲਟ ਦਿਖ ਰਹੀ ਹੈ ਲੋਕ ਸਰਕਾਰੀ ਦਫਤਰਾਂ ਦੇ ਗੇੜੇ ਮਾਰ ਮਾਰ ਕੇ ਅੱਕ ਚੁੱਕੇ ਹਨ ਕੁਰਸੀਆਂ ਤੇ ਬੈਠੇ ਅਧਿਕਾਰੀ ਉਹਨਾਂ ਨੂੰ ਇਨਸਾਫ ਦੇਣ ਦੀ ਬਜਾਏ ਵਾਰ ਵਾਰ ਗੇੜੇ ਲਵਾ ਰਹੇ ਹਨ ਇਸ ਦੀ ਵੱਡੀ ਉਦਾਹਰਣ ਐਸਐਸਪੀ ਦਫਤਰ ਖੰਨਾ ਹੈ ਜਿੱਥੇ ਅੱਜ ਫੂਲੇ ਸ਼ਾਹੂ ਲੋਕ ਜਗਾਉ ਮੰਚ, ਭੀਮ ਆਰਮੀ, ਆਜਾਦ ਸਮਾਜ ਪਾਰਟੀ ਡਾਕਟਰ ਅੰਬੇਡਕਰ ਸੁਸਾਇਟੀ ਘੁੰਗਰਾਲੀ ਰਾਜਪੂਤਾਂ ਵੱਲੋਂ ਸਰਦਾਰ ਗੁਰਦੀਪ ਸਿੰਘ ਕਾਲੀ,ਜਥੇਦਾਰ ਅਮਰਜੀਤ ਸਿੰਘ ਵਾਲਿਓ ਸਾਹਿਬ, ਸਾਬਕਾ ਠਾਣੇਦਾਰ ਰਣਜੀਤ ਸਿੰਘ,ਅਸ਼ੋਕ ਕੁਮਾਰ,ਹਰਮੀਤ ਸਿੰਘ ਆਦਿ ਅਗਵਾਈ ਵਿੱਚ ਪੁਲਿਸ ਜਿਲਾ ਖੰਨਾ ਅੰਦਰ ਲੰਮੇ ਸਮੇਂ ਤੋਂ ਲਟਕੇ



ਹੋਏ ਕੇਸਾਂ ਅਤੇ ਦਰਖਾਸਤ ਤੇ ਕਾਰਵਾਈ ਕਰਵਾਉਣ ਅਤੇ ਇਨਸਾਫ ਦਵਾਉਣ ਲਈ ਐਸਐਸਪੀ ਖੰਨਾ ਨੂੰ ਮਿਲਿਆ ਗਿਆ ਕਿ ਅਤੇ ਇਹ ਫੈਸਲਾ ਲਿਆ ਗਿਆ ਅਗਰ ਇੱਕ ਹਫਤੇ ਦੇ ਅੰਦਰ ਅੰਦਰ ਇਹਨਾਂ ਦਰਖਾਸਤ ਦਾ ਨਿਪਟਾਰਾ ਨਾ ਹੋਇਆ ਤਾਂ ਐਸਐਸਪੀ ਦਫਤਰ ਖੰਨੇ ਅੱਗੇ ਪੱਕਾ ਧਰਨਾ ਲਗਾ ਦਿੱਤਾ ਜਾਵੇਗਾ ਤਾਂ ਜੋ ਹਲਕੇ ਅੰਦਰ ਪੀੜਤ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਇਆ ਜਾ ਸਕੇ ਲਈ ਬੁਲਾਰਿਆਂ ਨੇ ਅੱਗੇ ਕਿਹਾ ਕਿ ਇੱਕ ਪਾਸੇ ਸਰਕਾਰ ਯੁੱਧ ਨਸ਼ਿਆਂ ਖਿਲਾਫ ਚਲਾ ਰਹੀ ਹੈ ਦੂਜੇ ਪਾਸੇ ਪਿਛਲੇ 15 ਸਾਲਾਂ ਤੋਂ ਜਿਹੜੇ ਪੁਲਿਸ ਅਧਿਕਾਰੀ ਡਰੱਗ ਮਾਫੀ ਦੀ ਮਦਦ ਕਰ ਰਹੇ ਹਨ ਪੁਲਸ ਕਾਰਵਾਈ ਨਹੀਂ ਹੋ ਰਹੀ ਅਤੇ ਹੋਰ ਬਹੁਤ ਸਾਰੀਆਂ ਅਜਿਹੀਆਂ ਦਰਖਾਸਤ ਹਨ ਜਿਨਾਂ ਨੂੰ ਪੁਲਿਸ ਆਪਣੇ ਪ੍ਰਭਾਵ ਕਾਰਨ ਪ੍ਰਭਾਵਿਤ ਕਰ ਰਹੀ ਹੈ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਨਹੀਂ ਕਰ ਰਹੀ ਅਤੇ ਕਈ ਅਜਿਹੇ ਮਸਲੇ ਹਨ ਜਿਨਾਂ ਵਿੱਚ ਨੌਜਵਾਨ ਬੱਚਿਆਂ ਨੂੰ ਝੂਠਾ ਹੀ ਫਸਾ ਦਿੱਤਾ ਗਿਆ ਗੁਰਦੀਪ ਸਿੰਘ ਕਾਲੀ ਨੇ ਕਿਹਾ ਕਿ 15 ਦਿਨ ਪਹਿਲਾਂ ਵੀ ਅਸੀਂ ਐਸਐਸਪੀ ਖੰਨਾ ਨੂੰ ਮਿਲੇ ਸਨ ਕਿ ਤੁਹਾਡੇ ਦਫਤਰਾਂ ਅੰਦਰ ਲੋਕਾਂ ਨੂੰ ਇਨਸਾਫ ਨਹੀਂ ਮਿਲ ਰਿਹਾ ਪ੍ਰੰਤੂ ਇਸ ਗੱਲ ਉੱਪਰ ਕੋਈ ਗੌਰ ਨਹੀਂ ਕੀਤੀ ਗਈ ਜਿਹੜੀਆਂ ਦਰਖਾਸਤ ਦਿੱਤੀਆਂ ਸਨ ਉਹਨਾਂ ਉੱਪਰ ਕਿਸੇ ਵੀ ਵਿਅਕਤੀ ਨੂੰ ਬੁਲਾਇਆ ਨਹੀਂ ਗਿਆ ਇਸ ਤੋਂ ਸਪਸ਼ਟ ਹੈ ਕਿ ਪੁਲਿਸ ਲੋਕਾਂ ਨੂੰ ਇਨਸਾਫ ਦੇਣਾ ਨਹੀਂ ਚਾਹੁੰਦੀ ਦੂਜੇ ਪਾਸੇ ਜੋ ਸਰਕਾਰੀ ਨੰਬਰ ਦਫਤਰਾਂ ਵਿੱਚ ਲਿਖੇ ਹੋਏ ਹਨ,ਉਹਨਾਂ ਵਿੱਚੋਂ ਬਹੁਤੇ ਨੰਬਰ ਚੱਲ ਨਹੀਂ ਰਹੇ ਕਿਉਂਕਿ ਅਧਿਕਾਰੀ ਬਦਲਣ ਦੇ ਨਾਲ ਉਹ ਫੋਨ ਆਪਣੇ ਨਾਲ ਲੈ ਜਾਂਦਾ ਹੈ ਜੋ ਸਰਕਾਰੀ ਨੰਬਰ ਹਨ ਉਥੇ ਹੀ ਰਹਿੰਦੇ ਹਨ ਜੋ ਕਿ ਜਿਆਦਾਤਰ ਬੰਦ ਹਨ ਤੇ ਲੋਕ ਖੱਜਲ ਖੁਆਰ ਹੋ ਕੇ ਅਫਸਰਾਂ ਦੇ ਨੰਬਰ ਲੱਭਦੇ ਰਹਿੰਦੇ ਹਨ ਇਹ ਵੀ ਇੱਕ ਵੱਡੀ ਸਮੱਸਿਆ ਹੈ ਜਿਸ ਨਾਲ ਲੋਕਾਂ ਨੂੰ ਇਨਸਾਫ ਨਹੀਂ ਮਿਲ ਰਿਹਾ, ਬਹੁਤ ਸਾਰੇ ਲੋਕਾਂ ਉੱਪਰ ਝੂਠੇ ਪਰਚੇ ਦਰਜ ਕੀਤੇ ਗਏ ਹਨ ਉਹ ਉਹਨਾਂ ਨੇ ਆਪਣੀ ਇਨਕਾਰੀਆਂ ਲਵਾਈਆਂ ਹੋਈਆਂ ਹਨ ਉਹਨਾਂ ਨੂੰ ਕਿਸੇ ਕੰਢੇ ਵੱਟੇ ਨਹੀਂ ਲਗਾਇਆ ਜਾਂਦਾ ਸਗੋਂ ਉਹਨਾਂ ਨੂੰ ਬਾਰ ਬਾਰ ਗੇੜੇ ਮਰਵਾ ਕੇ ਉਹਨਾਂ ਨੂੰ ਜਲੀਲ ਕੀਤਾ ਜਾਂਦਾ ਹੈ ਹੁਣ ਇਹ ਫੈਸਲਾ ਕੀਤਾ ਗਿਆ ਹੈ ਕਿ ਅਗਰ ਇੱਕ ਹਫਤੇ ਦੇ ਅੰਦਰ ਅੰਦਰ ਪੁਲਿਸ ਜਿਲਾ ਖੰਨਾ ਅੰਦਰ ਪਈਆਂ ਦਰਖਾਸਤ ਨਿਪਟਾਰਾ ਨਾ ਹੋਇਆ ਤਾਂ ਪੁਲਸ ਜਿਲਾ ਖੰਨਾ ਦੇ ਦਫਤਰ ਦੇ ਬਾਹਰ ਪੱਕਾ ਧਰਨਾ ਲਗਾ ਦਿੱਤਾ ਜਾਵੇਗਾ। ਇਸ ਮੌਕੇ ਨਿਰਮਲ ਸਿੰਘ ਮਹਿਮੀ,ਕੁਲਦੀਪ ਸਿੰਘ ਘੁੰਗਰਾਲੀ, ਕੁਲਦੀਪ ਸਿੰਘ ਪਾਇਲ ,ਮੇਘ ਰਾਜ ਸਿੰਘ ਆਦਿ ਕਾਫੀ ਵੱਡੀ ਗਿਣਤੀ ਵਿੱਚ ਲੋਕ ਸ਼ਾਮਿਲ ਸਨ

# ਪੰਜਾਬੀ ਭਾਸ਼ਾ ਨੂੰ ਲਾਜਮੀ ਵਿਸ਼ੇ ਵਜੋਂ ਲਾਗੂ ਕਰਨਾ ਜਰੂਰੀ ਬਣਾਇਆ ਜਾਵੇ - ਪ੍ਰਧਾਨ ਸਤੀਸ਼ ਕੁਮਾਰ ਸੋਨੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ INTERNATIONAL PAPER, 94636 01616 hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੀ ਮੀਟਿੰਗ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਦੀ ਅਗਵਾਈ ਵਿਚ ਹੋਈ। ਜਿਸ ਵਿੱਚ ਦਰਸ਼ਨ ਦਰਦੀ ਸਲਾਹਕਾਰ ਪੰਜਾਬ, ਬਹਾਦੁਰ ਚੰਦ ਅਰੋੜਾ ਜਿਲ੍ਹਾ ਪ੍ਰਧਾਨ ਨਵਾਂਸਹਿਰ, ਦਰਸ਼ਨ ਕੁਮਾਰ ਜ਼ਿਲ੍ਹਾ ਸਲਾਹਕਾਰ ਨਵਾਂਸ਼ਹਿਰ, ਜਿਲ੍ਹਾ ਪ੍ਰੈਸ ਸਕੱਤਰ ਵਾਸਦੇਵ ਪਰਦੇਸੀ ਉਚੇਚੇ ਤੌਰ ਤੇ ਹਾਜਿਰ ਹੋਏ। ਜਿਸ ਵਿੱਚ ਸੂਬੇ ਚ ਫੈਲ ਰਹੇ ਨਸ਼ਿਆਂ



ਦੇ ਦੌਰ ਨੂੰ ਲੈ ਕੇ ਚਿੰਤਾ ਵਿਅਕਤ ਕੀਤੀ ਗਈ। ਇਸ ਮੌਕੇ ਹਾਜਿਰ ਜਿਲ੍ਹਾ ਪ੍ਰਧਾਨ ਬਹਾਦੁਰ ਚੰਦ ਅਰੋੜਾ ਨੇ ਕਿਹਾ ਕਿ ਸੁਸਾਇਟੀ ਵਲੋ ਜਿਲ੍ਹੇ ਦੇ ਸਕੂਲਾਂ ਚ ਜਾ ਕੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਣ ਲਈ ਜਾਗ੍ਰਿਤ ਕੀਤਾ ਜਾਵੇਗਾ। ਇਸ ਮੌਕੇ ਦਰਸ਼ਨ ਦਰਦੀ ਸਲਾਹਕਾਰ ਪੰਜਾਬ ਨੇ ਕਿਹਾ ਕਿ ਪੰਜਾਬ ਵਿੱਚ ਪ੍ਰਾਈਵੇਟ ਸਕੂਲਾਂ ਵੱਲੋਂ ਮਾ ਬੋਲੀ ਪੰਜਾਬੀ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਉਹਨਾਂ ਵਿੱਚ ਆਈ. ਸੀ. ਐਸ.ਈ .ਅਤੇ ਸੀ ਬੀ ਐਸ .ਈ. ਬੋਰਡਾਂ ਵਲੋ ਪੰਜਾਬੀ ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ। ਸੂਬਾ ਸਰਕਾਰ ਨੂੰ ਇਹਨਾਂ ਬੋਰਡਾਂ ਨੂੰ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਤੌਰ ਤੇ ਪਹਿਲੀ ਕਲਾਸ ਤੋਂ ਲਾਗੂ ਕਰਨ ਲਈ ਹਦਾਇਤਾਂ ਜਾਰੀ ਕਰਨੀਆਂ ਚਾਹੀਦੀਆਂ ਹਨ। ਜਿਹੜੇ ਸਕੂਲ ਪੰਜਾਬੀ ਨੂੰ ਆਪਣੇ ਲਾਜ਼ਮੀ ਵਿਸ਼ੇ ਦੇ ਤੌਰ ਤੇ ਲਾਗੂ ਨਹੀਂ ਕਰਦਾ ਉਹਨਾਂ ਤੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ । ਸੁਸਾਇਟੀ ਦੇ ਪ੍ਰਧਾਨ ਪੰਜਾਬ ਸਤੀਸ਼ ਕੁਮਾਰ ਸੋਨੀ ਨੇ ਕਿਹਾ ਕਿ ਪੰਜਾਬੀ ਭਾਸ਼ਾ ਵਿੱਚ ਹੀ ਸਾਡਾ ਵਜੂਦ ਛੁਪਿਆ ਹੋਇਆ। ਅੱਜ ਸਾਡੇ ਬੱਚੇ ਪੰਜਾਬੀ ਲਿਖਣ ਅਤੇ ਬੋਲਣ ਵਿੱਚ ਅਸਮਰਥ ਹਨ। ਉਹਨਾਂ ਇਸ ਪ੍ਰੈਸ ਨੋਟ ਰਾਹੀਂ ਮੰਗ ਕੀਤੀ ਕਿ ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਸੂਬਾ ਸਰਕਾਰ ਨੂੰ ਠੋਸ ਕਦਮ ਚੁੱਕਣੇ ਚਾਹੀਦੇ ਹਨ।

# ਨੀਰੂ ਬਾਲਾ ਬਤੌਰ ਹੈਡ ਮਿਸਟ੍ਰੈੱਸ ਲਾਛੜੂ ਸਕੂਲ ਹੋਏ ਹਾਜ਼ਰ

## ਭੁੰਨਰਹੇੜੀ 2 ਵਿਚ ਬਤੌਰ ਬੀਪੀਈਓ ਸੇਵਾ ਨਿਭਾ ਰਹੇ ਸਨ - ਹਰਪ੍ਰੀਤ ਸਿੰਘ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ INTERNATIONAL PAPER, 94636 01616 hardipchumber57@gmail.com

-ਹਲਕਾ ਘਨੌਰ ਦੇ ਘੁੱਗ ਵਸਦੇ ਪਿੰਡ ਲਾਛੜੂ ਕਲਾਂ ਦੇ ਸਰਕਾਰੀ ਹਾਈ ਸਕੂਲ ਵਿਖੇ ਅੱਜ ਸੈਸ਼ਨ 2025 -26 ਦੀ ਸ਼ੁਰੂਆਤ ਮੌਕੇ ਮੈਡਮ ਨੀਰੂ ਬਾਲਾ ਜੀ ਬਤੌਰ ਹੈਡ ਮਿਸਟ੍ਰੈੱਸ ਹਾਜਰ ਹੋਏ। ਸ. ਹਰਪ੍ਰੀਤ ਸਿੰਘ - ਬਲਾਕ ਨੋਡਲ ਅਫ਼ਸਰ - ਡਾਹਰੀਆਂ ਨੇ ਕਿਹਾ ਕਿ ਮੈਡਮ ਨੀਰੂ ਬਾਲਾ ਜੀ ਇਸ ਤੋਂ ਪਹਿਲਾਂ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਭੁੰਨਰਹੇੜੀ 2 ) ਵਿਚ ਸੇਵਾ ਨਿਭਾ ਰਹੇ ਸਨ।






ਪੰਜਾਬ ਸਰਕਾਰ ਦੇ ਉਪਰਾਲੇ ਸਦਕਾ ਹੁਣੇ ਹੀ ਮੈਡਮ ਜੀ ਫਿਨਲੈਂਡ ਦੀ ਟ੍ਰੇਨਿੰਗ ਫੇਰੀ ਤੇ ਪਰਤੇ ਹਨ। ਮੈਡਮ ਨੀਰੂ ਬਾਲਾ ਜੀ ਨੇ ਕਿਹਾ ਕਿ ਮੈਂ ਪਹਿਲਾਂ ਦੀ ਤਰ੍ਹਾਂ ਹੀ ਸਕੂਲ ਅਤੇ ਬੱਚਿਆਂ ਨੂੰ ਸਮਰਪਿੱਤ ਰਹਿ ਕੇ ਸੇਵਾ ਨਿਭਾਵਾਂਗੀ। ਇਸ ਮੌਕੇ ਸਕੂਲ ਇੰਚਾਰਜ ਸ. ਹਰਵਿੰਦਰ ਸਿੰਘ ਸਰਾਲਾ, ਸ. ਹਰਮਹਿੰਦਰ ਸਿੰਘ ਬੀ.ਐਸ.ਓ. ਘਨੌਰ, ਸ. ਜਸਵਿੰਦਰ ਸਿੰਘ ਚਪੜ੍ਹ -ਸਟੇਟ ਅਵਾਰਡੀ -ਜ਼ੋਨ ਖੇਡ ਸਕੱਤਰ ਘਨੌਰ, ਸ. ਅਮਨਦੀਪ ਸਿੰਘ, ਮੈਡਮ ਨੀਰੂ ਬਾਲਾ ਦੇ ਪਿਤਾ ਜੀ ਸ੍ਰੀ ਸ਼ਾਮ ਲਾਲ ਸਿੰਗਲਾ ਅਤੇ ਉਨ੍ਹਾਂ ਦੇ ਪਤੀ ਸ੍ਰੀ ਮੋਹਿਤ ਅਗਰਵਾਲ, ਸ. ਰਣਜੀਤ ਸਿੰਘ ਡੀ.ਪੀ. ਈ., ਸ. ਮਲਕੀਤ ਸਿੰਘ ਕਲਰਕ, ਮੈਡਮ ਮਨਪ੍ਰੀਤ ਕੌਰ, ਮੈਡਮ ਕਵਿਤਾ, ਮੈਡਮ ਹਰਪ੍ਰੀਤ ਕੌਰ, ਮੈਡਮ ਦਲਜੀਤ ਕੌਰ, ਮੈਡਮ ਰਤਿੰਦਰ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਇਲਾਕੇ ਦੇ ਪ੍ਰਾਇਮਰੀ ਸਿੱਖਿਆ ਅਤੇ ਸੈਕੰਡਰੀ ਸਿੱਖਿਆ ਦੇ ਅਧਿਆਪਕ ਹਾਜਰ ਸਨ।

# ਦਰਸ਼ਨ ਸਿੰਘ ਬਰੇਟਾ ਦੇ ਮਿੰਨੀ ਕਹਾਣੀ ਸੰਗ੍ਰਹਿ 'ਰੂਹ ਦੀਆਂ ਤੰਦਾਂ' ਤੇ ਪੁਸਤਕ ਸੰਵਾਦ ਸਮਾਗਮ ਆਯੋਜਿਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 9463601616
hardipchumber57@gmail.com



ਬਰੇਟਾ 1 ਅਪ੍ਰੈਲ : ਸਥਾਨਕ ਸਾਹਿਤ ਤੇ ਕਲਾ ਮੰਚ ਪੰਜਾਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਅਤੇ ਪ੍ਰਗਤੀਸ਼ੀਲ ਲੇਖਕ ਸੰਘ ਜ਼ਿਲ੍ਹਾ ਇਕਾਈ ਮਾਨਸਾ ਦੇ ਸਹਿਯੋਗ ਨਾਲ ਪ੍ਰਿੰਸੀਪਲ ਦਰਸ਼ਨ ਸਿੰਘ ਬਰੇਟਾ ਦੇ ਨਵ ਪ੍ਰਕਾਸ਼ਿਤ ਮਿੰਨੀ ਕਹਾਣੀ ਸੰਗ੍ਰਹਿ 'ਰੂਹ ਦੀਆਂ ਤੰਦਾਂ' ਉੱਪਰ ਪੁਸਤਕ ਸੰਵਾਦ ਸਮਾਗਮ ਸਥਾਨਕ ਸ੍ਰ. ਮਿਲਖਾ ਸਿੰਘ ਐਜੂਕੇਸ਼ਨਲ ਇੰਸਟੀਚਿਊਟ ਵਿਚ ਆਯੋਜਿਤ ਕੀਤਾ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਆਲੋਚਕ ਅਤੇ ਵਿਦਵਾਨ ਨਿਰੰਜਣ ਬੋਹਾ, ਪ੍ਰਗਤੀਸ਼ੀਲ ਲੇਖਕ ਸੰਘ ਦੇ ਸੂਬਾ ਸਕੱਤਰ ਡਾ. ਕੁਲਦੀਪ ਸਿੰਘ ਦੀਪ, ਲੋਕ ਚੇਤਨਾ ਮੰਚ ਰਤੀਆ ਦੇ ਪ੍ਰਧਾਨ ਡਾ. ਨਾਇਬ ਸਿੰਘ ਮੰਡੇਰ, ਐਸੋਸੀਏਟ ਮੈਂਬਰ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਪ੍ਰੋਫੈਸਰ ਗੁਰਦੀਪ ਸਿੰਘ ਢਿੱਲੋਂ, ਡਾ. ਹਰਪ੍ਰੀਤ ਸਿੰਘ ਰਾਣਾ, ਪ੍ਰਧਾਨ ਕੇਂਦਰੀ ਮਿੰਨੀ ਕਹਾਣੀ ਲੇਖਕ ਮੰਚ ਪਟਿਆਲਾ, ਕਾਲਜ ਪ੍ਰਿੰਸੀਪਲ ਡਾ. ਹਰੀ ਕ੍ਰਿਸ਼ਨ , ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ ਵਿਜੇਤਾ ਜਗਦੀਸ਼ ਕੁਲਰੀਆਂ ਅਤੇ ਪੁਸਤਕ ਦੇ ਲੇਖਕ ਦਰਸ਼ਨ ਸਿੰਘ ਬਰੇਟਾ ਸ਼ਾਮਿਲ ਹੋਏ। ਸਮਾਗਮ ਦੀ ਸ਼ੁਰੂਆਤ ਵਿਛੜੇ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਪ੍ਰੇਮ ਪ੍ਰਕਾਸ਼, ਆਲੋਚਕ ਅਤੇ ਚਿੰਤਕ ਡਾ. ਹਰਜਿੰਦਰ ਸਿੰਘ ਅਟਵਾਲ, ਸਾਹਿਤਕਾਰ ਮਨਜ਼ੂਰ ਏਜ਼ਾਜ਼ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਤੋਂ ਬਾਅਦ ਮੰਚ ਦੇ ਪ੍ਰਧਾਨ ਡਾ. ਭਵਾਨੀ ਸ਼ੰਕਰ ਗਰਗ ਨੇ ਮਰਹੂਮ ਸ਼ਾਇਰ ਸੁਰਜੀਤ ਪਾਤਰ ਦੀ ਗ਼ਜ਼ਲ 'ਜੇ ਆਈ ਪਤਝੜ ਤਾਂ ਫੇਰ ਕੀ ਐ..' ਤਰੁੰਨਮ ਵਿਚ ਕੀਤੀ ਪੇਸ਼ਕਾਰੀ ਨਾਲ ਸਮਾਗਮ ਦੀ ਰਸਮੀ ਸ਼ੁਰੂਆਤ ਕੀਤੀ। ਮੰਚ ਦੇ ਸੀਨੀਅਰ ਮੀਤ ਪ੍ਰਧਾਨ ਸਰਦੂਲ ਸਿੰਘ ਚਹਿਲ ਨੇ ਬਾਹਰੋਂ ਆਏ ਲੇਖਕਾਂ ਨੂੰ ਜੀ ਆਇਆ ਕਹਿੰਦਿਆਂ ਮੰਚ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਇਸ ਉਪਰੰਤ ਪ੍ਰੋ. ਗੁਰਦੀਪ ਸਿੰਘ ਢਿਲੋਂ ਨੇ ਕਿਤਾਬ ਤੇ ਆਪਣਾ ਖੋਜ ਪੱਤਰ ਪੜ੍ਹਦਿਆ ਕਿਹਾ ਕਿ ਦਰਸ਼ਨ ਬਰੇਟਾ ਦੀਆਂ ਮਿੰਨੀ ਕਹਾਣੀਆਂ ਪੰਜਾਬ ਦੀ ਰਹਿਤਲ ਨਾਲ ਜੁੜੀਆਂ ਹੋਈਆਂ ਹਨ ਅਤੇ ਲੇਖਕ ਇਕ ਚੰਗਾ ਤੇ ਸਿਹਤਮੰਦ ਸਮਾਜ ਸਿਰਜਣ ਦਾ ਚਾਹਵਾਨ ਹੈ। ਉਨਾਂ ਨੇ ਇਸ ਕਿਤਾਬ ਦੀਆਂ ਮਿੰਨੀ ਕਹਾਣੀਆਂ ਨੂੰ ਵਿਸ਼ਵੀ ਚਿੰਤਨ ਦੇ ਹਵਾਲੇ ਨਾਲ ਪੜਚੋਲਿਆ। ਇਸ ਪੇਪਰ ਤੇ ਬਹਿਸ ਦਾ ਆਰੰਭ ਡਾ. ਹਰਪ੍ਰੀਤ ਸਿੰਘ ਰਾਣਾ ਨੇ ਕੀਤਾ। ਉਨਾਂ ਨੇ ਕਿਹਾ ਕਿ ਰੂਹ ਦੀਆਂ ਤੰਦਾਂ ਦੀਆਂ ਮਿੰਨੀ ਕਹਾਣੀਆਂ ਸਾਡੇ ਸਮਾਜਿਕ ਪਰਿਪੇਖ ਅਤੇ ਆਲੇ ਦੁਆਲੇ ਨੂੰ ਬਾਖੂਬੀ ਚਿਤਰਦੀਆਂ ਹਨ। ਡਾ. ਬਿਕਰਜੀਤ ਸਾਧੂਵਾਲਾ ਨੇ ਵਿਸਥਾਰ ਵਿਚ ਕਿਤਾਬ ਦੇ ਵਿਸ਼ਾ ਪੱਖ ਨੂੰ ਉਘਾੜਦਿਆਂ ਕਿਹਾ ਕਿ ਇਹ ਰਚਨਾਵਾਂ ਨਿਰਾਸ਼ ਨਹੀਂ ਕਰਦੀਆਂ, ਬਲਕਿ ਇਕ ਚੰਗੇਰਾ ਰਾਹ ਦਰਸਾਉਂਦੀਆਂ ਹਨ। ਡਾ. ਨਾਇਬ ਸਿੰਘ ਮੰਡੇਰ ਨੇ ਕਿਹਾ ਕਿ ਅਜੋਕੇ ਦੌਰ ਦੀ ਮਿੰਨੀ ਕਹਾਣੀ ਜਿਹੜੀਆਂ ਪੁਲਾਘਾਂ ਪੁੱਟ ਰਹੀ ਹੈ, ਉਸਦਾ ਨਮੂਨਾ ਇਸ ਪੁਸਤਕ ਵਿਚੋਂ ਦੇਖਿਆ ਜਾ ਸਕਦਾ ਹੈ। ਡਾ. ਕੁਲਦੀਪ ਸਿੰਘ ਦੀਪ ਨੇ ਇਸ ਪੁਸਤਕ ਦੀਆਂ ਸਮੁੱਚੀਆਂ ਰਚਨਾਵਾਂ ਦੀ ਘੋਖਵੀਂ ਪੜਚੋਲ ਕਰਦਿਆਂ ਕਿਹਾ ਕਿ ਭਾਵੇਂ ਇਹ ਰਚਨਾਵਾਂ ਇਕ ਆਦਰਸ਼ ਸਿਰਜਦੀਆਂ ਹਨ, ਪਰ ਵਰਤਾਰੇ ਦੇ ਪਿੱਛੇ ਪਏ ਹੋਰ ਕਾਰਨਾਂ ਨੂੰ ਵੀ ਡੂੰਘਾਈ ਨਾਲ ਫੜਨਾ ਚਾਹੀਦਾ ਹੈ ਤਾਂ ਕਿ ਪਾਠਕ ਨੂੰ ਹੋਰ ਵਧੇਰੇ ਚੇਤੰਨ ਕੀਤਾ ਜਾ ਸਕੇ। ਨਿਰੰਜਣ ਬੋਹਾ ਨੇ ਕਿਹਾ ਕਿ ਦਰਸ਼ਨ ਬਰੇਟਾ ਇਕ ਚੰਗਾ ਮਨੁੱਖ ਹੈ। ਇਸ ਦੀਆਂ ਕਹਾਣੀਆਂ ਵਿਅਕਤੀ ਦੀ ਨਹੀਂ ਮਨੁੱਖਾਂ ਦੀ ਗੱਲ ਕਰਦੀਆਂ ਹਨ। ਨੈਤਿਕਤਾ ਪੱਖੋਂ ਮਜ਼ਬੂਤ ਅਜਿਹੀਆਂ ਰਚਨਾਵਾਂ ਦੀ ਸਮਾਜ ਨੂੰ ਸਖਤ ਲੋੜ ਹੈ। ਦਰਸ਼ਨ ਸਿੰਘ ਬਰੇਟਾ ਨੇ ਕਿ ਉਹ ਇਸ ਚਰਚਾ ਵਿਚੋਂ ਆਏ ਸੁਝਾਵਾਂ ਨੂੰ ਆਪਣੀਆਂ ਅਗਲੀਆਂ ਰਚਨਾਵਾਂ ਵਿਚ ਅਪਣਾਉਣ ਦੀ ਕੋਸ਼ਿਸ਼ ਕਰਨਗੇ। ਚਰਚਾ ਵਿਚ ਦਸੌਂਦਾ ਸਿੰਘ ਬਹਾਦਰਪੁਰ, ਅਸ਼ਵਨੀ ਖੁਡਾਲ, ਐਡਵੋਕੇਟ ਗੁਰਵਿੰਦਰ ਸਿੰਘ ਖੱਤਰੀਵਾਲਾ, ਦਵਿੰਦਰ ਪਟਿਆਲਵੀ, ਅਜੈਬ ਸਿੰਘ ਬਹਾਦਰਪੁਰ, ਪ੍ਰੋ. ਗੁਰਜੀਤ ਸਿੰਘ, ਗੁਰਨੈਬ ਸਿੰਘ ਮੰਘਾਣੀਆਂ, ਲੈਕ ਪਰਮਿੰਦਰ ਕਟੌਦੀਆਂ,ਕੁਲਜੀਤ ਪਾਠਕ, ਗੁਲਾਬ ਸਿੰਘ, ਅਵਤਾਰ ਜਲਵੇੜਾ, ਜਗਦੇਵ ਸਿੰਘ, ਕ੍ਰਿਸ਼ਨ ਗੋਇਲ, ਕ੍ਰਿਸ਼ਨ ਸਿੰਘ ਰੰਘੜਿਆਲ ਅਤੇ ਕਾਲਜ ਦੇ ਸਮੂੰਹ ਸਟਾਫ ਅਤੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ। ਮੰਚ ਵੱਲੋਂ ਰਾਜ ਅਧਿਆਪਕ ਪੁਰਸਕਾਰ ਵਿਜੇਤਾ ਮਹਿੰਦਰ ਪਾਲ ਬਰੇਟਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਡਾ. ਹਰੀ ਕ੍ਰਿਸ਼ਨ ਨੇ ਸਭਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਕਾਲਜ ਵਿਚ ਭਵਿੱਖ ਵਿਚ ਵੀ ਅਜਿਹੇ ਸਮਾਗਮ ਆਯੋਜਿਤ ਕਰਵਾਉਂਦੇ ਰਹਿਣਗੇ।

# ਹੁਸ਼ਿਆਰਪੁਰ 'ਚ ਭਾਜਪਾ ਆਗੂ ਉੱਪਰ ਚੱਲੀ ਗੋਲ਼ੀ ਦੀ ਅਸਲੀਅਤ ਆਈ ਸਾਹਮਣੇ

## • ਭਾਜਪਾ ਆਗੂ ਨੇ ਵਾਹਨਾਂ ਦੀ ਟੱਕਰ ਮਾਮਲੇ ਨੂੰ ਆਪਣੇ ਉੱਪਰ ਹਮਲੇ ਦੀ ਦਿੱਤੀ ਰੰਗਤ, • ਗੋਲ਼ੀ ਚੱਲਣ ਦਾ ਮਾਮਲਾ ਨਹੀਂ ਹੋਇਆ ਸਾਬਿਤ-ਡੀਐੱਸਪੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 9463601616
hardipchumber57@gmail.com






ਹੁਸ਼ਿਆਰਪੁਰ, 1 ਅਪ੍ਰੈਲ (ਤਰਸੇਮ ਦੀਵਾਨਾ ) ਐਤਵਾਰ ਦੇਰ ਰਾਤ ਜ਼ਿਲਾ ਹੁਸ਼ਿਆਰਪੁਰ ਦੇ ਇੱਕ ਭਾਜਪਾ ਆਗੂ ਵੱਲੋਂ ਆਪਣੇ ਉੱਤੇ 2 ਮੋਟਰਸਾਈਕਲ ਸਵਾਰਾਂ ਵੱਲੋਂ ਘੇਰ ਕੇ ਲੁੱਟ ਖੋਹ ਦੀ ਨੀਅਤ ਨਾਲ ਹਮਲਾ ਕਰਨ ਅਤੇ ਚਾਰ ਗੋਲੀਆਂ ਚਲਾਉਣ ਦੀ ਵਾਰਦਾਤ ਦੀ ਅਸਲੀਅਤ ਸਾਹਮਣੇ ਆ ਗਈ ਹੈ। ਜਿਲਾ ਪੁਲਿਸ ਵੱਲੋਂ ਕੀਤੇ ਗਏ ਖੁਲਾਸੇ ਮੁਤਾਬਕ ਇਹ ਮਾਮਲਾ ਅਸਲ ਵਿੱਚ ਦੋ ਵਾਹਨਾਂ ਦੀ ਆਪਸੀ ਟੱਕਰ ਕਾਰਣ ਹੋਏ ਵਿਵਾਦ ਦਾ ਹੈ ਜਿਸ ਦੌਰਾਨ ਭਾਜਪਾ ਆਗੂ ਨੇ ਉਲਟਾ ਆਪਣੇ ਸਾਥੀਆਂ ਨਾਲ ਮੋਟਰ ਸਾਈਕਲ ਸਵਾਰਾਂ ਦੀ ਜੰਮ ਕੇ ਮਾਰ ਕੁਟਾਈ ਕੀਤੀ ਜਿਸ ਦੌਰਾਨ ਇੱਕ ਨੌਜਵਾਨ ਸਖ਼ਤ ਜ਼ਖਮੀ ਹੋ ਗਿਆ | ਥਾਣਾ ਸਿਟੀ ਹੁਸ਼ਿਆਰਪੁਰ ਵਿੱਚ ਕੀਤੀ ਇੱਕ ਪ੍ਰੈਸ ਕਾਨਫਰੰਸ ਦੌਰਾਨ ਡੀਐਸਪੀ ਦੇਵ ਦੱਤ ਸ਼ਰਮਾ ਨੇ ਦੱਸਿਆ ਐਤਵਾਰ ਦੀ ਦੇਰ ਸ਼ਾਮ ਨੂੰ ਭਾਜਪਾ ਦੇ ਆਗੂ ਹਨੀ ਸੂਦ ਵੱਲੋਂ ਆਪਣੇ ਉੱਪਰ ਅਣਪਛਾਤੇ ਮੋਟਰਸਾਈਕਲ ਸਵਾਰਾਂ ਵੱਲੋਂ ਘੇਰ ਕੇ ਹਮਲਾ ਕਰਨ ਅਤੇ ਗੋਲੀਆਂ ਚਲਾਉਣ ਦੀ ਜਾਣਕਾਰੀ ਦਿੱਤੀ ਗਈ ਸੀ। ਜਿਸ ਦੀ ਜਾਂਚ ਦੌਰਾਨ ਇਹ ਖੁਲਾਸਾ ਹੋਇਆ ਕਿ ਅਸਲ ਵਿੱਚ ਇਹ ਮਾਮਲਾ ਭਾਜਪਾ ਆਗੂ ਹਨੀ ਸੂਦ ਦੀ ਕਾਰ ਅਤੇ ਮੋਟਰਸਾਈਕਲ ਸਵਾਰਾਂ ਦੀ ਆਪਸੀ ਟੱਕਰ ਦਾ ਸਾਹਮਣੇ ਆਇਆ ਹੈ ਥਾਣਾ ਸਦਰ ਨਜ਼ਦੀਕ ਹੋਈ ਇਸ ਟੱਕਰ ਉਪਰੰਤ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਹਨੀ ਸੂਦ ਦੀ ਕਾਰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਸਨੇ ਉਥੋਂ ਕਾਰ ਭਜਾ ਲਈ ਇਸ ਦੌਰਾਨ ਬੁਲਾਂਵੜੀ ਨਜ਼ਦੀਕ ਇੱਕ ਘਰ ਵਿੱਚ ਲੱਗੇ ਸੀਸੀਟੀਵੀ ਕੈਮਰੇ ਵਿੱਚ ਇਹ ਸਾਰੀ ਵਾਰਦਾਤ ਕੈਦ ਹੋ ਗਈ ਅਤੇ ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਹਨੀ ਸੂਦ ਨੇ ਆਪਣੀ ਕਾਰ ਰੋਕੀ ਅਤੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਮਗਰ ਆਏ ਮੋਟਰ ਸਾਈਕਲ ਸਵਾਰਾਂ ਉੱਪਰ ਹਮਲਾ ਕਰ ਦਿੱਤਾ ਇਥੇ ਸਿਰ ਤੇ ਸੱਟ ਲੱਗਣ ਕਾਰਨ ਸੰਚਿਤ ਨਾਮ ਦਾ ਇੱਕ ਨੌਜਵਾਨ ਜ਼ਖਮੀ ਹੋ ਗਿਆ ਅਤੇ ਆਪਣਾ ਮੋਟਰਸਾਕਲ ਛੱਡ ਕੇ ਆਪਣਾ ਬਚਾਓ ਕਰਦੇ ਹੋਏ ਭੱਜ ਗਏ | ਡੀਐਸਪੀ ਦੇਵਦੱਤ ਸ਼ਰਮਾ ਨੇ ਦੱਸਿਆ ਕਿ ਇਸ ਸਾਰੇ ਮਾਮਲਿਆਂ ਦੀ ਵਿਸਥਾਰ ਨਾਲ ਜਾਂਚ ਕੀਤੀ ਜਾ ਰਹੀ ਹੈ ਜਿਹੜਾ ਵੀ ਦੋਸ਼ੀ ਪਾਇਆ ਗਿਆ ਉਸ ਖਿਲਾਫ਼ ਕਾਨੂੰਨ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ ਪੱਤਰਕਾਰਾਂ ਵੱਲੋਂ ਗੋਲੀ ਚਲਾਉਣ ਬਾਰੇ ਪੁੱਛੇ ਜਾਣ ਤੇ ਉਹਨਾਂ ਕਿਹਾ ਕਿ ਇਸ ਬਾਰੇ ਅਜੇ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ ਹੈ। ਪਰ ਗਲਤ ਬਿਆਨੀ ਨਾਲ ਪੁਲਿਸ ਅਤੇ ਆਮ ਲੋਕਾਂ ਨੂੰ ਗੁਮਰਾਹ ਕਰਨ ਵਾਲੇ ਦੋਸ਼ੀ ਖਿਲਾਫ ਸਖਤ ਕਾਰਵਾਈ ਕੀਤੀ ਜਾਏਗੀ | ਯਾਦ ਰਹੇ ਕਿ ਇਸ ਵਾਰਦਾਤ ਉਪਰੰਤ ਭਾਜਪਾ ਆਗੂ ਹਨੀ ਸੂਦ ਅਤੇ ਉਹਨਾਂ ਦੇ ਨਾਲ ਆਏ ਹੋਰ ਭਾਜਪਾ ਆਗੂਆਂ ਨੇ ਚਾਰ ਗੋਲੀਆਂ ਚੱਲਣ ਦਾ ਦਾਅਵਾ ਕੀਤਾ ਸੀ ਪੁਲਿਸ ਮੁਤਾਬਕ ਅਜੇ ਤੱਕ ਇਸਦੀ ਕੋਈ ਪੁਸ਼ਟੀ ਨਹੀਂ ਹੋ ਸਕੀ ਹੈ ਇਸ ਮੌਕੇ ਥਾਣਾ ਸਿਟੀ ਦੀ ਐਸ ਐਚ ਓ ਊਸ਼ਾ ਰਾਣੀ ਵੀ ਮੌਜੂਦ ਸੀ

# ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਅਜਿਹੀਆਂ ਘਟਨਾਵਾਂ ਨੂੰ ਬਰਦਾਸ਼ਤ ਨਹੀਂ ਕਰੇਗਾ- ਕੈਂਥ

## ਮੁੱਖ ਮੰਤਰੀ ਭਗਵਾਨ ਮਾਨ ਨੂੰ ਅੰਮ੍ਰਿਤਸਰ ਅਤੇ ਫਿਲੌਰ ਦੀਆਂ ਹਾਲੀਆ ਘਟਨਾਵਾਂ ਦੀ ਜਾਂਚ ਰਾਸ਼ਟਰੀ ਜਾਂਚ ਏਜੰਸੀ (NIA) ਤੋਂ ਕਰਵਾਉਣ ਦੀ ਅਪੀਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 9463601616
hardipchumber57@gmail.com

ਚੰਡੀਗੜ੍ਹ, 1 ਅਪ੍ਰੈਲ - ਪਿੰਡ ਨੰਗਲ (ਫਿਲੌਰ) 'ਚ "ਪ੍ਰਯੋਜਿਤ ਮਾੜੇ ਅਨਸਰਾਂ" (ਭਾੜੇ ਦੇ ਟੱਟੂਆਂ )ਨੇ ਭੀਮ ਰਾਓ ਅੰਬੇਡਕਰ ਜੀ ਦੇ ਪ੍ਰੇਰਨਾ ਸ੍ਰੋਤ ਬੁੱਤ ਦੇ ਸ਼ੀਸ਼ੇ ਦੇ ਫਰੇਮ ਉੱਤੇ ਖਾਲਿਸਤਾਨ ਪੱਖੀ ਭੜਕਾਊ ਨਾਅਰੇ ਲਿਖੇ,ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਇਸ ਕਾਇਰਤਾਪੂਰਨ ਕਾਰਵਾਈ ਦੀ ਨਿੰਦਾ ਕਰਦਾ ਹੈ। ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਪੰਜਾਬ ਸਰਕਾਰ ਸ਼ਾਂਤੀ ਵਿਵਸਥਾ ਬਣਾਈ ਰੱਖਣ ਵਿੱਚ ਅਸਫਲ ਜਾਪਦੀ ਹੈ। ਅੰਮ੍ਰਿਤਸਰ ਘਟਨਾ ਤੋਂ ਬਾਅਦ, ਸਰਕਾਰ ਨੂੰ ਅਜਿਹੀਆਂ ਘਟਨਾਵਾਂ ਪ੍ਰਤੀ ਸੁਚੇਤ ਰਹਿਣ ਦੀ ਲੋੜ ਸੀ। ਉਨ੍ਹਾਂ ਕਿਹਾ ਕਿ ਸਰਕਾਰ ਦੇ ਦੁਚਿੱਤੀ ਭਰੇ ਰਵੱਈਏ ਕਾਰਨ ਸਮਾਜ ਵਿਰੋਧੀ ਅਨਸਰਾਂ ਨੂੰ ਹੱਲਾਸ਼ੇਰੀ ਮਿਲਦੀ ਹੈ ਅਤੇ ਕੋਈ ਵੀ ਕਿਸੇ ਵੀ ਸਮੇਂ ਕੋਈ ਵੀ ਘਟਨਾ ਨੂੰ ਅੰਜਾਮ ਦੇ ਸਕਦਾ ਹੈ। ਸਮੇਂ-ਸਮੇਂ 'ਤੇ ਸਮਾਜ ਵਿਰੋਧੀ ਤਾਕਤਾਂ ਦੇ ਵੱਖ-ਵੱਖ ਰੂਪ ਉੱਭਰ ਰਹੇ ਹਨ ਪਰ ਸਰਕਾਰ ਦੀਆਂ ਨੀਤੀਆਂ ਦਾ ਨਤੀਜਾ ਕਮਜ਼ੋਰ ਅਤੇ ਖਾਮੋਸ਼ ਹੁੰਦਾ ਜਾ ਰਿਹਾ ਹੈ ਜਦੋਂ ਕਿ ਸੁਚੇਤ ਰਹਿਣ ਦੀ ਬਹੁਤ ਲੋੜ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਰਾਜਨੀਤਿਕ ਹਿੱਤਾਂ ਲਈ ਅਤੇ ਪੰਜਾਬ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਪੰਜਾਬ ਦੇ ਭਾਈਚਾਰੇ ਦੀਆਂ ਭਾਵਨਾਵਾਂ ਦੇ ਵਿਰੁੱਧ ਕੰਮ ਕਰ ਰਹੀ ਹੈ। ਇਹ ਕਿਹਾ ਗਿਆ ਕਿ ਗ੍ਰਹਿ ਵਿਭਾਗ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਰਿਹਾ ਹੈ। ਅਲਾਇੰਸ ਦੇ ਮੁਖੀ ਪਰਮਜੀਤ ਕੈਂਥ ਨੇ ਕਿਹਾ ਕਿ ਅੰਮ੍ਰਿਤਸਰ ਅਤੇ ਫਿਲੌਰ ਵਿੱਚ ਹਾਲ ਹੀ ਵਿੱਚ ਵਾਪਰੀਆਂ ਘਟਨਾਵਾਂ ਨੇ ਬਾਬਾ ਸਾਹਿਬ ਅੰਬੇਡਕਰ ਦੇ



ਪੈਰੋਕਾਰਾਂ ਦੇ ਮਨਾਂ ਵਿੱਚ ਗੁੱਸਾ, ਨਾਰਾਜ਼ਗੀ ਅਤੇ ਅਸੰਤੁਸ਼ਟੀ ਪੈਦਾ ਕੀਤੀ ਹੈ। ਇਨ੍ਹਾਂ ਗੰਭੀਰ ਮਾਮਲਿਆਂ ਦੀ ਜਾਂਚ ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਤੋਂ ਕਰਵਾਈ ਜਾਣੀ ਚਾਹੀਦੀ ਹੈ ਤਾਂ ਜੋ ਅਜਿਹੀਆਂ ਘਟਨਾਵਾਂ, ਜੋ ਦਿਨੋ-ਦਿਨ ਵੱਧ ਰਹੀਆਂ ਹਨ, ਨੂੰ ਰੋਕਿਆ ਜਾ ਸਕੇ। ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਅਜਿਹੀਆਂ ਘਟਨਾਵਾਂ ਨੂੰ ਬਰਦਾਸ਼ਤ ਨਹੀਂ ਕਰੇਗਾ।

# ਅਕਾਲ ਸੀਨੀ. ਸੈਕੰ. ਸਕੂਲ ਬਹਾਦਰਪੁਰ ਵਿਖੇ ਸੁਖਮਨੀ ਸਾਹਿਬ ਦੇ ਪਾਠ ਨਾਲ ਨਵੇਂ ਵਿਦਿਅਕ ਸੈਸ਼ਨ ਦੀ ਸ਼ੁਰੂਆਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 9463601616
hardipchumber57@gmail.com



ਲੌਂ ਗ ਵਾ ਲ , ਅ ਪ੍ਰੈ ਲ (ਜਗਸੀਰ ਸਿੰਘ)- ਸੰਤ ਅਤਰ ਸਿੰਘ ਜੀ ਮਹਾਰਾਜ ਦੀ ਅਪਾਰ ਬਖਸ਼ਿਸ਼ ਸਦਕਾ ਅਕਾਲ ਸੀਨੀ. ਸੈਕੰ. ਸਕੂਲ ਮਸਤੂਆਣਾ ਬਹਾਦਰਪੁਰ ਨੇ ਅੱਜ ਸੁਖਮਨੀ ਸਾਹਿਬ ਦੇ ਪਾਠ ਨਾਲ ਨਵੇਂ ਸੈਸ਼ਨ ਦੀ ਸ਼ੁਰੂਆਤ ਕੀਤੀ। ਅੱਜ ਦੇ ਸਮਾਗਮ ਦੀ ਸ਼ੁਰੂਆਤ ਅਕਾਲ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਡਾ ਰਜਿੰਦਰ ਸਿੰਘ ਬਾਜਵਾ ਦੀ ਯੋਗ ਅਗਵਾਈ ਹੇਠ ਸਮੂਹ ਸਟਾਫ਼ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਬੱਚਿਆਂ ਦੁਆਰਾ ਹਰਜੱਸ ਕੀਰਤਨ ਨਾਲ ਕੀਤੀ ਗਈ। ਇਸ ਮੌਕੇ ਡਾਕਟਰ ਰਾਜੀਵ ਸਿੰਗਲਾ, ਸ੍ਰ. ਸੂਰਤ ਸਿੰਘ ਸੇਹੀ, ਸੀ.ਏ ਜੀ. ਐਸ. ਗੁਜਰਾਲ, ਸੁਰਿੰਦਰ ਸਿੰਘ ਸਿਦਕੀ, ਮਾਸਟਰ ਪ੍ਰੀਤਮ ਸਿੰਘ, ਅਕਾਲ ਕਾਲਜ ਕੌਂਸਲ ਮੀਡੀਆ ਇੰਚਾਰਜ ਮੈਡਮ ਪ੍ਰੀਤ ਹੀਰ, ਸਮੂਹ ਇਲਾਕੇ ਦੀਆਂ ਪੰਚਾਇਤਾਂ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਖਾਸ ਤੌਰ' ਤੇ ਸ਼ਿਰਕਤ ਕੀਤੀ।

ਨਵਾਂ ਸੈਸ਼ਨ ਸਾਰੇ ਵਿਦਿਆਰਥੀਆਂ ਲਈ ਬੁੱਧੀ, ਗਿਆਨ ਅਤੇ ਅਧਿਆਤਮਿਕ ਸ਼ਾਂਤੀ ਦੇ ਨਾਲ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਦਾਨੀ ਸੱਜਣਾ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਬੈਗ, ਵਰਦੀਆਂ, ਕਾਪੀਆਂ,ਬੂਟ ਆਦਿ ਸਮਾਨ ਵੰਡਿਆ ਗਿਆ।

ਅੰਤ ਵਿੱਚ ਸ੍ਰ.ਜਸਵੰਤ ਸਿੰਘ ਖਹਿਰਾ ਸਕੱਤਰ ਅਕਾਲ ਕਾਲਜ ਕੌਂਸਲ ਗੁਰਸਾਗਰ ਮਸਤੂਆਣਾ ਸਾਹਿਬ ਵੱਲੋਂ ਪਹੁੰਚੇ ਸਾਰੇ ਹੀ ਮਹਿਮਾਨਾਂ ਦਾ ਧੰਨਵਾਦ ਕਰਦਿਆ ਕਿਹਾ ਕਿ ਇਹ ਸੰਤ ਅਤਰ ਸਿੰਘ ਜੀ ਮਹਾਰਾਜ ਦੁਆਰਾ ਸਥਾਪਿਤ ਕੀਤਾ ਗਿਆ ਪਹਿਲਾਂ ਸਕੂਲ ਹੈ ਜਿਸ ਵਿੱਚ ਅੱਜ ਦੇ ਦੌਰ ਵਿੱਚ ਬੱਚੇ ਪੜ੍ਹ ਲਿਖ ਕੇ ਵੱਡੇ ਵੱਡੇ ਅਹੁਦਿਆਂ 'ਤੇ ਜਾ ਬੈਠੇ ਹਨ। ਇਹਨਾਂ ਵਿਚੋਂ ਉਹ ਬੱਚੇ ਵੀ ਹਨ ਜੋ ਦੇਸ਼ਾਂ ਵਿਦੇਸ਼ਾਂ ਵਿਚ ਬੈਠੇ ਸਕੂਲ ਨੂੰ ਹਰ ਪੱਖੋਂ ਆਰਥਿਕ ਮੱਦਦ ਵੀ ਦੇ ਰਹੇ ਹਨ। ਸੰਤ ਅਤਰ ਸਿੰਘ ਜੀ ਦੀ ਸੋਚ ਤੇ ਪਹਿਰਾ ਦੇ ਰਹੇ ਸਕੂਲ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਨੂੰ ਸ ਜਸਵੰਤ ਸਿੰਘ ਖਹਿਰਾ ਵੱਲੋਂ ਮੁਬਾਰਕਬਾਦ ਦਿੱਤੀ ਗਈ। ਇਸ ਤੋਂ ਇਲਾਵਾ ਨਗਰ ਦੀ ਪੰਚਾਇਤ ਦਾ ਵੀ ਧੰਨਵਾਦ ਕੀਤਾ ਜੋ ਹਮੇਸ਼ਾ ਹੀ ਸਕੂਲ ਨੂੰ ਸਹਿਯੋਗ ਦਿੰਦੀ ਆ ਰਹੀ ਹੈ। ਉਹਨਾਂ ਨੇ ਪਿਛਲੇ ਸੈਸ਼ਨ ਵਿੱਚ ਸਕੂਲ ਦੀਆਂ ਪ੍ਰਾਪਤੀਆਂ ਤੇ ਮਾਣ ਮਹਿਸੂਸ ਕੀਤਾ ਅਤੇ ਅਗਲੇ ਸੈਸ਼ਨ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ। ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਏਕਤਾ ਦੇ ਪ੍ਰਤੀਕ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ। ਮੰਚ ਸੰਚਾਲਨ ਦੀ ਭੂਮਿਕਾ ਮੈਡਮ ਕਰਮਜੀਤ ਕੌਰ ਵੱਲੋਂ ਬਾਖੂਬੀ ਨਿਭਾਈ ਗਈ।

ਇਸ ਮੌਕੇ ਸਿੰਘਦੀਦਾਰ ਸਿੰਘ,ਨਿਰਮਲ ਸਿੰਘ, ਜਗਜੀਵਨ ਕੁਮਾਰ, ਯਾਦਵਿੰਦਰ ਸਿੰਘ,ਵਰਿੰਦਰ ਸਿੰਘ, ਕਮਲਦੀਪ ਸਿੰਘ, ਲਵਨੀਸ਼ ਕੁਮਾਰ ਅਤੇ ਸਮੂਹ ਲੇਡੀਜ਼ ਸਟਾਫ਼ ਮੈਡਮ ਅੰਗਰੇਜ਼ ਕੌਰ,ਕੁਲਦੀਪ ਕੌਰ,ਜਸਪ੍ਰੀਤ ਕੌਰ, ਕਰਮਜੀਤ ਕੌਰ, ਅਮਨਦੀਪ ਕੌਰ,ਰਮਨਦੀਪ ਕੌਰ, ਮਨਿੰਦਰ ਕੌਰ ਅਤੇ ਸੰਦੀਪ ਕੌਰ ਨੇ ਬੱਚਿਆਂ ਦੀ ਅਗਵਾਈ ਕਰਦਿਆਂ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਇਆ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਅਪਰੈਲ
INTERNATIONAL PAPER, 9463601616
hardipchumber57@gmail.com

# ਡੋਨਾਲਡ ਟਰੰਪ ਦਾ ਵੱਡਾ ਸੰਕੇਤ - ਉਸ ਕਾਨੂੰਨ ਦੀ ਖੋਜ ਕੀਤੀ ਜੋ ਉਸਨੂੰ ਤੀਜੀ ਵਾਰ ਰਾਸ਼ਟਰਪਤੀ ਬਣਨ ਤੋਂ ਰੋਕਦਾ ਹੈ - ਕੀ ਉਹ ਅਮਰੀਕਾ ਦੇ ਸੰਵਿਧਾਨ ਨੂੰ ਬਦਲ ਦੇਣਗੇ?



**ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ**

ਗੋਂਡੀਆ - ਅਸੀਂ ਭਾਰਤੀ ਆਪਣੇ ਬਜ਼ੁਰਗਾਂ ਤੋਂ ਪੀੜ੍ਹੀਆਂ ਤੋਂ ਸੁਣਦੇ ਆ ਰਹੇ ਹਾਂ ਕਿ ਇੱਕ ਸਮਾਂ ਸੀ ਜਦੋਂ ਧਰਤੀ 'ਤੇ ਸਤਯੁਗ ਦਾ ਦੌਰ ਸੀ, ਜਦੋਂ ਇਮਾਨਦਾਰੀ, ਨਿਰਸਵਾਰਥਤਾ, ਆਪਣਾਪਨ, ਜ਼ਿੰਮੇਵਾਰੀ, ਸਾਰੇ ਗੁਣ ਭਰਪੂਰ ਮਾਤਰਾ ਵਿੱਚ ਮੌਜੂਦ ਸਨ ਅਤੇ ਭ੍ਰਿਸ਼ਟਾਚਾਰ ਦਾ ਕੋਈ ਨਾਮੋ-ਨਿਸ਼ਾਨ ਨਹੀਂ ਸੀ, ਇੱਕੋ ਇੱਕ ਉਦੇਸ਼ ਦੂਜਿਆਂ ਲਈ ਜੀਣਾ ਸੀ, ਪਰ ਅੱਜ ਭਿਆਨਕ ਕਲਯੁਗ ਆ ਗਿਆ ਹੈ ਅਤੇ ਉਪਰੋਕਤ ਸਾਰੇ ਗੁਣ ਅਲੋਪ ਹੋ ਗਏ ਹਨ। ਭਾਵੇਂ ਇਹ ਵੱਧ ਤੋਂ ਵੱਧ ਪੱਧਰ 'ਤੇ ਹੋਵੇ, ਇਹ ਗੁਣ ਵਿਸ਼ਵ ਪੱਧਰ 'ਤੇ ਖਤਮ ਹੋ ਗਏ ਹਨ। ਅੱਜ ਅਸੀਂ ਦੇਖਦੇ ਹਾਂ ਕਿ ਭਾਵੇਂ ਇਹ ਨਿੱਜੀ ਹੋਵੇ ਜਾਂ ਪ੍ਰਸ਼ਾਸਕੀ, ਪ੍ਰਸ਼ਾਸਕੀ ਪੱਧਰ 'ਤੇ ਸਭ ਕੁਝ ਨਿੱਜੀ ਲਾਭ ਲਈ ਸੋਚਿਆ ਅਤੇ ਕੀਤਾ ਜਾ ਰਿਹਾ ਹੈ। ਵਿਸ਼ਵਾਸ, ਰੀਤੀ-ਰਿਵਾਜ ਅਤੇ ਨਿਯਮ ਨਿੱਜੀ ਜਾਂ ਪਰਿਵਾਰਕ ਲਾਭਾਂ ਲਈ ਬਦਲੇ ਜਾਂਦੇ ਹਨ। ਸਰਕਾਰ ਅਤੇ ਪ੍ਰਸ਼ਾਸਨ ਦੇ ਪੱਧਰ 'ਤੇ ਵੀ, ਆਦੇਸ਼ ਅਤੇ ਆਰਡੀਨੈਂਸ ਨਿੱਜੀ ਲਾਭ ਲਈ ਜਾਰੀ ਕੀਤੇ ਜਾਂਦੇ ਹਨ। ਸੰਵਿਧਾਨ ਵਿੱਚ ਸੋਧ ਕੀਤੀ ਜਾਂਦੀ ਹੈ। ਸੁਪਰੀਮ ਕੋਰਟ ਦੇ ਫੈਸਲੇ ਆਰਡੀਨੈਂਸਾਂ ਰਾਹੀਂ ਉਲਟਾਏ ਜਾਂਦੇ ਹਨ। ਕਾਨੂੰਨ, ਨਿਯਮ ਅਤੇ ਵਿਨਿਯਮ ਸੋਧੇ ਜਾਂਦੇ ਹਨ। ਭਾਵੇਂ ਇਸ ਨਾਲ ਜਨਤਾ ਨੂੰ ਫਾਇਦਾ ਹੋ ਸਕਦਾ ਹੈ, ਪਰ ਪਰਦੇ ਪਿੱਛੇ ਮਕਸਦ ਕੁਝ ਹੋਰ ਹੈ।ਅਸੀਂ ਵਿਸ਼ਵ ਪੱਧਰ 'ਤੇ ਇਨ੍ਹਾਂ ਆਰਡੀਨੈਂਸਾਂ ਅਤੇ ਸੰਵਿਧਾਨਕ ਸੋਧਾਂ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਦੇਖ ਸਕਦੇ ਹਾਂ; ਇਜ਼ਰਾਈਲ, ਪਾਕਿਸਤਾਨ ਆਦਿ ਦੇਸ਼ਾਂ ਵਿੱਚ ਨਿਆਂਇਕ ਸੋਧਾਂ, ਭਾਰਤ ਵਿੱਚ ਦਿੱਲੀ ਕਾਨੂੰਨ ਆਰਡੀਨੈਂਸ, ਜਿਸਨੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਉਲਟਾ ਦਿੱਤਾ। ਅੱਜ ਅਸੀਂ ਇਸ ਬਾਰੇ ਚਰਚਾ ਕਰ ਰਹੇ ਹਾਂ ਕਿਉਂਕਿ 30 ਮਾਰਚ 2025 ਨੂੰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਇੰਟਰਵਿਊ ਵਿੱਚ ਸੰਕੇਤ ਦਿੱਤਾ ਸੀ ਕਿ ਉਹ ਆਪਣੇ ਤੀਜੇ ਕਾਰਜਕਾਲ ਦੀ ਯੋਜਨਾ ਬਣਾ ਰਹੇ ਹਨ, ਜਿਸ ਲਈ ਅਮਰੀਕੀ ਸੰਵਿਧਾਨ ਵਿੱਚ ਸੋਧ ਕੀਤੀ ਜਾ ਸਕਦੀ ਹੈ। ਤੁਹਾਨੂੰ ਦੱਸ ਦੇਈਏ ਕਿ ਅਮਰੀਕਾ ਵਿੱਚ ਇੱਕ ਕਾਨੂੰਨ ਹੈ ਕਿ ਕੋਈ ਵੀ ਵਿਅਕਤੀ ਦੋ ਵਾਰ ਤੋਂ ਵੱਧ ਰਾਸ਼ਟਰਪਤੀ ਨਹੀਂ ਬਣ ਸਕਦਾ, ਭਾਵੇਂ ਇਹ ਲਗਾਤਾਰ ਹੋਵੇ ਜਾਂ ਵੱਖ-ਵੱਖ ਸਮੇਂ ਵਿੱਚ, ਇਸ ਨਿਯਮ ਨੂੰ ਸੰਵਿਧਾਨਕ ਸੋਧ ਦੁਆਰਾ ਬਦਲਿਆ ਜਾ ਸਕਦਾ ਹੈ। ਕਿਉਂਕਿ ਦੁਨੀਆ ਦੇ ਹਰ ਦੇਸ਼ ਵਿੱਚ ਕਾਨੂੰਨਾਂ ਅਤੇ ਸੰਵਿਧਾਨਾਂ ਵਿੱਚ ਕੁਝ ਕਮੀਆਂ ਦਾ ਫਾਇਦਾ ਉਠਾਉਣ ਦਾ ਇੱਕ ਵੱਡਾ ਰੁਝਾਨ ਹੈ, ਇਸ ਲਈ ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਲੇਖ ਰਾਹੀਂ ਚਰਚਾ ਕਰਾਂਗੇ, ਡੋਨਾਲਡ ਟਰੰਪ ਦੇ ਵੱਡੇ ਸੰਕੇਤ, ਉਸਨੂੰ ਤੀਜੀ ਵਾਰ ਰਾਸ਼ਟਰਪਤੀ ਬਣਨ ਤੋਂ ਰੋਕਣ ਵਾਲੇ ਕਾਨੂੰਨ ਦੀ ਖੋਜ, ਕੀ ਉਹ ਅਮਰੀਕਾ ਦੇ ਸੰਵਿਧਾਨ ਨੂੰ ਬਦਲ ਦੇਣਗੇ?

ਦੋਸਤੋ, ਜੇਕਰ ਅਸੀਂ ਟਰੰਪ ਦੇ ਆਪਣੇ ਤੀਜੇ ਕਾਰਜਕਾਲ ਲਈ ਅਮਰੀਕੀ ਸੰਵਿਧਾਨ ਨੂੰ ਬਦਲਣ ਦੇ ਬਿਆਨ ਦੀ ਗੱਲ ਕਰੀਏ, ਤਾਂ NBC ਨਿਊਜ਼ ਚੈਨਲ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ, ਉਨ੍ਹਾਂ ਨੇ ਕਿਹਾ ਕਿ ਉਹ ਰਾਸ਼ਟਰਪਤੀ ਵਜੋਂ ਤੀਜੇ ਕਾਰਜਕਾਲ 'ਤੇ ਵਿਚਾਰ ਕਰ ਰਹੇ ਹਨ ਅਤੇ ਇਸ ਲਈ ਸੰਵਿਧਾਨ ਨੂੰ ਬਦਲਣ ਬਾਰੇ ਸੋਚ ਰਹੇ ਹਨ। ਉਨ੍ਹਾਂ ਕਿਹਾ ਕਿ ਸੰਵਿਧਾਨ ਵਿੱਚ ਤੀਜੀ ਵਾਰ ਰਾਸ਼ਟਰਪਤੀ ਬਣਨ ਦੇ ਤਰੀਕੇ ਹਨ ਅਤੇ ਉਹ ਇਸ ਪ੍ਰਤੀ ਗੰਭੀਰ ਹਨ। ਇਸ ਦੌਰਾਨ ਟਰੰਪ ਤੋਂ ਪੁੱਛਿਆ ਗਿਆ ਕਿ ਉਹ ਤਰੀਕੇ ਕੀ ਹਨ? ਇਸ 'ਤੇ, ਟਰੰਪ ਨੇ ਕਿਹਾ ਕਿ ਕਈ ਤਰੀਕੇ ਹਨ ਜਿਨ੍ਹਾਂ ਨਾਲ ਤੁਸੀਂ ਇਹ ਕਰ ਸਕਦੇ ਹੋ, ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਜੇਡੀ ਵੈਂਸ ਰਾਸ਼ਟਰਪਤੀ ਚੋਣ ਲੜਨਗੇ ਅਤੇ ਚੋਣ ਜਿੱਤਣ ਤੋਂ ਬਾਅਦ, ਕੀ ਉਹ ਰਾਸ਼ਟਰਪਤੀ ਦੀ ਕੁਰਸੀ ਟਰੰਪ ਨੂੰ ਸੌਂਪ ਦੇਣਗੇ? ਟਰੰਪ ਨੇ ਜਲਦੀ ਹੀ ਕਿਹਾ ਕਿ ਇਹ ਵੀ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ ਪਰ ਇਸ ਤੋਂ ਇਲਾਵਾ ਹੋਰ ਵੀ ਕਈ ਤਰੀਕੇ ਹਨ। ਇੰਟਰਵਿਊ ਵਿੱਚ, ਜਦੋਂ ਅਮਰੀਕੀ ਰਾਸ਼ਟਰਪਤੀ ਤੋਂ ਉਨ੍ਹਾਂ ਦੇ ਤੀਜੇ ਕਾਰਜਕਾਲ ਸੰਬੰਧੀ ਉਨ੍ਹਾਂ ਦੇ ਪਿਛਲੇ ਇਸ਼ਾਰਿਆਂ ਬਾਰੇ ਪੁੱਛਿਆ ਗਿਆ, ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਉਹ ਮਜ਼ਾਕ ਨਹੀਂ ਕਰ ਰਹੇ ਸਨ। ਕੁਝ ਤਰੀਕੇ ਵੀ ਹਨ ਜਿਨ੍ਹਾਂ ਨਾਲ ਇਹ ਕੀਤਾ ਜਾ ਸਕਦਾ ਹੈ। ਡੋਨਾਲਡ ਟਰੰਪ ਨੇ ਕਿਹਾ, ਬਹੁਤ ਸਾਰੇ ਲੋਕ ਚਾਹੁੰਦੇ ਹਨ ਕਿ ਮੈਂ ਇਹ ਕਰਾਂ ਪਰ ਮੇਰਾ ਮਤਲਬ ਹੈ, ਮੈਂ ਅਸਲ ਵਿੱਚ ਉਨ੍ਹਾਂ ਨੂੰ ਦੱਸਦਾ ਹਾਂ ਕਿ ਸਾਨੂੰ ਅਜੇ ਬਹੁਤ ਲੰਮਾ ਸਫ਼ਰ ਤੈਅ ਕਰਨਾ ਹੈ, ਤੁਸੀਂ ਜਾਣਦੇ ਹੋ, ਇਹ ਪ੍ਰਸ਼ਾਸਨ ਵਿੱਚ ਬਹੁਤ ਜਲਦੀ ਹੈ। ਤੁਹਾਨੂੰ ਦੱਸ ਦੇਈਏ ਕਿ ਜੇਕਰ ਟਰੰਪ ਤੀਜੀ ਵਾਰ ਰਾਸ਼ਟਰਪਤੀ ਬਣਨ ਦੀ ਕੋਸ਼ਿਸ਼ ਕਰਦੇ ਹਨ, ਤਾਂ ਇਸਦੇ ਲਈ ਉਨ੍ਹਾਂ ਨੂੰ ਸੰਵਿਧਾਨ ਵਿੱਚ ਸੋਧ ਕਰਨੀ ਪਵੇਗੀ, ਅਜਿਹਾ ਕਰਨ ਲਈ ਉਨ੍ਹਾਂ ਨੂੰ ਅਮਰੀਕੀ ਸੰਸਦ ਅਤੇ ਰਾਜਾਂ ਦੇ ਸਮਰਥਨ ਦੀ ਲੋੜ ਹੋਵੇਗੀ। ਇਸ ਦੇ ਲਈ ਟਰੰਪ ਨੂੰ ਅਮਰੀਕੀ ਸੈਨੇਟ ਅਤੇ ਪ੍ਰਤੀਨਿਧੀ ਸਭਾ ਵਿੱਚ ਦੋ-ਤਿਹਾਈ ਬਹੁਮਤ ਨਾਲ ਬਿੱਲ ਪਾਸ ਕਰਨਾ ਪਵੇਗਾ। ਟਰੰਪ ਦਾ ਮੌਜੂਦਾ ਕਾਰਜਕਾਲ 2029 ਵਿੱਚ ਖਤਮ ਹੋਵੇਗਾ। ਅਮਰੀਕਾ ਵਿੱਚ ਦੋ ਵਾਰ ਰਾਸ਼ਟਰਪਤੀ ਬਣਨ ਦੀ ਵਿਵਸਥਾ ਹੈ। ਉਹ ਨਵੰਬਰ 2024 ਵਿੱਚ ਦੂਜੀ ਵਾਰ ਦੇਸ਼ ਦੇ ਰਾਸ਼ਟਰਪਤੀ ਚੁਣੇ ਗਏ ਸਨ। ਟਰੰਪ ਨੇ ਕਈ ਮੌਕਿਆਂ 'ਤੇ ਤੀਜੇ ਕਾਰਜਕਾਲ ਲਈ ਚੋਣ ਲੜਨ ਬਾਰੇ ਗੱਲ ਕੀਤੀ ਹੈ, ਨਵੰਬਰ ਵਿੱਚ ਚੋਣ ਜਿੱਤਣ ਤੋਂ ਬਾਅਦ ਅਤੇ ਜਨਵਰੀ ਵਿੱਚ ਅਹੁਦੇ ਦੀ ਸਹੁੰ ਚੁੱਕਣ ਤੋਂ ਪਹਿਲਾਂ। ਇਸ ਦੌਰਾਨ, ਜਨਵਰੀ ਵਿੱਚ ਹੀ, ਟਰੰਪ ਦੀ ਰਿਪਬਲਿਕਨ ਪਾਰਟੀ ਦੇ ਇੱਕ ਸੰਸਦ ਮੈਂਬਰ ਨੇ ਵੀ ਸੰਸਦ ਵਿੱਚ ਇੱਕ ਬਿੱਲ ਪੇਸ਼ ਕੀਤਾ ਸੀ। ਇਹ ਬਿੱਲ ਸੰਸਦ ਦੇ ਹੇਠਲੇ ਸਦਨ, ਪ੍ਰਤੀਨਿਧੀ ਸਭਾ ਵਿੱਚ ਪੇਸ਼ ਕੀਤਾ ਗਿਆ ਸੀ, ਤਾਂ ਜੋ ਟਰੰਪ ਨੂੰ ਤੀਜੀ ਵਾਰ ਰਾਸ਼ਟਰਪਤੀ ਬਣਨ ਦੀ ਆਗਿਆ ਦਿੱਤੀ ਜਾ ਸਕੇ। ਇਸ ਬਿੱਲ ਵਿੱਚ ਕਿਹਾ ਗਿਆ ਸੀ ਕਿ ਜੇਕਰ ਕੋਈ ਵਿਅਕਤੀ ਲਗਾਤਾਰ ਦੋ ਵਾਰ ਰਾਸ਼ਟਰਪਤੀ ਰਿਹਾ ਹੈ, ਤਾਂ ਉਹ ਤੀਜੀ ਵਾਰ ਰਾਸ਼ਟਰਪਤੀ ਦੇ ਅਹੁਦੇ ਲਈ ਨਹੀਂ ਚੁਣਿਆ ਜਾ ਸਕਦਾ, ਪਰ ਟਰੰਪ 2020 ਦੀ ਚੋਣ ਬਿਡੇਨ ਤੋਂ ਹਾਰ ਗਏ ਸਨ, ਇਸ ਲਈ ਉਹ ਤੀਜੀ ਵਾਰ ਵੀ ਰਾਸ਼ਟਰਪਤੀ ਚੁਣੇ ਜਾਣ ਦੇ ਯੋਗ ਹਨ। ਇਹ ਹੁਣ ਤੱਕ ਦਾ ਸਭ ਤੋਂ ਸਪੱਸ਼ਟ ਸੰਕੇਤ ਹੈ ਕਿ ਟਰੰਪ ਸੰਵਿਧਾਨਕ ਰੁਕਾਵਟਾਂ ਨੂੰ ਦੂਰ ਕਰਨ ਦੇ ਤਰੀਕੇ ਲੱਭਣ ਦੇ ਯੋਗ ਹੋ ਸਕਦੇ ਹਨ। 1951 ਵਿੱਚ ਸ਼ਾਮਲ ਕੀਤੇ ਗਏ ਸੰਵਿਧਾਨ ਦੇ 22ਵੇਂ ਸੋਧ ਦੇ ਤਹਿਤ, ਕੋਈ ਵੀ ਵਿਅਕਤੀ ਸੰਯੁਕਤ ਰਾਜ ਅਮਰੀਕਾ ਵਿੱਚ ਦੋ ਵਾਰ ਤੋਂ ਵੱਧ ਰਾਸ਼ਟਰਪਤੀ ਨਹੀਂ ਚੁਣਿਆ ਜਾ ਸਕਦਾ। ਅਜਿਹੀ ਸਥਿਤੀ ਵਿੱਚ, ਟਰੰਪ ਦੇ ਇਸ ਬਿਆਨ ਨੂੰ ਕਾਨੂੰਨੀ ਤੌਰ 'ਤੇ ਸ਼ੱਕੀ ਮੰਨਿਆ ਜਾ ਰਿਹਾ ਹੈ ਅਤੇ ਮਾਹਰਾਂ ਅਨੁਸਾਰ, ਇਸਨੂੰ ਲਾਗੂ ਕਰਨਾ ਲਗਭਗ ਅਸੰਭਵ ਹੋਵੇਗਾ।




**ਦੁਨੀਆ ਦੇ ਹਰ ਦੇਸ਼ ਦੇ ਕਾਨੂੰਨਾਂ ਅਤੇ ਸੰਵਿਧਾਨਾਂ ਵਿੱਚ ਕੁਝ ਖਾਸ ਕਮੀਆਂ ਦਾ ਫਾਇਦਾ ਉਠਾਉਣ ਦਾ ਰੁਝਾਨ ਵਧਿਆ ਹੈ। ਵਿਸ਼ਵ ਪੱਧਰ 'ਤੇ, ਸਰਕਾਰਾਂ ਵੱਲੋਂ ਆਰਡੀਨੈਂਸਾਂ, ਸੰਵਿਧਾਨਕ ਸੋਧਾਂ, ਗਜ਼ਟ ਵਿੱਚ ਨੋਟੀਫਿਕੇਸ਼ਨ ਆਦਿ ਰਾਹੀਂ ਆਪਣੇ ਹਿੱਤਾਂ ਦੀ ਪੂਰਤੀ ਲਈ ਵਿਸ਼ੇਸ਼ ਅਧਿਕਾਰਾਂ ਅਤੇ ਬੈਸਾਖੀ ਦੀ ਵਰਤੋਂ ਕਰਨ ਦਾ ਰੁਝਾਨ ਵਧਿਆ ਹੈ- ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ**

ਦੋਸਤੋ, ਜੇਕਰ ਅਸੀਂ ਰਾਸ਼ਟਰਪਤੀ ਬਣਨ ਲਈ ਅਮਰੀਕੀ ਸੰਵਿਧਾਨ ਦੇ ਨਿਯਮਾਂ ਦੀ ਗੱਲ ਕਰੀਏ, ਤਾਂ ਇੱਕ ਵਿਅਕਤੀ ਸਿਰਫ਼ ਦੋ ਵਾਰ ਹੀ ਰਾਸ਼ਟਰਪਤੀ ਬਣ ਸਕਦਾ ਹੈ। ਅਮਰੀਕੀ ਸੰਵਿਧਾਨ ਦੇ 22ਵੇਂ ਸੋਧ ਦੇ ਅਨੁਸਾਰ, ਅਮਰੀਕੀ ਰਾਸ਼ਟਰਪਤੀ ਦਾ ਕਾਰਜਕਾਲ ਸਿਰਫ ਦੋ ਵਾਰ ਤੱਕ ਸੀਮਤ ਹੈ ਅਤੇ ਇਹ ਚਾਰ ਸਾਲਾਂ ਲਈ ਹੈ, ਭਾਵੇਂ ਇਹ ਲਗਾਤਾਰ ਹੋਵੇ ਜਾਂ ਨਾ। ਸੰਵਿਧਾਨਕ ਸੋਧ ਨੂੰ ਉਲਟਾਉਣ ਦੇ ਪ੍ਰਸਤਾਵ ਲਈ ਕਾਂਗਰਸ ਦੇ ਹਰੇਕ ਸਦਨ ਵਿੱਚ ਦੋ-ਤਿਹਾਈ ਵੋਟ ਅਤੇ 50 ਅਮਰੀਕੀ ਰਾਜਾਂ ਵਿੱਚੋਂ ਤਿੰਨ-ਚੌਥਾਈ ਵਿਧਾਨ ਸਭਾਵਾਂ ਦੇ ਸਮਰਥਨ ਦੀ ਲੋੜ ਹੁੰਦੀ ਹੈ। 22ਵੀਂ ਸੋਧ ਪਾਸ ਹੋਣ ਤੋਂ ਬਾਅਦ ਕਿਸੇ ਵੀ ਅਮਰੀਕੀ ਰਾਸ਼ਟਰਪਤੀ ਨੇ ਤੀਜਾ ਕਾਰਜਕਾਲ ਨਹੀਂ ਮੰਗਿਆ। ਇਹ ਪਰੰਪਰਾ ਪਹਿਲਾਂ ਮੌਜੂਦ ਨਹੀਂ ਸੀ। ਦੋ ਵਾਰ ਰਾਸ਼ਟਰਪਤੀ ਰਹਿਣ ਦੀ ਪਰੰਪਰਾ 1796 ਤੋਂ ਸ਼ੁਰੂ ਹੋਈ ਹੈ, ਜਦੋਂ ਜਾਰਜ ਵਾਸ਼ਿੰਗਟਨ ਨੇ ਦੋ ਵਾਰ ਸੇਵਾ ਕਰਨ ਤੋਂ ਬਾਅਦ ਸਵੈ-ਇੱਛਾ ਨਾਲ ਅਸਤੀਫਾ ਦੇ ਦਿੱਤਾ ਸੀ। ਇਸ ਤੋਂ ਬਾਅਦ ਇੱਕ ਨਵੀਂ ਮਿਸਾਲ ਕਾਇਮ ਹੋਈ। ਇਸਦਾ ਪਾਲਣ 140 ਸਾਲਾਂ ਤੋਂ ਵੱਧ ਸਮੇਂ ਤੱਕ ਕੀਤਾ ਗਿਆ। ਨੌਰਥਈਸਟਰਨ ਯੂਨੀਵਰਸਿਟੀ ਦੇ ਇੱਕ ਸੰਵਿਧਾਨਕ ਕਾਨੂੰਨ ਮਾਹਰ ਦਾ ਕਹਿਣਾ ਹੈ ਕਿ ਟਰੰਪ ਦੇ ਤੀਜੀ ਵਾਰ ਰਾਸ਼ਟਰਪਤੀ ਬਣਨ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ, ਜਦੋਂ ਕਿ ਯੂਨੀਵਰਸਿਟੀ ਦੇ ਚੋਣ ਕਾਨੂੰਨ ਦੇ ਪ੍ਰੋਫੈਸਰ ਮੂਲਰ ਨੇ ਕਿਹਾ ਕਿ 12ਵੇਂ ਸੋਧ ਦੇ ਤਹਿਤ, ਜੇਕਰ ਕੋਈ ਵਿਅਕਤੀ ਰਾਸ਼ਟਰਪਤੀ ਬਣਨ ਦੇ ਅਯੋਗ ਹੈ, ਤਾਂ ਉਹ ਉਪ ਰਾਸ਼ਟਰਪਤੀ ਵੀ ਨਹੀਂ ਬਣ ਸਕਦਾ। ਮੂਲਰ ਨੇ ਇਹ ਵੀ ਕਿਹਾ ਕਿ ਰਾਸ਼ਟਰਪਤੀ ਦੇ ਕਾਰਜਕਾਲ ਦੀਆਂ ਸੀਮਾਵਾਂ ਨੂੰ ਪਾਰ ਕਰਨ ਦਾ ਕੋਈ ਜਾਦੂਈ ਤਰੀਕਾ ਨਹੀਂ ਹੈ। ਟਰੰਪ ਨੇ ਦਾਅਵਾ ਕੀਤਾ ਕਿ ਉਹ ਅਮਰੀਕਾ ਵਿੱਚ ਹੁਣ ਤੱਕ ਦੇ ਸਭ ਤੋਂ ਮਸ਼ਹੂਰ ਰਿਪਬਲਿਕਨ ਨੇਤਾ ਹਨ। ਹਾਲਾਂਕਿ, ਗੈਲਪ ਪੋਲ ਦੇ ਅੰਕੜਿਆਂ ਅਨੁਸਾਰ, ਜਾਰਜ ਡਬਲਯੂ. ਬੁਸ਼ 9/11 ਤੋਂ ਬਾਅਦ ਸਭ ਤੋਂ ਮਸ਼ਹੂਰ ਰਿਪਬਲਿਕਨ ਨੇਤਾ ਸਨ। ਬੁਸ਼ ਦੀ ਪ੍ਰਸਿੱਧੀ 90 ਪ੍ਰਤੀਸ਼ਤ ਤੱਕ ਪਹੁੰਚ ਗਈ ਸੀ, ਜੋ ਟਰੰਪ ਦੇ ਦਾਅਵੇ ਨੂੰ ਗਲਤ ਸਾਬਤ ਕਰਦੀ ਹੈ। ਹਾਲਾਂਕਿ ਟਰੰਪ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਸ 'ਤੇ ਵਿਚਾਰ ਕਰਨਾ ਅਜੇ ਜਲਦੀ ਹੋਵੇਗਾ, ਪਰ ਉਨ੍ਹਾਂ ਦੇ ਬਿਆਨ ਨੇ ਰਾਜਨੀਤਿਕ ਅਤੇ ਕਾਨੂੰਨੀ ਹਲਕਿਆਂ ਵਿੱਚ ਹਲਚਲ ਮਚਾ ਦਿੱਤੀ ਹੈ। ਤੁਹਾਨੂੰ ਦੱਸ ਦੇਈਏ ਕਿ ਟਰੰਪ ਆਪਣੇ ਦੂਜੇ ਕਾਰਜਕਾਲ ਦੇ ਅੰਤ 'ਤੇ 82 ਸਾਲ ਦੇ ਹੋਣਗੇ। ਅਜਿਹੀ ਸਥਿਤੀ ਵਿੱਚ, ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਉਸ ਸਮੇਂ ਦੀ ਸਭ ਤੋਂ ਔਖੀ ਨੌਕਰੀ ਵਿੱਚ ਦੇਸ਼ ਦੀ ਸੇਵਾ ਕਰਦੇ ਰਹਿਣਾ ਚਾਹੁਣਗੇ, ਤਾਂ ਉਨ੍ਹਾਂ ਕਿਹਾ, ਖੈਰ, ਮੈਨੂੰ ਕੰਮ ਕਰਨਾ ਪਸੰਦ ਹੈ।

ਦੋਸਤੋ, ਜੇਕਰ ਅਸੀਂ ਉੱਤਰਾਧਿਕਾਰ ਦੇ ਦ੍ਰਿਸ਼ਟੀਕੋਣ ਤੋਂ ਤੀਜੀ ਵਾਰ ਰਾਸ਼ਟਰਪਤੀ ਬਣਨ ਦੀ ਨੀਤੀ ਦੀ ਗੱਲ ਕਰੀਏ, ਤਾਂ ਟਰੰਪ ਦੇ ਤੀਜੀ ਵਾਰ ਰਾਸ਼ਟਰਪਤੀ ਬਣਨ ਦਾ ਮੁੱਦਾ ਇਸ ਲਈ ਉੱਠਿਆ ਹੈ ਕਿਉਂਕਿ ਅਮਰੀਕੀ ਸੰਵਿਧਾਨ ਵਿੱਚ ਇੱਕ ਖਾਮੀ ਹੈ ਜਿਸ ਕਾਰਨ ਇਹ ਸੰਭਵ ਹੋ ਸਕਦਾ ਹੈ। ਦਰਅਸਲ, 22ਵੇਂ ਸੋਧ ਦੇ ਅਨੁਸਾਰ, ਅਮਰੀਕਾ ਦਾ ਰਾਸ਼ਟਰਪਤੀ ਦੋ ਵਾਰ ਤੋਂ ਵੱਧ ਨਹੀਂ ਚੁਣਿਆ ਜਾ ਸਕਦਾ, ਪਰ ਉਹ ਉੱਤਰਾਧਿਕਾਰ ਦੀ ਪ੍ਰਕਿਰਿਆ ਰਾਹੀਂ ਇਹ ਭੂਮਿਕਾ ਦੁਬਾਰਾ ਨਿਭਾ ਸਕਦਾ ਹੈ। ਉੱਤਰਾਧਿਕਾਰ ਦੀ ਪ੍ਰਕਿਰਿਆ ਕਿਵੇਂ ਕੰਮ ਕਰਦੀ ਹੈ, ਇਹ ਇੱਕ ਪ੍ਰਕਿਰਿਆ ਰਾਹੀਂ ਸਮਝਿਆ ਜਾ ਸਕਦਾ ਹੈ। ਦਰਅਸਲ, ਅਮਰੀਕੀ ਸੰਵਿਧਾਨ ਦੇ 22ਵੇਂ ਸੋਧ ਦੇ ਅਨੁਸਾਰ, ਇੱਕ ਰਾਸ਼ਟਰਪਤੀ ਜੋ ਦੋ ਵਾਰ ਚੁਣਿਆ ਗਿਆ ਹੈ, ਉਹ ਤੀਜੇ ਉੱਤਰਾਧਿਕਾਰੀ ਵਜੋਂ ਇਹ ਜ਼ਿੰਮੇਵਾਰੀ ਨਿਭਾ ਸਕਦਾ ਹੈ। ਜੇਕਰ ਟਰੰਪ ਦੂਜੇ ਕਾਰਜਕਾਲ ਦੀ ਸਮਾਪਤੀ ਤੋਂ ਬਾਅਦ ਉਪ ਰਾਸ਼ਟਰਪਤੀ ਦੀ ਚੋਣ ਲੜਦੇ ਹਨ ਅਤੇ ਉਨ੍ਹਾਂ ਦਾ ਸਾਥੀ ਜਿੱਤਣ ਤੋਂ ਬਾਅਦ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੰਦਾ ਹੈ, ਤਾਂ ਉਹ ਉੱਤਰਾਧਿਕਾਰੀ ਵਜੋਂ ਤੀਜੀ ਵਾਰ ਰਾਸ਼ਟਰਪਤੀ ਦੀ ਭੂਮਿਕਾ ਨਿਭਾ ਸਕਦੇ ਹਨ। ਡੇਲੀ ਮੇਲ ਦੀ ਰਿਪੋਰਟ ਦੇ ਅਨੁਸਾਰ, ਜੇਕਰ ਰਾਸ਼ਟਰਪਤੀ ਟਰੰਪ ਇਸ ਰਣਨੀਤੀ 'ਤੇ ਚੱਲਦੇ ਹਨ, ਤਾਂ ਉਹ 2029 ਤੋਂ ਬਾਅਦ ਅਤੇ ਸੰਭਵ ਤੌਰ 'ਤੇ 2037 ਤੱਕ ਵ੍ਹਾਈਟ ਹਾਊਸ ਵਿੱਚ ਕੰਮ ਕਰਨਾ ਜਾਰੀ ਰੱਖ ਸਕਦੇ ਹਨ। ਟਰੰਪ ਦੀ ਤੀਜੀ ਵਾਰ ਰਾਸ਼ਟਰਪਤੀ ਬਣਨ ਦੀ ਮੁੱਖ ਰਣਨੀਤੀ ਇਹ ਹੋ ਸਕਦੀ ਹੈ ਕਿ ਟਰੰਪ ਆਪਣੇ ਭਰੋਸੇਮੰਦ ਸਾਥੀ ਜੇਡੀ ਵੈਂਸ ਵਰਗੇ ਕਿਸੇ ਵਿਅਕਤੀ ਨੂੰ 2028 ਵਿੱਚ ਰਾਸ਼ਟਰਪਤੀ ਚੋਣ ਲੜਾਵੇ ਅਤੇ ਜੇਕਰ ਵੈਂਸ ਚੋਣ ਜਿੱਤਣ ਤੋਂ ਬਾਅਦ ਅਸਤੀਫਾ ਦੇ ਦਿੰਦਾ ਹੈ, ਤਾਂ ਟਰੰਪ ਅਗਲੇ ਕਾਰਜਕਾਲ ਲਈ ਰਾਸ਼ਟਰਪਤੀ ਰਹਿ ਸਕਦੇ ਹਨ। ਇਹ ਇੱਕ ਅਜਿਹੀ ਰਣਨੀਤੀ ਹੈ ਜੋ ਦੋ ਵਾਰ ਤੋਂ ਵੱਧ ਰਾਸ਼ਟਰਪਤੀ ਚੁਣੇ ਜਾਣ 'ਤੇ ਸੰਵਿਧਾਨਕ ਪਾਬੰਦੀ ਦੀ ਉਲੰਘਣਾ ਨਹੀਂ ਕਰੇਗੀ। ਟਰੰਪ 2032 ਵਿੱਚ ਇਸ ਪ੍ਰਕਿਰਿਆ ਨੂੰ ਦੁਹਰਾ ਸਕਦੇ ਹਨ, ਅਤੇ ਜੇਕਰ ਉਹ ਚੋਣਾਂ ਤੋਂ ਪਹਿਲਾਂ ਅਸਤੀਫਾ ਦੇ ਦਿੰਦੇ ਹਨ, ਤਾਂ ਉਹ ਉਪ ਰਾਸ਼ਟਰਪਤੀ ਵਜੋਂ ਦੁਬਾਰਾ ਚੋਣ ਲੜ ਸਕਦੇ ਹਨ ਅਤੇ ਉੱਤਰਾਧਿਕਾਰ ਦੀ ਉਸੇ ਪ੍ਰਕਿਰਿਆ ਦੀ ਵਰਤੋਂ ਕਰਕੇ ਆਪਣਾ ਰਾਸ਼ਟਰਪਤੀ ਅਹੁਦਾ ਮੁੜ ਪ੍ਰਾਪਤ ਕਰ ਸਕਦੇ ਹਨ।

ਇਸ ਲਈ, ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਡੋਨਾਲਡ ਟਰੰਪ ਦਾ ਵੱਡਾ ਸੰਕੇਤ - ਉਸ ਕਾਨੂੰਨ ਦੀ ਖੋਜ ਕੀਤੀ ਜੋ ਉਸਨੂੰ ਤੀਜੀ ਵਾਰ ਰਾਸ਼ਟਰਪਤੀ ਬਣਨ ਤੋਂ ਰੋਕਦਾ ਹੈ - ਕੀ ਉਹ ਅਮਰੀਕਾ ਦੇ ਸੰਵਿਧਾਨ ਨੂੰ ਬਦਲਣਗੇ? ਦੁਨੀਆ ਦੇ ਹਰ ਦੇਸ਼ ਦੇ ਕਾਨੂੰਨਾਂ ਅਤੇ ਸੰਵਿਧਾਨਾਂ ਵਿੱਚ ਕੁਝ ਕਮੀਆਂ ਦਾ ਫਾਇਦਾ ਲੀਕੇਜ ਦੇ ਰੂਪ ਵਿੱਚ ਲੈਣ ਦਾ ਰੁਝਾਨ ਵਧਿਆ। ਵਿਸ਼ਵ ਪੱਧਰ 'ਤੇ, ਸਰਕਾਰਾਂ ਵੱਲੋਂ ਆਪਣੇ ਹਿੱਤਾਂ ਦੀ ਪੂਰਤੀ ਲਈ ਆਰਡੀਨੈਂਸ, ਸੰਵਿਧਾਨਕ ਸੋਧਾਂ, ਗਜ਼ਟ ਵਿੱਚ ਨੋਟੀਫਿਕੇਸ਼ਨ ਆਦਿ ਵਰਗੇ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਨ ਦਾ ਰੁਝਾਨ ਵਧਿਆ।

-ਕੰਪਾਈਲਰ ਲੇਖਕ - ਕਰ ਮਾਹਿਰ ਕਾਲਮਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ(ਏ.ਟੀ.ਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ 9284141425

# ਸ਼ਹੀਦ ਭਾਈ ਮਤੀ ਦਾਸ ਸਕੂਲ ਆਫ਼ ਐਮੀਨੈਂਸ ਲੌਂਗੋਵਾਲ ਦਾ ਸਾਲਾਨਾ ਨਤੀਜਾ ਘੋਸ਼ਿਤ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਅਪਰੈਲ
INTERNATIONAL PAPER, 9463601616
hardipchumber57@gmail.com

ਲੌਂਗੋਵਾਲ,1 ਅਪ੍ਰੈਲ (ਜਗਸੀਰ ਸਿੰਘ) - ਸ਼ਹੀਦ ਭਾਈ ਮਤੀ ਦਾਸ ਸਕੂਲ ਆਫ਼ ਐਮੀਨੈਂਸ , ਲੌਂਗੋਵਾਲ (ਐਸ.ਬੀ.ਐਮ. ਡੀ.ਐਸ.ਓ.ਈ.), ਵਿੱਚ ਪੇਰੈਂਟਸ ਟੀਚਰ ਮੀਟਿੰਗ (ਪੀ.ਟੀ.ਐਮ.) ਦਾ ਆਯੋਜਨ ਕੀਤਾ ਗਿਆ, ਜਿਸ ਦੀ ਅਗਵਾਈ ਪ੍ਰਿੰਸੀਪਲ ਬਿਪਨ ਕੁਮਾਰ ਨੇ ਕੀਤੀ। ਇਸ ਮੌਕੇ, 6ਵੀ 7ਵੀ, 9 ਵੀ ਅਤੇ 11ਵੀਂ ਕਲਾਸਾਂ ਦੇ 100% ਨਤੀਜੇ ਦਾ ਐਲਾਨ ਹੋਣ 'ਤੇ ਮਾਪਿਆਂ ਅਤੇ ਅਧਿਆਪਕਾਂ ਵਿੱਚ ਬੇਹੱਦ ਉਤਸ਼ਾਹ ਅਤੇ ਖੁਸ਼ੀ ਦਿਖਾਈ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਦੀ ਮਿਹਨਤ ਅਤੇ ਸਿੱਖਿਆ ਪ੍ਰਤੀ ਸਮਰਪਣ ਦੀ ਭਰਪੂਰ ਸ਼ਲਾਘਾ ਕੀਤੀ।

ਇਸ ਮੌਕੇ ਨਗਰ ਕੌਂਸਲ ਲੌਂਗੋਵਾਲ ਦੇ ਪ੍ਰਧਾਨ ਸ਼੍ਰੀਮਤੀ ਪਰਮਿੰਦਰ ਕੌਰ ਬਰਾੜ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕਮਲ ਬਰਾੜ ਅਤੇ ਐਸ.ਐਮ.ਸੀ. ਮੈਂਬਰ ਕੁਲਦੀਪ ਸਿੰਘ ਬੰਟੀ ਮਾਨ (ਸਮਾਜ ਸੇਵੀ), ਗੁਰਮੇਲ ਸਿੰਘ, ਰਾਮ ਸਿੰਘ, ਪਰਮਜੀਤ ਕੌਰ, ਬਿੰਦਰ ਕੌਰ ਅਤੇ ਕਿਰਨਾ ਵੀ ਮੌਜੂਦ ਸਨ। ਉਨ੍ਹਾਂ ਨੇ ਇਨਾਮ ਵੰਡ ਸਮਾਰੋਹ ਵਿੱਚ ਸ਼ਾਮਿਲ ਹੋ ਕੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਇਸ ਦੌਰਾਨ ਸ਼ਹੀਦ ਉਧਮ ਸਿੰਘ ਸਪੋਰਟਸ ਕਲੱਬ, ਲੌਂਗੋਵਾਲ ਵੱਲੋਂ ਪ੍ਰਿੰਸੀਪਲ ਬਿਪਨ ਕੁਮਾਰ ਨੂੰ ਵਿਦਿਆ ਦੇ ਖੇਤਰ ਵਿੱਚ ਸਕੂਲ ਲਈ ਕੀਤੇ ਕਾਰਜਾਂ ਲਈ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ।ਇਸ ਵਿਸ਼ੇਸ਼ ਮੌਕੇ 'ਤੇ ਨਰਿੰਦਰ ਸਿੰਘ, ਵਿੱਕੀ ਸਿੰਘ, ਅਕਸ਼ੀ ਸਿੱਧੂ ਅਤੇ ਕਾਲੂ ਦੁਲਟ ਵੀ ਹਾਜ਼ਰ ਰਹੇ। ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਅਟੁੱਟ ਲਗਨ ਅਤੇ ਦ੍ਰਿੜ੍ਹ ਇਰਾਦੇ ਨੇ ਇਸ ਸ਼ਾਨਦਾਰ ਸਫਲਤਾ ਨੂੰ ਸੰਭਵ ਬਣਾਇਆ। 100% ਨਤੀਜਾ ਸਕੂਲ ਦੀ ਉੱਚ ਕੋਟੀ ਦੀ ਗੁਣਵੱਤਾ ਅਤੇ ਚੌਣਵੇਂ ਵਿਕਾਸ ਪ੍ਰਤੀ ਸਮਰਪਣ ਨੂੰ ਦਰਸਾਉਂਦਾ ਹੈ।



# ਜਾਅਲੀ ਦਾਖਲਿਆਂ ਦੇ ਭ੍ਰਿਸ਼ਟਾਚਾਰ ਦੇ ਮਾਮਲੇ 'ਤੇ ਡੀ.ਟੀ.ਐੱਫ. ਨੇ ਕੀਤਾ ਪ੍ਰਦਰਸ਼ਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਸੰਗਰੂਰ,1 ਅਪ੍ਰੈਲ (ਜਗਸੀਰ ਲੌਂਗੋਵਾਲ )- ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੀ ਸੰਗਰੂਰ ਇਕਾਈ ਵੱਲੋਂ ਅੱਜ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਡੀ.ਈ.ਓ.(ਐ.ਸਿੱ.) ਵਿਰੁੱਧ ਰੋਸ ਧਰਨਾ ਦਿੱਤਾ ਗਿਆ। ਇਸ ਧਰਨੇ ਵਿੱਚ ਜ਼ਿਲ੍ਹੇ ਵਿੱਚੋਂ ਵੱਡੀ ਗਿਣਤੀ ਵਿੱਚ ਅਧਿਆਪਕ ਅਤੇ ਭਰਾਤਰੀ ਜਥੇਬੰਦੀਆਂ ਦੇ ਆਗੂ/ਕਾਰਕੁਨ ਸ਼ਾਮਿਲ ਹੋਏ। ਧਰਨੇ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੀ ਜ਼ਿਲ੍ਹਾ ਇਕਾਈ ਦੇ ਪ੍ਰਧਾਨ ਦਾਤਾ ਸਿੰਘ ਨਮੋਲ, ਸਕੱਤਰ ਹਰਭਗਵਾਨ ਗੁਰਨੇ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ, ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਜ਼ਿਲ੍ਹਾ ਪ੍ਰੈੱਸ ਸਕੱਤਰ ਜਸਬੀਰ ਨਮੋਲ,ਬਲਾਕ ਆਗੂ ਗਗਨਦੀਪ ਧੂਰੀ,ਗੁਰਪ੍ਰੀਤ ਪਿਸ਼ੌਰ,ਮਹਿੰਦਰ ਪ੍ਰਤਾਪ,6505 ਅਧਿਆਪਕ ਜਥੇਬੰਦੀ ਦੇ ਆਗੂ ਸੰਸਾਰ ਸਿੰਘ,ਖੇਤੀਬਾੜੀ ਵਿਕਾਸ ਫਰੰਟ ਦੇ ਗੁਰਚਰਨ ਸਿੰਘ,ਤਰਕਸ਼ੀਲ ਸੁਸਾਇਟੀ ਦੇ ਸੂਬਾ ਆਗੂ ਮਾਸਟਰ ਪਰਮਵੇਦ,ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਬਲਜੀਤ ਨਮੋਲ,ਪੈਨਸ਼ਨਰ ਆਗੂ ਪਵਨ ਕੁਮਾਰ,ਅੰਬੇਦਕਰ ਸਿੱਖਿਆ ਮੰਚ ਦੇ ਆਗੂ ਸੁਰਿੰਦਰ ਰਾਣਾ,ਅਦਾਰਾ ਤਰਕਸ਼ ਦੇ ਇਨਜਿੰਦਰ,ਜਮਹੂਰੀ ਅਧਿਕਾਰ ਸਭਾ ਦੇ ਆਗੂ ਵਿਸ਼ਵ ਕਾਂਤ,ਲੋਕ ਕ੍ਰਾਂਤੀਕਾਰੀ ਮੰਚ ਦੇ ਆਗੂ ਵਿੱਕੀ ਪਰੋਚਾ ਨੇ ਕਿਹਾ ਕਿ ਬੀਤੇ ਜਨਵਰੀ ਮਹੀਨੇ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਸੇਹੀਆਂ ਬਲਾਕ ਸੰਗਰੂਰ-1 ਦੀ ਇੰਚਾਰਜ ਅਧਿਆਪਕਾ ਵੱਲੋਂ ਡੀ.ਈ.ਓ. ਨੂੰ ਸ਼ਿਕਾਇਤ ਦਿੱਤੀ ਗਈ ਸੀ ਕਿ ਬਲਾਕ ਦੇ ਬੀ.ਪੀ.ਈ.ਓ. ਵੱਲੋਂ ਉਸਦੇ ਸਕੂਲ ਦੇ ਈ-ਪੰਜਾਬ ਪੋਰਟਲ ਉੱਤੇ 33 ਫਰਜ਼ੀ ਵਿਦਿਆਰਥੀ ਦਾਖਲ ਕਰ ਦਿੱਤੇ ਗਏ ਸਨ ਜਿਹਨਾਂ ਦਾ ਕੋਈ ਰਿਕਾਰਡ ਨਹੀਂ ਸੀ। ਇਹ ਸਾਰੇ ਦਾਖਲੇ ਇੱਕ ਦਿਨ ਵਿੱਚ ਹੀ ਕੀਤੇ ਗਏ ਸਨ। ਇਸੇ ਤਰ੍ਹਾਂ ਹੀ ਸਰਕਾਰੀ ਪ੍ਰਾਇਮਰੀ ਸਕੂਲ ਰੁਲਦੂ ਸਿੰਘ ਵਾਲਾ ਬਲਾਕ ਧੂਰੀ ਦੀ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਇਸ ਸਕੂਲ ਵਿੱਚ ਦਸੰਬਰ ਦੀਆਂ ਛੁੱਟੀਆਂ ਵਿੱਚ 19 ਵਿਦਿਆਰਥੀਆਂ ਦਾ ਫਰਜ਼ੀ ਦਾਖਲਾ ਕਰ ਦਿੱਤਾ ਗਿਆ। ਇਹ ਜਾਅਲੀ ਦਾਖਲੇ ਇਸ ਲਈ ਕੀਤੇ ਗਏ ਤਾਂ ਕਿ ਜ਼ਿਲ੍ਹੇ ਵਿੱਚ ਹੋ ਰਹੀਆਂ ਈਟੀਟੀ ਤੋਂ ਹੈੱਡ ਟੀਚਰਾਂ ਦੀਆਂ ਤਰੱਕੀਆਂ ਦੌਰਾਨ ਇਹਨਾਂ ਬਲਾਕ ਅਤੇ ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਦੇ ਚਹੇਤੇ ਅਧਿਆਪਕਾਂ ਨੂੰ ਉਹਨਾਂ ਦੇ ਘਰ ਦੇ ਨੇੜੇ ਫਿੱਟ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਇੱਕ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਹੈੱਡ ਟੀਚਰ ਦੀ ਅਸਾਮੀ ਉਦੋਂ ਬਣਦੀ ਹੈ ਕਿ ਜਦੋਂ ਸਕੂਲ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ 60 ਤੋਂ ਵੱਧ ਹੋਵੇ।ਇਸ ਮਾਮਲੇ ਵਿੱਚ ਡੀ.ਈ.ਓ. ਐਲੀਮੈਂਟਰੀ ਦੀ ਭੂਮਿਕਾ ਵੀ ਡੂੰਘੇ ਸ਼ੱਕ ਦੇ ਘੇਰੇ ਵਿੱਚ ਹੈ ਕਿਉਂਕਿ ਉਸਨੇ ਇਹਨਾਂ ਸਕੂਲਾਂ ਵਿੱਚ ਸੈਸ਼ਨ ਦੇ ਅੰਤ 'ਤੇ, ਇੱਥੋਂ ਤੱਕ ਕਿ ਛੁੱਟੀਆਂ ਵਿੱਚ ਦਾਖਲੇ ਹੋਣ ਉੱਤੇ ਕੋਈ ਸ਼ੰਕਾ ਪ੍ਰਗਟ ਨਹੀਂ ਕੀਤੀ ਬਲਕਿ ਉਸਨੇ ਉਸੇ ਦਿਨ ਸਕੂਲਾਂ ਵਿੱਚ ਹੈੱਡ ਟੀਚਰ ਦੀ ਅਸਾਮੀ ਮਨਜ਼ੂਰ ਕਰਕੇ ਨਵੇਂ ਪਦਉੱਨਤ ਹੋਏ ਹੈੱਡ ਟੀਚਰਾਂ ਨੂੰ ਉਹਨਾਂ ਉੱਤੇ ਐਡਜਸਟ ਕਰ ਦਿੱਤਾ। ਇਸੇ ਕਾਰਨ ਡੀ.ਈ.ਓ. ਵੱਲੋਂ ਇਸ ਮਾਮਲੇ ਦੀ ਜਾਂਚ ਵਿੱਚ ਬੇਨਿਯਮੀਆਂ ਕੀਤੀਆਂ ਅਤੇ ਜਾਂਚ ਅਫ਼ਸਰਾਂ ਨੇ ਇਸ ਅਧਿਕਾਰੀ ਦੇ ਇਸ਼ਾਰੇ ਉੱਤੇ ਮਾਮਲੇ ਨੂੰ ਦਬਾਉਣ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ। ਇੱਕ ਜਾਂਚ ਅਧਿਕਾਰੀ ਵੱਲੋਂ ਤਾਂ ਸਗੋਂ ਜਾਂਚ ਦੇ ਦੌਰਾਨ ਸ਼ਿਕਾਇਤ ਕਰਤਾ ਅਧਿਆਪਕਾ ਦੇ ਫੋਨ ਵਿੱਚੋਂ ਇਸ ਮਾਮਲੇ ਨਾਲ ਸਬੰਧਤ ਅਹਿਮ ਸਬੂਤ ਮਿਟਾ ਦਿੱਤੇ। ਜਦੋਂ ਅਧਿਆਪਕਾ ਅਤੇ ਜਥੇਬੰਦੀ ਵੱਲੋਂ ਜਾਂਚ ਅਧਿਕਾਰੀ ਬਦਲਣ ਸਬੰਧੀ ਅਰਜ਼ੀ ਦਿੱਤੀ ਤਾਂ ਡੀ.ਈ.ਓ. ਵੱਲੋਂ ਅਜਿਹਾ ਕਰਨ ਦੀ ਥਾਂ ਅੰਦਰ ਖਾਤੇ ਉਹਨਾਂ ਹੀ ਜਾਂਚ ਅਧਿਕਾਰੀਆਂ ਵੱਲੋਂ ਇਸ ਮਾਮਲੇ ਨੂੰ ਰਫ਼ਾ-ਦਫ਼ਾ ਕਰਵਾ ਦਿੱਤਾ। ਇਸ ਤਰ੍ਹਾਂ ਜਿੱਥੇ ਇਸ ਮਾਮਲੇ ਵਿੱਚ ਇਹਨਾਂ ਜ਼ਿਲ੍ਹਾ ਅਤੇ ਬਲਾਕ ਪੱਧਰ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਵੱਡੀ ਰਿਸ਼ਵਤਖੋਰੀ ਦੀ ਸੰਭਾਵਨਾ ਹੈ ਉੱਥੇ ਹੀ ਜਾਅਲੀ ਅਸਾਮੀ ਬਣਾ ਕੇ ਸਰਕਾਰੀ ਖਜਾਨੇ ਨੂੰ ਵੱਡਾ ਚੂਨਾ ਵੀ ਲਗਾਇਆ ਗਿਆ ਹੈ। ਡੀ.ਟੀ.ਐੱਫ. ਵੱਲੋਂ ਇਸ ਮਾਮਲੇ ਦੀ ਸ਼ਿਕਾਇਤ ਕੈਬਨਿਟ ਮੰਤਰੀ ਅਮਨ ਅਰੋੜਾ,ਸਿੱਖਿਆ ਮੰਤਰੀ,ਮੁੱਖ ਮੰਤਰੀ ਨੂੰ ਦਿੱਤੀ ਗਈ ਹੈ ਪ੍ਰੰਤੂ ਉਹਨਾਂ ਵੱਲੋਂ ਹਾਲੇ ਤੱਕ ਇਸ ਮਾਮਲੇ ਵਿੱਚ ਕੁਝ ਵੀ ਨਹੀਂ ਕੀਤਾ ਗਿਆ ਹੈ। ਇਹ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ 'ਜ਼ੀਰੋ ਟੋਲਰੈਂਸ ਨੀਤੀ' ਉੱਤੇ ਗੰਭੀਰ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ।ਜਥੇਬੰਦੀ ਵੱਲੋਂ ਸਾਈਬਰ ਸੈੱਲ ਸੰਗਰੂਰ ਅਤੇ ਵਿਜੀਲੈਂਸ ਬਿਓਰੋ ਸੰਗਰੂਰ ਨੂੰ ਵੀ ਸ਼ਿਕਾਇਤ ਦਿੱਤੀ ਗਈ ਹੈ। ਜਥੇਬੰਦੀ ਵੱਲੋਂ ਇਹ ਧਰਨਾ



ਡੀ.ਈ.ਓ. ਦਫ਼ਤਰ ਦੀ ਮਾੜੀ ਨੀਅਤ ਦਾ ਪਰਦਾਫਾਸ਼ ਕਰਨ ਲਈ ਲਾਇਆ ਗਿਆ ਹੈ। ਧਰਨੇ ਵਿੱਚ ਆਗੂਆਂ ਵੱਲੋਂ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਸ ਮਾਮਲੇ ਦੀ ਜਾਂਚ ਨਿਰਪੱਖ ਅਧਿਕਾਰੀ ਲਗਾ ਕੇ ਕਰਵਾਈ ਜਾਵੇ ਅਤੇ ਸਾਈਬਰ ਅਤੇ ਵਿਜੀਲੈਂਸ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਭਰਾਤਰੀ ਜਥੇਬੰਦੀਆਂ ਵੱਲੋਂ ਇਸ ਮਾਮਲੇ ਵਿੱਚ ਇਕਜੁੱਟਤਾ ਪ੍ਰਗਟਾਈ ਗਈ। ਬੁਲਾਰਿਆਂ ਵੱਲੋਂ ਚੇਤਾਵਨੀ ਦਿੱਤੀ ਗਈ ਕਿ ਜੇਕਰ ਇਸ ਮਾਮਲੇ ਦੀ ਜਾਂਚ ਸਹੀ ਤਰੀਕੇ ਨਾਲ ਦੁਬਾਰਾ ਸ਼ੁਰੂ ਨਾ ਕੀਤੀ ਗਈ ਤਾਂ ਭਵਿੱਖ ਵਿੱਚ ਘੋਲ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਇਸ ਮਾਮਲੇ ਵਿੱਚ ਇਨਸਾਫ ਹੋਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ।

# ਜਨਮ ਦਿਨ ਤੇ ਵਿਸ਼ੇਸ਼ - ਗਰੀਬ ਲੋਕਾਂ ਦੇ ਹੱਕਾਂ ਲਈ ਲੜਨ ਵਾਲੀ ਸਖਸ਼ੀਅਤ ਹੈ -ਮੱਖਣ ਸ਼ਾਹਪੁਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਅੱਜ ਦੇ ਸਮੇਂ ਵਿੱਚ ਚੜ੍ਹਦੇ ਸੂਰਜ ਨੂੰ ਸਲਾਮ ਕਰਨ ਵਾਲੇ ਅਤੇ ਅਮੀਰ ਧਨਾੜ ਲੋਕਾਂ ਦੀ ਹਾਂ ਚ ਹਾਂ ਮਿਲਾਉਣ ਵਾਲੇ ਆਗੂਆਂ ਦਾ ਦੋਰ ਹੈ ਪਰ ਹਮੇਸ਼ਾ ਹਵਾਵਾਂ ਦੇ ਉਲਟ ਤੇ ਗਰੀਬ ਲੋਕ ਦੇ ਹੱਕਾਂ ਲਈ ਹਿੱਕ ਤਾਣ ਕੇ ਲੜਨ ਤੇ ਖੜਨ ਵਾਲੀ ਸਖਸ਼ੀਅਤ ਦਾ ਨਾਂ ਮੱਖਣ ਸ਼ਾਹਪੁਰ ਹੈ

ਸਰਦਾਰ ਕਰਨੈਲ ਸਿੰਘ ਦੇ ਘਰ 2 ਅਪ੍ਰੈਲ ਨੂੰ ਪੈਦਾ ਹੋਏ ਮੱਖਣ ਸਿੰਘ ਨੂੰ ਲੋਕ ਸੇਵਾ ਦੀ ਗੁੱੜਤੀ ਆਪਣੇ ਸਵ : ਦਾਦਾ ਸਰਦਾਰ ਗੁਰਦੇਵ ਸਿੰਘ ਤੇ ਸਵ: ਕਿਸਾਨ ਆਗੂ ਤਾਇਆ ਗੁਰਭਗਤ ਸਿੰਘ ਤੋਂ ਮਿਲੀ ਹੈ ।

ਮੱਖਣ ਸ਼ਾਹਪੁਰ ਨੇ ਆਪਣੀ ਮੁੱਢਲੀ ਪੜਾਈ ਆਪਣੇ ਪਿੰਡ ਦੇ ਸਰਕਾਰੀ ਸਕੂਲ ਤੋਂ ਤੇ ਅੱਗੇ ਦੀ ਪੜਾਈ ਸਰਕਾਰੀ ਸਕੂਲ ਚੀਮਾ ਤੇ ਕਣਕਵਾਲ ਭੰਗੂਆ ਤੇ ਕੀਤੀ ਤੇ ਆਤਮ ਨਿਰਭਰ ਹੋਣ ਲਈ ਸ਼ਾਹਪੁਰ ਨੇ ਛੋਟੀ ਉਮਰ ਵਿੱਚ ਹੀ ਅੰਬਾਲਾ ਬੱਸ ਸਿੰਡੀਕੇਟ ਵਿੱਚ ਕੰਡਕੰਟਰੀ ਕਰਕੇ ਰੋਪੜ ਇਲਾਕੇ ਵਿੱਚ ਚੰਗਾ ਨਾਮਣਾ ਖੱਟਿਆ ਕਿਉਂਕਿ ਮੱਖਣ ਦਾ ਉਸ ਇਲਾਕੇ ਦੇ ਲੋਕਾਂ ਨਾਲ ਚੰਗਾ ਮਿਲਵਰਤਣ ਸੀ ਤੇ ਇਸੇ ਮੋਹ ਮਹੁੱਬਤ ਕਰਕੇ ਲੋਕ ਅੱਜ ਵੀ ਮੱਖਣ ਨੂੰ ਚੇਤੇ ਕਰਦੇ ਆ।

ਮੱਖਣ ਸ਼ਾਹਪੁਰ ਆਪਣੇ ਪਿੰਡ ਦਾ ਸਰਬਸੰਮਤੀ ਨਾਲ ਪੰਜ ਸਾਲ ਪੰਚ ਰਿਹਾ ਤੇ ਲੋਕ ਸੇਵਾ ਨੂੰ ਵੇਖਦਿਆਂ ਬਤੋਰ ਪੰਚ ਸ਼ਾਹਪੁਰ ਨੂੰ ਪੰਜਾਬ ਪੱਧਰੀ ਸਮਾਗਮ ਵਿੱਚ ਵਿਸ਼ੇਸ਼ ਸਨਮਾਨ ਮਿਲ ਚੁੱਕੇ ਹਨ ਤੇ ਪੰਜਾਬ ਸਰਕਾਰ ਵੱਲੋਂ ਵੀ ਸ਼ਾਹਪੁਰ ਦੀਆਂ ਲੋਕ ਭਲਾਈ ਸੇਵਾਵਾਂ ਨੂੰ ਵੇਖਦਿਆਂ ਲੰਘੀ 26 ਜਨਵਰੀ ਨੂੰ ਜਿਲ੍ਹਾ ਪੱਧਰੀ ਸਮਾਗਮ ਵਿੱਚ ਸਨਮਾਨ ਕੀਤਾ ਜਾ ਚੁੱਕਿਆ ਹੈ ।

ਮੱਖਣ ਸ਼ਾਹਪੁਰ ਵਿੱਚ ਚਾਪਲੂਸੀ ਵਾਲੇ ਜੇਕਰ ਸਿਆਸੀ ਗੁਣ ਹੁੰਦੇ ਤਾਂ ਉਹ ਅੱਜ ਆਪ ਸਰਕਾਰ ਵਿੱਚ ਚੇਅਰਮੈਨ ਜਾਂ ਕਿਸੇ ਹਲਕੇ ਤੋਂ ਵਿਧਾਇਕ ਹੁੰਦਾ ਪਰ ਸ਼ਾਹਪੁਰ ਨੇ ਹਮੇਸ਼ਾ ਆਪਣੇ ਆਹੁਦਿਆਂ ਤੇ ਰੁਤਬਿਆਂ ਦੀ ਬਲੀ ਦੇ ਕੇ ਹੱਕ ਅਤੇ ਸੱਚ ਤੇ ਪਹਿਰਾ ਦਿੰਦਿਆਂ ਕਈ ਅਹੁਦਿਆਂ ,ਰੁਤਬਿਆਂ ਦੀ ਬਲੀ ਦਿੱਤੀ ।

ਇਸ ਵਿੱਚ ਕੋਈ ਦੋ ਰਾਇ ਨਹੀ ਕਿ ਮੱਖਣ ਸ਼ਾਹਪੁਰ ਅੱਜ ਭਾਵੇਂ ਸਿਆਸੀ ਰੁਤਬਿਆਂ ਤੋਂ ਦੂਰ ਰਹਿ ਗਿਆ ,ਪਰ ਨਿੱਧੜਕ ਕਲਮ ਤੇ ਨਿੱਧੜਕ ਲੋਕ ਹਿੱਤ ਆਵਾਜ ਸਦਕਾ ਮੱਖਣ ਸ਼ਾਹਪੁਰ ਦਾ ਨਾਂ ਅੱਜ ਦੇ ਸਿਆਸੀ ਲੀਡਰਾਂ ਤੋਂ ਵੱਡਾ ਬਣ ਕੇ ਦੇਸ਼ਾਂ ਵਿਦੇਸ਼ਾਂ ਵਿੱਚ ਗੂੰਜ ਰਿਹਾ ਹੈ ।

ਮੱਖਣ ਸ਼ਾਹਪੁਰ ਹਮੇਸ਼ਾ ਗਰੀਬ ਤੇ ਮਜ਼ਦੂਰ ਪਰਿਵਾਰਾਂ ਦਾ ਹਮਦਰਦ ਰਿਹਾ ਹੈ ਗਰੀਬ ਪਰਿਵਾਰਾ ਦੀਆਂ ਲੜਕੀਆਂ ਦੇ ਵਿਆਹ ਮੋਕੇ ਮੱਖਣ ਨੇ ਆਪਣੀ ਨੇਕ ਕਮਾਈ ਵਿੱਚੋਂ 2100 ਸ਼ਗਨ ਦੇਣ ਦਾ ਵੀ ਐਲਾਨ ਕੀਤਾ ਹੋਇਆ ਹੈ ਜਿਸ ਨੇਕ ਉੱਦਮ ਦੀ ਚੁਫੇਰੇ ਤੋਂ ਪ੍ਰਸ਼ੰਸਾ ਹੋ ਰਹੀ ਹੈ ।

ਮੱਖਣ ਸ਼ਾਹਪੁਰ ਨਾਲ ਗੱਲਬਾਤ ਕਰਦਿਆਂ ਮਹਿਸੂਸ ਹੁੰਦਾ ਹੈ ਕਿ ਉਸ ਦੀ ਸੋਚ ਦੁਨੀਆਂ ਤੋ ਵਿਲੱਖਣ ਹੈ ਉਹ ਚੰਗੇ ਕੰਮ ਲਈ ਵਿਰੋਧੀਆਂ ਦੀ ਪ੍ਰਸ਼ੰਸਾ ਤੇ ਮਾੜੇ ਕੰਮਾਂ ਲਈ ਆਪਣਿਆਂ ਦੀ ਆਲੋਚਨਾ ਜਨਤਕ ਤੋਰ ਤੇ ਕਰਦਾ ਰਹਿੰਦਾ ਹੈ ਅੱਜ ਮੱਖਣ ਸ਼ਾਹਪੁਰ ਪੱਤਰਕਾਰੀ ਤੇ ਸ਼ੋਸਲ ਮੀਡੀਆ ਚ ਜਨਤਕ ਉਠਾਏ ਲੋਕ ਮਸਲਿਆਂ ਕਰਕੇ ਇਲਾਕੇ ਵਿੱਚ ਹੋਏ ਵੱਡੇ ਕੰਮਾਂ ਦਾ ਸਿਹਰਾ ਵੀ ਮੱਖਣ ਸ਼ਾਹਪੁਰ ਦੀ ਕਲਮ ਨੂੰ ਜਾਂਦਾ ਹੈ ਅਤੇ ਕਈ ਵਾਰ ਮੱਖਣ ਸ਼ਾਹਪੁਰ ਦੀ ਕਲਮ ਦੀ ਆਵਾਜ ਸਰਕਾਰ ਤੇ ਪਾਰਟੀਆਂ ਦੇ ਫੈਸ਼ਲਿਆ ਵਿਚੋਂ ਵੀ ਝਲਕਦੀ ਨਜ਼ਰ ਆਉਂਦੀ ਹੈ ।

ਮੱਖਣ ਸਿੰਘ ਸ਼ਾਹਪੁਰ ਨੇ ਪੱਤਰਕਾਰੀ ਦੇ ਖੇਤਰ ਵਿੱਚ ਵੀ ਇਮਾਨਦਾਰੀ ਨਾਲ ਅੱਗੇ ਵੱਧਦਿਆਂ ਅੱਜ ਪੰਜਾਬ ਦੇ ਚੁਣਵੇਂ ਪੱਤਰਕਾਰਾਂ ਵਿੱਚ ਆਪਣਾ ਨਾਂ ਬਣਾਇਆ ਹੈ ਜਿਸ ਦੇ ਵੱਖ ਵੱਖ ਅਖਬਾਰਾਂ ਦੇ ਸੰਪਾਦਕੀ ਪੰਨ੍ਹਿਆ ਵਿੱਚ ਗਿਆਨ ਭਰਭੂਰ ਲੇਖ ਪਾਠਕਾਂ ਨੂੰ ਪੜਨ ਨੂੰ ਮਿਲਦੇ ਰਹਿੰਦੇ ਹਨ ।

ਅੱਜ ਜਨਮ ਦਿਨ ਤੇ ਅਸੀਂ ਦੇਸ਼ਾਂ ਪ੍ਰਦੇਸ਼ਾਂ ਵਿੱਚ ਵਸਦੇ ਮੱਖਣ ਸ਼ਾਹਪੁਰ ਨੂੰ ਪਿਆਰ ਸਤਿਕਾਰ ਕਰਨ ਵਾਲੇ ਪੰਜਾਬੀਆਂ ਵੱਲੇ ਵਧਾਈ



ਦਿੰਦੇ ਹਾਂ ਤੇ ਉਸ ਲਈ ਤੰਦਰੁਸਤ ਤੇ ਖੁਸ਼ਹਾਲ ਜਿੰਦਗੀ ਦੀ ਕਾਮਨਾ ਕਰਦੇ ਹਾਂ ।

ਪੱਤਰਕਾਰ ਜਗਸੀਰ ਸਿੰਘ
ਪਿੰਡ ਲੌਂਗੋਵਾਲ ਜ਼ਿਲਾ ਸੰਗਰੂਰ

# ਅੱਜ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਸੜੋਆ ਦੀ ਮਹੀਨਾਵਾਰ ਮੀਟਿੰਗ ਹੋਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਸੜੋਆ (ਚਰਨਜੀਤ ਸੱਲ੍ਹਾ )1.4.2025 ਅੱਜ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਸੜੋਆ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਵਿਸ਼ੇਸ਼ ਤੌਰ ਤੇ ਜ਼ਿਲ੍ਹਾ ਚੇਅਰਮੈਨ ਡਾਕਟਰ ਸੁਰਿੰਦਰ ਪਾਲ ਸਿੰਘ ਜੈਨ ਪੁਰੀ ਪਹੁੰਚੇ ਅਤੇ 23 ਮਾਰਚ ਦੇ ਸ਼ਹੀਦਾਂ ਨੂੰ ਖਟਕੜ ਕਲਾਂ ਵਿਖੇ ਸ ਭਗਤ ਸਿੰਘ ਦੇ ਬੁੱਤ ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਾਰੇ



ਪ੍ਰੈਕਟੀਸਨਰਜ ਅਤੇ ਸਟੇਟ ਦੇ ਪ੍ਰਮੁੱਖ ਆਗੂ ਕਾਹਮਾ ਸਕੂਲ ਦੀ ਗਰਾਊਂਡ ਵਿੱਚ ਇਕੱਠੇ ਹੋ ਕੇ ਇੱਕ ਰੈਲੀ ਦੇ ਰੂਪ ਵਿੱਚ ਪੁਲਿਸ ਦੀਆਂ ਰੋਕਾ ਤੋੜਨ ਦਾ ਦੇ ਬਾਅਦ ਵਿੱਚ ਸ਼ਰਧਾਂਜਲੀ ਦਿੱਤੀ ਗਈ ਅਤੇ ਪੰਜਾਬ ਸਰਕਾਰ ਦੇ ਓ ਐਸ ਡੀ ਨੂੰ ਮੰਗ ਪੱਤਰ ਸੌਂਪਿਆ ਗਿਆ

ਇਸ ਮੌਕੇ ਉਨ੍ਹਾਂ ਬੋਲਦਿਆਂ ਕਿਹਾ ਭਾਰਤ ਰਤਨ ਡਾਕਟਰ ਬੀ ਆਰ ਅੰਬੇਡਕਰ ਜੀ ਦੇ ਬੁਤ ਤੇ ਖਾਲਿਸਤਾਨੀ ਨਾਅਰੇ ਲਿਖ਼ਣ ਵਾਲਿਆਂ ਨੂੰ ਮੂਹ ਦੀ ਖਾਣੀ ਪਏਗੀ ਦੇਸ਼ ਵਿਚ ਸਮਾਜਿਕ ਭਾਈਚਾਰੇ ਨੂੰ ਤੋੜਨ ਵਾਲਿਆਂ ਲਈ ਪੁਨੰ ਜਾ ਓਸ ਦੀ ਸੋਚ ਤੇ ਚੱਲਣ ਵਾਲਿਆਂ ਲਈ ਦੇਸ਼ ਵਿਚ ਕੋਈ ਜਗ੍ਹਾ ਨਹੀਂ ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਇਸ ਤਰ੍ਹਾਂ ਦੀ ਮਾੜੀ ਸੋਚ ਰੱਖਣ ਵਾਲਿਆਂ ਤੇ ਪਰਚਾ ਦਰਜ਼ ਕਰ ਕੇ ਛੇਤੀ ਤੋਂ ਛੇਤੀ ਜੇਲ੍ਹ ਭੇਜਿਆ ਜਾਵੇ ਜਥੇਬੰਦੀ ਸਰਕਾਰ ਤੋਂ ਮੰਗ ਕਰਦੀ ਹੈ ਕਿ ਸਾਡੀਆਂ ਮੰਨੀਆਂ ਹੋਈਆਂ ਮੰਗਾ ਤੁਰੰਤ ਲਾਗੂ ਕੀਤੀਆਂ ਜਾਣ ਇਸ ਦੌਰਾਨ ਹਾਜ਼ਰ ਹੋਏ ਡਾਕਟਰ ਜੋਗ ਰਾਜ ਡਾਕਟਰ ਗੁਰਦੇਵ ਸਿੰਘ ਡਾਕਟਰ ਸ਼ੇਰ ਸਿੰਘ ਡਾਕਟਰ ਪ੍ਰੇਮ ਡਾਕਟਰ ਮੰਗਾ ਸਿੰਘ ਡਾਕਟਰ ਹੰਸ ਰਾਜ ਡਾਕਟਰ ਸੰਤੋਖ ਸਿੰਘ ਡਾਕਟਰ ਅਮਰਜੀਤ ਸਿੰਘ ਡਾਕਟਰ ਹਰਮੇਸ਼ ਲਾਲ ਡਾਕਟਰ ਦਿਲਬਾਗ ਸਿੰਘ ਡਾਕਟਰ ਜਗਤਾਰ ਸਿੰਘ ਡਾਕਟਰ ਸੁਰਿੰਦਰ ਨੇਰਧ ਡਾਕਟਰ ਜਗਜੀਵਨ ਰਾਮ ਡਾਕਟਰ ਨਿਰਮਲ ਸਿੰਘ ਡਾਕਟਰ ਰਾਕੇਸ਼ ਕੁਮਾਰ ਪ੍ਰੈਸ ਸਕੱਤਰ ਡਾਕਟਰ ਬਲਵੀਰ ਮਾਨ ਆਦਿ ਹਾਜ਼ਰ ਸਨ 9417175640

# ਪੰਜਾਬੀ ਯੂਨੀਵਰਸਿਟੀ ਵਿਖੇ 'ਗਿਆਰਵਾਂ ਪੁਸਤਕ ਮੇਲਾ' ਸ਼ੁਰੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਬ ਠਿੰ ਡਾ / ਪ ਟਿ ਆ ਲਾ , 01 ਅਪ੍ਰੈਲ (ਅੰਗਰੇਜ ਸਿੰਘ ਵਿੱਕੀ)-ਪੰਜਾਬੀ ਯੂਨੀਵਰਸਿਟੀ ਵਿਖੇ 'ਗਿਆਰਵਾਂ ਪੁਸਤਕ ਮੇਲਾ' ਅੱਜ ਸ਼ੁਰੂ ਹੋ ਗਿਆ ਹੈ। ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਊਰੋ ਵੱਲੋਂ ਲਗਾਏ ਜਾ ਰਹੇ ਇਸ ਮੇਲੇ ਦਾ ਉਦਘਾਟਨ ਡੀਨ ਅਕਾਦਮਿਕ ਮਾਮਲੇ ਪ੍ਰੋ.ਨਰਿੰਦਰ ਕੌਰ ਮੁਲਤਾਨੀ, ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਅਤੇ ਵਿੱਤ ਅਫ਼ਸਰ ਡਾ.ਪ੍ਰਮੋਦ ਅੱਗਰਵਾਲ ਵੱਲੋਂ ਕੀਤਾ ਗਿਆ। ਪਬਲੀਕੇਸ਼ਨ ਬਿਊਰੋ ਦੀ ਸਟਾਲ ਉੱਤੇ ਰਿਬਨ ਕੱਟ ਕੇ ਉਦਘਾਟਨ ਦੀ ਰਸਮ ਕੀਤੀ




ਗਈ।

ਡੀਨ ਅਕਾਦਮਿਕ ਮਾਮਲੇ ਪ੍ਰੋ.ਨਰਿੰਦਰ ਕੌਰ ਮੁਲਤਾਨੀ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਦੇ ਪੁਸਤਕ ਮੇਲੇ ਨੇ ਪਿਛਲੇ ਦਸ ਸਾਲਾਂ ਵਿੱਚ ਆਪਣੀ ਇੱਕ ਵਿਸ਼ੇਸ਼ ਪਛਾਣ ਬਣਾਈ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਇਲਾਕਿਆਂ ਦੇ ਪਾਠਕ ਇਸ ਮੇਲੇ ਦੀ ਬਹੁਤ ਤੀਬਰਤਾ ਨਾਲ਼ ਪੂਰਾ ਸਾਲ ਉਡੀਕ ਕਰਦੇ ਹਨ ਅਤੇ ਇਸ ਮੇਲੇ ਵਿੱਚੋਂ ਪੁਸਤਕਾਂ ਖਰੀਦਣ ਲਈ ਪਹੁੰਚਦੇ ਹਨ।ਰਜਿਸਟਰਾਰ ਪ੍ਰੋ.ਸੰਜੀਵ ਪੁਰੀ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਦੇ ਪੁਸਤਕ ਮੇਲੇ ਦਾ ਆਪਣਾ ਇੱਕ ਵੱਖਰਾ ਅਤੇ ਵੱਕਾਰੀ ਮਹੱਤਵ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵੱਲੋਂ ਪਿਛਲੇ ਦਸ ਸਾਲਾਂ ਤੋਂ ਇਸ ਮੇਲੇ ਦੀ ਲਗਾਤਾਰਤਾ ਨੂੰ ਬਣਾ ਕੇ ਰੱਖਿਆ ਗਿਆ ਹੈ ਤਾਂ ਕਿ ਪਾਠਕ ਇਸ ਤੋਂ ਲਾਭ ਲੈ ਸਕਣ। ਉਨ੍ਹਾਂ ਦੱਸਿਆ ਕਿ ਇਸ ਮੇਲੇ ਵਿੱਚ ਵੱਖ-ਵੱਖ ਵਿਸ਼ਿਆਂ, ਭਾਸ਼ਾਵਾਂ, ਖੇਤਰਾਂ ਆਦਿ ਨਾਲ਼ ਸਬੰਧਤ ਦੁਨੀਆਂ ਭਰ ਦੀਆਂ ਚੰਗੀਆਂ ਪੁਸਤਕਾਂ ਉੱਪਲਬਧ ਹੁੰਦੀਆਂ ਹਨ।ਉਦਘਾਟਨੀ ਰਸਮ ਮੌਕੇ ਵਿੱਤ ਅਫ਼ਸਰ ਡਾ.ਪ੍ਰਮੋਦ ਅੱਗਰਵਾਲ ਵੀ ਵਿਸ਼ੇਸ਼ ਤੌਰ ਉੱਤੇ ਹਾਜ਼ਰ ਰਹੇ। ਪਬਲੀਕੇਸ਼ਨ ਬਿਊਰੋ ਦੇ ਇੰਚਾਰਜ ਪੱਪੂ ਸਿੰਘ, ਸਹਾਇਕ ਰਜਿਸਟਰਾਰ ਨੇ ਦੱਸਿਆ ਕਿ ਪੰਜ ਦਿਨ ਚੱਲਣ ਵਾਲ਼ੇ ਇਸ ਪੁਸਤਕ ਮੇਲੇ ਵਿੱਚ ਇਸ ਵਾਰ ਪੁਸਤਕਾਂ ਦੀ ਵਿੱਕਰੀ ਨਾਲ਼ ਸਬੰਧਤ 90 ਸਟਾਲ ਹਨ। ਇਸ ਤੋਂ ਇਲਾਵਾ 10 ਸਟਾਲ ਖਾਣ-ਪੀਣ ਦੇ ਸਮਾਨ ਨਾਲ਼ ਸਬੰਧਤ ਅਤੇ 15 ਸਟਾਲ ਵੱਖ-ਵੱਖ ਕਲਾਤਮਿਕ ਮਹੱਤਵ ਵਾਲ਼ੇ ਸਮਾਨ ਦੀ ਵਿੱਕਰੀ ਨਾਲ਼ ਸਬੰਧਤ ਹਨ।

# ਸਰਕਾਰੀ ਸੀਨੀਅਰ ਸੈਕਡਰੀ ਸਕੂਲ (ਕੰਨਿਆ ) ਭਵਾਨੀਗੜ੍ਹ ਵਿਖੇ ਮੈਗਾ ਪੀਟੀਐਮ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਭਵਾਨੀਗੜ੍ਹ,1 ਅਪ੍ਰੈਲ (ਜਗਸੀਰ ਸਿੰਘ )- ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਸ੍ਰੀ ਹਰਜੋਤ ਸਿੰਘ ਬੈਂਸ ਦੀ ਨਿਰਦੇਸ਼ਨਾ ਤਹਿਤ ਅਤੇ ਜਿਲਾ ਸਿੱਖਿਆ ਅਫਸਰ ਸ੍ਰੀਮਤੀ ਤਰਵਿੰਦਰ ਕੌਰ ਅਤੇ ਉਪ ਜਿਲਾ ਸਿੱਖਿਆ ਅਫਸਰ ਸ੍ਰੀਮਤੀ ਮਨਜੀਤ ਕੌਰ ਦੀ ਸਰਪਰਸਤੀ ਹੇਠ ਪ੍ਰਿੰਸੀਪਲ ਡਾਕਟਰ ਬਲਵਿੰਦਰ ਸਿੰਘ ਬੋਪਾਰਾਏ ਦੀ ਅਗਵਾਈ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕਡਰੀ ਸਕੂਲ ਭਵਾਨੀਗੜ੍ਹ ਵਿਖੇ ਬੱਚਿਆਂ ਦੀਆਂ ਨਾਨ ਬੋਰਡ ਕਲਾਸਾਂ ਦੀ ਨਤੀਜੇ ਦੀ ਘੋਸ਼ਣਾ ਕਰਨ ਸਮੇਂ ਮੈਗਾ ਪੀਟੀਐਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਬੱਚਿਆਂ ਦੇ ਨਤੀਜੇ ਜੋ ਕਿ 100% ਰਹੇ ਬਾਰੇ ਜਾਨਣ ਲਈ ਅਤੇ ਆਪਣੇ ਬੱਚਿਆਂ ਦੇ ਹਰ ਪੱਖ ਤੋਂ ਕਾਰਗੁਜ਼ਾਰੀ ਘੋਖਣ ਲਈ ਅਤੇ ਉਹਨਾਂ ਦੇ ਸਰਬਪੱਖੀ ਵਿਕਾਸ ਲਈ 90% ਤੋਂ ਵੱਧ ਮਾਪਿਆਂ ਨੇ ਮੈਗਾ ਪੀਟੀਐਮ ਵਿੱਚ ਪਹੁੰਚ ਕੇ ਆਪਣੇ ਬੱਚਿਆਂ ਬਾਰੇ ਅਧਿਆਪਕਾਂ ਨਾਲ ਵਿਚਾਰ ਚਰਚਾ ਕੀਤੀ । ਪੰਜਾਬ ਸਰਕਾਰ ਦਾ ਇਹ ਨਵੇਕਲਾ ਉਪਰਾਲਾ ਸਰਕਾਰੀ ਸਕੂਲਾਂ ਵੱਲ ਬੱਚਿਆਂ ਤੇ ਮਾਪਿਆਂ ਦੇ ਰੁਝਾਨ ਨੂੰ ਹੋਰ ਉਤਸਾਹਿਤ ਕਰੇਗਾ। ਇਸ ਸਮੇਂ ਸਕੂਲ ਵਿੱਚ ਮੈਡਮ ਇਕਬਾਲ ਕੌਰ, ਸਰਬਜੀਤ ਕੌਰ ਸੇਖੋ, ਨਵਕਿਰਨ,ਰਾਜਵਿੰਦਰ ਕੌਰ ਅਤੇ ਦਿਨੇਸ਼ ਕੁਮਾਰ ਜੀ ਦੀ ਅਗਵਾਈ ਵਿੱਚ ਬਿਜਨਸ ਬਲਾਸਟਰ ਪ੍ਰੋਗਰਾਮ ਤਹਿਤ ਵੱਖ ਵੱਖ ਤਰ੍ਹਾਂ ਦੀਆਂ ਕਲਾ ਕਿਰਤਾਂ ਅਤੇ ਖਾਣ ਪੀਣ ਦੀਆਂ ਵਸਤੂਆਂ ਦਾ ਮੇਲਾ ਲਗਾਇਆ ਗਿਆ। ਲਾਇਬਰੇਰੀਅਨ ਸ਼੍ਰੀਮਤੀ ਨਰਿੰਦਰਜੀਤ ਕੌਰ ਦੀ ਅਗਵਾਈ ਵਿੱਚ ਲਾਇਬਰੇਰੀ ਲੰਗਰ ਲਾਇਆ ਗਿਆ ਜਿਥੋਂ ਬੱਚਿਆਂ ਨੇ ਸਾਹਿਤ ਨਾਲ ਸੰਬੰਧਿਤ ਕਿਤਾਬਾਂ ਲਈਆਂ। ਇਸ ਸਮੇਂ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਅਤੇ ਸ਼੍ਰੀਮਤੀ ਸਸ਼ੀ ਬਾਲਾ ਡੀਆਰਪੀ ਵਿਸੇਸ਼ ਤੌਰ ਤੇ ਪਹੁੰਚੇ।ਬੱਚਿਆਂ ਦੇ ਮਾਪਿਆਂ ਅਤੇ ਕਲਾਸ ਇੰਚਾਰਜ ਅਧਿਆਪਕਾਂ ਦੌਰਾਨ ਤਾਲਮੇਲ ਪੈਦਾ ਕਰਨ ਦਾ ਇਹ ਇੱਕ ਵਧੀਆ ਉੱਦਮ ਸਾਬਤ ਹੋਇਆ।ਮਾਪਿਆਂ ਵਿੱਚ ਅਜਿਹੇ ਨਵੇਕਲੇ ਉਪਰਾਲਿਆਂ ਲਈ ਸਰਕਾਰੀ ਸਕੂਲਾਂ ਵਿੱਚ ਹੋਰ ਵਿਸ਼ਵਾਸ ਜਤਾਇਆ ਜਾ ਰਿਹਾ ਹੈ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਜਾ ਰਿਹਾ ਹੈ।

# "ਨਸ਼ਿਆਂ ਅਤੇ ਖੂਨਦਾਨ ਸਬੰਧੀ ਜਾਗਰੂਕਤਾ ਰੈਲੀ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਲੌਂਗੋਵਾਲ,1 ਅਪ੍ਰੈਲ (ਜਗਸੀਰ ਸਿੰਘ )- ਅਕਾਲ ਕਾਲਜ ਆਫ਼ ਐਜੁਕੇਸ਼ਨ, ਗੁਰਸਾਗਰ ਮਸਤੂਆਣਾ ਸਾਹਿਬ, ਸੰਗਰੂਰ ਦੇ ਰੈੱਡ ਰਿਬਨ ਕਲੱਬ ਨੇ ਪਿੰਡ ਚੰਗਾਲ ਵਿੱਚ ਖੂਨਦਾਨ ਮੁਹਿੰਮ ਦੇ ਨਾਲ-ਨਾਲ "ਨਸ਼ੇ ਮੇਰੀ ਮੂਵੀ ਨੂੰ ਬਰਬਾਦ ਨਹੀਂ ਕਰਨਗੇ" ਦੇ ਬੈਨਰ ਹੇਠ ਇੱਕ ਪ੍ਰਭਾਵਸ਼ਾਲੀ ਜਾਗਰੂਕਤਾ ਰੈਲੀ ਦਾ ਸਫਲ ਆਯੋਜਨ ਕੀਤਾ। ਇਹ ਸਮਾਗਮ ਪ੍ਰਿੰਸੀਪਲ ਡਾ. ਸੁਖਦੀਪ ਕੌਰ ਦੀ ਦੇਖ-ਰੇਖ ਹੇਠ ਆਯੋਜਿਤ ਕੀਤਾ ਗਿਆ ਸੀ ਅਤੇ ਇਸ ਦਾ ਉਦੇਸ਼ ਸਥਾਨਕ ਭਾਈਚਾਰੇ ਵਿੱਚ ਨਸ਼ਿਆਂ ਦੀ ਦੁਰਵਰਤੋਂ ਅਤੇ ਖੂਨਦਾਨ ਦੀ ਮਹੱਤਤਾ ਦੇ ਗੰਭੀਰ ਮੁੱਦਿਆਂ ਨੂੰ ਹੱਲ ਕਰਨਾ ਸੀ। ਰੈੱਡ ਰਿਬਨ ਕਲੱਬ ਦੀ ਇੰਚਾਰਜ ਡਾ: ਹਰਪਾਲ ਕੌਰ ਨੇ ਰੈੱਡ ਰਿਬਨ ਕਲੱਬਾਂ ਦੇ ਉਦੇਸ਼ਾਂ ਬਾਰੇ ਦੱਸਿਆ | ਸਮਾਗਮ ਦੇ ਵਿਸ਼ਿਆਂ ਨੂੰ ਰੇਖਾਂਕਿਤ ਕਰਨ ਲਈ ਦੋ ਸਕਿੱਟਾਂ ਪੇਸ਼ ਕੀਤੀਆਂ ਗਈਆਂ। ਇਸ ਪਹਿਲਕਦਮੀ ਨੇ ਨੌਜਵਾਨਾਂ, ਖਾਸ ਤੌਰ 'ਤੇ ਵਿਦਿਆਰਥੀਆਂ ਵਿੱਚ ਨਸ਼ਿਆਂ ਦੇ ਖ਼ਤਰਿਆਂ ਬਾਰੇ ਜਾਗਰੂਕਤਾ ਫੈਲਾਉਣ 'ਤੇ ਧਿਆਨ ਕੇਂਦਰਿਤ ਕੀਤਾ ਅਤੇ ਨਾਲ ਹੀ ਲੋਕਾਂ ਨੂੰ ਨੇਕ ਕੰਮ ਲਈ ਖੂਨਦਾਨ ਕਰਨ ਲਈ ਪ੍ਰੇਰਿਤ ਕੀਤਾ। ਇਸ ਰੈਲੀ ਦਾ ਉਦੇਸ਼ ਪਿੰਡ ਵਾਸੀਆਂ ਤੱਕ ਪਹੁੰਚ ਕੇ ਉਨ੍ਹਾਂ ਨੂੰ ਇਸ ਬਾਰੇ ਜਾਗਰੂਕ ਕਰਨਾ ਸੀ ਕਿ ਨਸ਼ੇ ਉਨ੍ਹਾਂ ਦੇ ਜੀਵਨ ਅਤੇ ਉਨ੍ਹਾਂ ਦੇ ਆਲੇ ਦੁਆਲੇ ਦੇ ਲੋਕਾਂ ਦੇ ਜੀਵਨ ਨੂੰ ਕਿਵੇਂ ਨਕਾਰਾਤਮਕ ਤੌਰ 'ਤੇ ਪ੍ਰਭਾਵਤ ਕਰ ਸਕਦੇ ਹਨ। ਖੂਨਦਾਨ ਕੈਂਪ ਦਾ ਉਦੇਸ਼ ਲੋੜਵੰਦ ਲੋਕਾਂ, ਖਾਸ ਤੌਰ 'ਤੇ ਦੁਰਘਟਨਾ ਪੀੜਤਾਂ, ਸਰਜਰੀ ਦੀ ਲੋੜ ਵਾਲੇ ਮਰੀਜ਼ਾਂ ਅਤੇ ਖੂਨ ਸੰਬੰਧੀ ਬਿਮਾਰੀਆਂ ਤੋਂ ਪੀੜਤ ਲੋਕਾਂ ਦੀ ਮਦਦ ਲਈ ਖੂਨਦਾਨ ਕਰਨ ਲਈ ਵਿਅਕਤੀਆਂ ਨੂੰ ਉਤਸ਼ਾਹਿਤ ਕਰਨਾ ਸੀ। ਚੰਗਾਲ ਪਿੰਡ ਵਿੱਚ ਸਥਾਨਕ ਭਾਈਚਾਰਾ ਇਹਨਾਂ ਅਹਿਮ ਸਮਾਜਿਕ ਮੁੱਦਿਆਂ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਲਈ ਰੁੱਝਿਆ ਹੋਇਆ ਸੀ। ਕਾਲਜ ਦੀ ਵਿਦਿਆਰਥਣ ਰਤਨਜੋਤ ਕੌਰ ਨੇ ਨਸ਼ੇੜੀ ਦੀ ਕਹਾਣੀ ਸੁਣਾਈ ਅਤੇ ਗੁਰਲੀਨ ਕੌਰ ਨੇ ਨਸ਼ਿਆਂ ਦੇ ਪ੍ਰਭਾਵ ਬਾਰੇ ਭਾਸ਼ਣ ਦਿੱਤਾ। ਪਿੰਡ ਦੇ ਸਰਪੰਚ ਸ: ਗਿਆਨ ਸਿੰਘ ਨੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ। ਕਾਲਜ ਦੀ ਪ੍ਰਿੰਸੀਪਲ ਡਾ: ਸੁਖਦੀਪ ਕੌਰ ਨੇ ਸ: ਗਿਆਨ ਸਿੰਘ ਅਤੇ ਸਮੂਹ ਪੰਚਾਇਤ ਮੈਂਬਰਾਂ ਅਤੇ ਪਿੰਡ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ। ਫਿਰ ਇਹ ਰੈਲੀ ਚੰਗਾਲ ਦੀਆਂ ਗਲੀਆਂ ਵਿੱਚੋਂ ਲੰਘੀ, ਜਿਸ ਵਿੱਚ ਸਥਾਨਕ ਨਿਵਾਸੀਆਂ ਨੂੰ ਸ਼ਾਮਲ ਕੀਤਾ ਗਿਆ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਦਾ ਸੰਦੇਸ਼ ਫੈਲਾਇਆ ਗਿਆ। ਪਿੰਡ ਵਾਸੀਆਂ ਅਤੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ,ਇਸ ਪ੍ਰੋਗਰਾਮ ਦੌਰਾਨ ਸਾਰੇ ਫੈਕਲਟੀ ਮੈਂਬਰ ਮੌਜੂਦ ਸਨ।

# ਐਨ. ਐਮ. ਓ .ਪੀ. ਐਸ/ਸੀਪੀਐਫ ਕਰਮਚਾਰੀ ਯੂਨੀਅਨ ਵੱਲੋਂ ਐਨ ਪੀ ਐਸ/ਯੂ ਪੀ ਐਸ ਦੇ ਵਿਰੋਧ 'ਚ ਦੇਸ਼ ਭਰ 'ਮਨਾਇਆ ਕਾਲਾ ਦਿਵਸ

## ਪੰਜਾਬ ਅਤੇ ਭਾਰਤ ਸਰਕਾਰ ਦੇ ਨਾਮ ਡਿਪਟੀ ਕਮਿਸ਼ਨਰ ਨੂੰ ਸੌਂਪੇ ਮੰਗ ਪੱਤਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਮਾਨਸਾ 1 ਅਪ੍ਰੈਲ (ਓਆਤਮਾ ਸਿੰਘ ਪਮਾਰ)

ਐਨ ਐਮ ਓ ਪੀ ਐਸ ਦੇ ਸੱਦੇ 'ਤੇ ਅੱਜ ਸਾਰੇ ਦੇਸ਼ ਵਿੱਚ ਐਨ ਪੀ ਐਸ/ਯੂ ਪੀ ਐਸ ਦੇ ਵਿਰੋਧ ਵਿੱਚ ਵਿੱਚ 'ਕਾਲਾ ਦਿਵਸ' ਵਜੋਂ ਮਨਾਇਆ ਗਿਆ| ਜਿਸ ਤਹਿਤ ਸਾਰੇ ਦੇਸ਼ ਦੇ ਐਨ ਪੀ ਐਸ ਪੀੜ੍ਹਤ ਕਰਮਚਾਰੀਆਂ ਵੱਲੋਂ ਕਾਲੀਆਂ ਪੱਟੀਆਂ ਬੰਨ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ| ਸੀ ਪੀ ਐਫ ਕਰਮਚਾਰੀ ਯੂਨੀਅਨ, ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਹੀਰੇਵਾਲਾ ਦੀ ਅਗਵਾਈ ਵਿੱਚ ਇੱਕ ਵਫਦ ਅੱਜ ਇੱਥੇ ਡਿਪਟੀ ਕਮਿਸ਼ਨਰ ਮਾਨਸਾ ਨੂੰ ਮਿਲਿਆ ਅਤੇ ਐਨ ਪੀ ਐਸ/ਯੂ ਪੀ ਐਸ ਦੇ ਵਿਰੋਧ ਵਿੱਚ ਐਨ ਐਮ ਓ ਪੀ ਐਸ ਅਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ ਦਿੱਤੇ ਗਏ ਐਕਸ਼ਨ ਤਹਿਤ ਪ੍ਰਧਾਨ ਮੰਤਰੀ, ਭਾਰਤ ਸਰਕਾਰ ਅਤੇ ਮੁੱਖ ਮੰਤਰੀ, ਪੰਜਾਬ ਸਰਕਾਰ ਦੇ ਨਾਮ ਇੱਕ ਮੰਗ ਪੱਤਰ ਉਨ੍ਹਾਂ ਨੂੰ ਸੌਂਪਿਆ। ਮੰਗ ਪੱਤਰ 'ਚ ਵਿਸ਼ੇਸ਼ ਕਰਕੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਪੰਜਾਬ ਦੇ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਅਨੁਸਾਰ ਪੁਰਾਣੀ ਪੈਨਸ਼ਨ ਦੇ ਮੁੱਦੇ ਨੂੰ ਲਟਕਾਉਣ ਦੀ ਬਜਾਏ ਜਲਦੀ ਤੋਂ ਜਲਦੀ ਲਾਗੂ ਕਰੇ। ਇਸ ਤੋਂ ਇਲਾਵਾ ਆਉਣ ਵਾਲ਼ੀ ਪਹਿਲੀ ਮਈ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਉੱਤੇ ਦਿੱਲੀ ਦੇ ਜੰਤਰ ਮੰਤਰ ਵਿਖੇ ਐਨ ਪੀ ਐਸ/ਯੂ ਪੀ ਐਸ ਦੇ ਖ਼ਿਲਾਫ਼ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਵੀ ਦੇਸ਼ ਭਰ ਕੀਤਾ ਜਾਵੇਗਾ। ਇਸ ਸਮੇਂ ਜ਼ਿਲ੍ਹਾ ਕਮੇਟੀ ਦੇ ਮੁੱਖ ਅਹੁਦੇਦਾਰ ਸੁਖਵਿੰਦਰ ਜਵਾਹਰਕੇ , ਜਸਕਰਨ ਬਰ੍ਹੇ, ਪ੍ਰਦੀਪ ਕੁਮਾਰ , ਹਰਪ੍ਰੀਤ ਹੈਰੀ ,ਮਾਨਤ ਅੱਕਾਂਵਾਲੀ , ਜਸਵਿੰਦਰ ਕੁਮਾਰ ,ਰੋਮੀ ਆਦਮਕੇ, ਹਰਦੀਪ ਸਿੰਘ, ਦਰਸ਼ਨ ਸਿੰਘ ਅਲੀਸ਼ੇਰ ਆਦਿ ਆਗੂ ਵੀ ਹਾਜ਼ਰ ਸਨ|

# ਸੰਤ ਬਾਬਾ ਅਤਰ ਸਿੰਘ ਜੀ ਮੈਡੀਕਲ ਕਾਲਜ਼ ਤੇ ਹਸਪਤਾਲ ਦੀ ਬਿਲਡਿੰਗ ਦੇ ਉਸਾਰੀ ਕਾਰਜ ਸ਼ੁਰੂ

## ਮਸਤੂਆਣਾ ਸਾਹਿਬ ਵਿਖੇ ਕਾਫੀ ਲੰਮੇ ਸਮੇਂ ਤੋਂ ਚੱਲ ਰਹੇ ਰੋਸ ਧਰਨੇ ਨੂੰ ਕੀਤਾ ਸਮਾਪਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com







ਮਸਤੂਆਣਾ ਸਾਹਿਬ,1 ਅਪ੍ਰੈਲ (ਜਗਸੀਰ ਸਿੰਘ)- ਸਿੱਖ ਕੌਮ ਦੀ ਮਹਾਨ ਸ਼ਖਸ਼ੀਅਤ ਸੰਤ ਬਾਬਾ ਅਤਰ ਸਿੰਘ ਜੀ ਦੇ ਨਾਮ ਤੇ ਮਸਤੂਆਣਾ ਸਾਹਿਬ ਵਿਖੇ ਬਣਾਏ ਜਾਣ ਵਾਲੇ ਹਸਪਤਾਲ ਅਤੇ ਮੈਡੀਕਲ ਕਾਲਜ ਦੀ ਬਿਲਡਿੰਗ ਦੇ ਉਸਾਰੀ ਦੇ ਕੰਮ ਸ਼ੁਰੂ ਹੋਣ ਤੋਂ ਬਾਅਦ , ਆਪਣੀ ਇਸ ਮੰਗ ਨੂੰ ਲੈ ਕੇ ਸੰਗਰੂਰ-ਬਰਨਾਲਾ ਮੁੱਖ ਮਾਰਗ ਉੱਪਰ ਇਲਾਕਾ ਨਿਵਾਸੀਆਂ ਵੱਲੋਂ ਪਿਛਲੇ ਢਾਈ ਸਾਲਾਂ ਤੋਂ ਲਗਾਤਾਰ ਦਿੱਤੇ ਜਾਣ ਵਾਲਾ ਰੋਸ ਧਰਨਾ ਅੱਜ ਰਸਮੀ ਤੌਰ ਤੇ ਸਮਾਪਤ ਹੋ ਗਿਆ। ਇਲਾਕਾ ਨਿਵਾਸੀਆਂ ਵੱਲੋਂ ਆਪਣੀ ਜਿੱਤ ਦੀ ਖੁਸ਼ੀ ਵਿੱਚ ਗੁਰਦੁਆਰਾ ਸ੍ਰੀ ਅੰਗੀਠਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਦਰਸ਼ਨ ਸਿੰਘ ਦੀ ਅਗਵਾਈ ਹੇਠ ਰੱਖੇ ਗਏ ਇੱਕ ਵਿਸ਼ਾਲ ਸਮਾਗਮ ਦੌਰਾਨ ਜਿੱਥੇ ਇਸ ਧਰਨੇ ਨੂੰ ਸਫਲ ਬਣਾਉਣ ਵਾਲੇ ਆਗੂਆਂ ਅਤੇ ਵਰਕਰਾਂ ਨੂੰ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ ਉੱਥੇ ਹੀ ਸੰਗਤਾਂ ਵਿੱਚ ਲੱਡੂ ਅਤੇ ਜਲੇਬੀਆਂ ਵੰਡ ਕੇ ਅਪਣੀ ਖੁਸ਼ੀ ਸਾਂਝੀ ਕੀਤੀ ਗਈ।ਅੱਜ ਦੇ ਸਮਾਗਮ ਵਿੱਚ ਪੰਜਾਬ ਸਰਕਾਰ ਵੱਲੋਂ ਅਪਣੀ ਹਾਜ਼ਰੀ ਲਗਵਾਉਣ ਪਹੁੰਚੇ ਐਸ.ਡੀ.ਐਮ. ਸੰਗਰੂਰ ਸ੍ਰ. ਨਵਰੀਤ ਸਿੰਘ ਸੇਖੋ ਨੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸੰਤ ਬਾਬਾ ਅਤਰ ਸਿੰਘ ਜੀ ਦੀ ਯਾਦ ਵਿੱਚ ਬਣਾਏ ਜਾਣ ਵਾਲੇ ਹਸਪਤਾਲ ਦੀ ਬਿਲਡਿੰਗ ਦੀ ਉਸਾਰੀ ਦੇ ਸਮੁੱਚੇ ਪ੍ਰਬੰਧ ਮੁਕੰਮਲ ਹੋ ਚੁੱਕੇ ਹਨ। ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਫੰਡ ਵੀ ਜਾਰੀ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਥੇ ਬਣਾਈ ਜਾਣ ਵਾਲੀ ਬਿਲਡਿੰਗ ਦੀ ਉਸਾਰੀ ਲਈ ਹੁਣ ਕਿਸੇ ਵੀ ਕਿਸਮ ਦੀ ਦਿੱਕਤ ਨਹੀ ਆਉਣ ਦਿੱਤੀ ਜਾਵੇਗੀ ਅਤੇ ਸਮੁੱਚੇ ਪ੍ਰਬੰਧ ਮੁਕੰਮਲ ਕੀਤੇ ਜਾ ਚੁੱਕੇ ਹਨ। ਇਸ ਉਪਰੰਤ ਗੁਰਦੁਆਰਾ ਸ੍ਰੀ ਅੰਗੀਠਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਦਰਸ਼ਨ ਸਿੰਘ ਨੇ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੰਤ ਬਾਬਾ ਅਤਰ ਸਿੰਘ ਜੀ ਦੇ ਸਮੁੱਚੇ ਸੇਵਾਦਾਰ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਜੀ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਸੰਤ ਜੀ ਯਾਦ ਵਿਚ ਬਣਾਏ ਜਾਣ ਵਾਲੇ ਹਸਪਤਾਲ ਅਤੇ ਮੈਡੀਕਲ ਕਾਲਜ਼ ਦੀ ਬਿਲਡਿੰਗ ਦੀ ਉਸਾਰੀ ਸ਼ੁਰੂ ਕਰਵਾਉਣ ਲਈ ਸਾਡਾ ਹਰ ਪੱਖੋ ਸਹਿਯੋਗ ਦਿੱਤਾ।ਉਨ੍ਹਾਂ ਦੱਸਿਆਂ ਕਿ ਪੰਜਾਬ ਸਰਕਾਰ ਵੱਲੋਂ ਪਹਿਲੇ ਦੌਰ ਵਿਚ ਇਲਾਕੇ ਦੀ ਸੰਗਤ ਦੀ ਮੰਗ ਅਨੁਸਾਰ ਇਥੇ ਸੰਤ ਬਾਬਾ ਅਤਰ ਸਿੰਘ ਜੀ ਦੀ ਯਾਦ ਵਿੱਚ 460 ਬੈਡਾਂ ਵਾਲਾ ਨੌ ਮੰਜਿਲਾਂ ਵਿਸ਼ਾਲ ਹਸਪਤਾਲ ਬਣਾਇਆ ਜਾਏਗਾ। ਜਿਸ ਦੀ ਉਸਾਰੀ ਦੇ ਕੰਮ ਸ਼ੁਰੂ ਹੋ ਚੁੱਕੇ ਹਨ। ਉਨ੍ਹਾਂ ਸਮੁੱਚੀ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿਛਲੇ ਢਾਈ ਸਾਲਾਂ ਦੌਰਾਨ ਲਗਾਤਾਰ ਚੱਲ ਰਹੇ ਰੋਸ ਧਰਨੇ ਵਿਚ ਜਿਸ ਜਿਸ ਵੀ ਸ਼ਖਸ਼ੀਅਤ ਨੇ ਆਪਣੀ ਸ਼ਮੂਲੀਅਤ ਕੀਤੀ ਹੈ ਗੁਰਦੁਆਰਾ ਅੰਗੀਠਾ ਸਾਹਿਬ ਅਤੇ ਸੰਤ ਬਾਬਾ ਅਤਰ ਸਿੰਘ ਜੀ ਦੇ ਅਸੀਂ ਇੱਕ ਨਿਮਾਣੇ ਸੇਵਕ ਹੁੰਦੇ ਹੋਏ ਸਮੁੱਚੀ ਸੰਗਤ ਦਾ ਧੰਨਵਾਦ ਕਰਦੇ ਹਾਂ ਜਿਨਾਂ ਨੇ ਪਿਛਲੇ ਢਾਈ ਸਾਲਾਂ ਦੌਰਾਨ ਆਪਣਾ ਰੋਸ ਧਰਨਾ ਜਾਰੀ ਰੱਖਿਆ।ਇਲਕੇ ਦੀ ਸੰਗਤ ਵੱਲੋਂ ਹਨੇਰੀ, ਮੀਹ ਅਤੇ ਝੱਖੜ ਦੀ ਪ੍ਰਵਾਹ ਨਾ ਕਰਦਿਆਂ ਅਪਣਾ ਸੰਘਰਸ਼ ਉਸ ਸਮੇਂ ਤੱਕ ਜ਼ਾਰੀ ਰੱਖਿਆ ਜਦੋ ਤੱਕ ਸੰਤ ਜੀ ਦੀ ਯਾਦਗਾਰ ਦੀ ਉਸਾਰੀ ਦੇ ਕੰਮ ਸ਼ੁਰੂ ਨਹੀ ਹੋਏ।ਇਸ ਸਮਾਗਮ ਵਿਚ ਸ੍ਰ. ਜਸਵੰਤ ਸਿੰਘ ਦੁੱਗਾ, ਮਾਸਟਰ ਅਜੈਬ ਸਿੰਘ ਦੁੱਗਾਂ, ਰਜਿੰਦਰ ਸਿੰਘ ਲਿੱਦੜਾਂ, ਕਰਨੈਲ ਸਿੰਘ ਜੱਸੇਕਾ ਲੌਂਗੋਵਾਲ, ਨਛੱਤਰ ਸਿੰਘ ਬਡਰੁੱਖਾਂ, ਬੰਤ ਸਿੰਘ ਫੌਜੀ ਚੰਗਾਲ, ਕਾ. ਮੇਵਾ ਸਿੰਘ ਦੁੱਗਾ, ਕਾ. ਭਰਭੂਰ ਸਿੰਘ ਦੁੱਗਾ, ਹਾਕਮ ਸਿੰਘ, ਡਾਕਟਰ ਗੁਰਮੇਲ ਸਿੰਘ ਬਹਾਦਰਪੁਰ, ਡਾਕਟਰ ਸੁਰਿੰਦਰ ਸ਼ਰਮਾ ਬਹਾਦਰਪੁਰ ਅਤੇ ਮਨਜਿੰਦਰ ਸਿੰਘ ਲਿੱਦੜਾ ਅਤੇ ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਸੰਗਤਾਂ ਨੇ ਵੀ ਆਪਣੀ ਹਾਜਰੀ ਲਗਵਾਈ।

# ਜਨਤਕ ਥਾਵਾਂ 'ਤੇ ਜਲੂਸ ਕੱਢਣ, ਨਾਅਰੇ ਲਗਾਉਣ, ਭੜਕਾਊ ਪ੍ਰਚਾਰ ਅਤੇ ਹਥਿਆਰਾਂ ਦੇ ਪ੍ਰਦਰਸ਼ਨ 'ਤੇ ਪਾਬੰਦੀ ਦੇ ਹੁਕਮ ਜਾਰੀ,,

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਮਾਨਸਾ, 01 ਅਪ੍ਰੈਲ: (ਆਤਮਾ ਸਿੰਘ ਪਮਾਰ)

ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀ ਆਕਾਸ਼ ਬਾਂਸਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਾਨਸਾ ਦੀਆਂ ਸੀਮਾਵਾਂ ਅੰਦਰ ਅਮਨ ਕਾਨੂੰਨ ਕਾਇਮ ਰੱਖਣ ਲਈ ਜਨਤਕ ਥਾਵਾਂ 'ਤੇ ਜਲੂਸ ਕੱਢਣ, ਨਾਅਰੇ ਲਗਾਉਣ, ਭੜਕਾਊ ਪ੍ਰਚਾਰ ਕਰਨ, ਗੰਡਾਸੇ, ਤੇਜ਼ਧਾਰ ਟਕੂਏ, ਕੁਲਹਾੜੀਆਂ, ਵਿਸਫੋਟਕ ਸਮੱਗਰੀ ਅਤੇ ਹੋਰ ਘਾਤਕ ਹਥਿਆਰ/ਅਸਲਾ ਲੈ ਕੇ ਚੱਲਣ 'ਤੇ ਪੂਰਨ ਪਾਬੰਦੀ ਲਗਾਈ ਹੈ

ਹੁਕਮ 'ਚ ਕਿਹਾ ਗਿਆ ਹੈ ਕਿ ਵੇਖਣ ਵਿਚ ਆਇਆ ਕਿ ਵੱਖ ਵੱਖ ਜਥੇਬੰਦੀਆਂ ਜਾਂ ਆਮ ਵਿਅਕਤੀਆਂ ਵੱਲੋਂ ਰੋਸ ਪ੍ਰਦਰਸ਼ਨ ਦਾ ਸੱਦਾ ਦਿੱਤਾ ਜਾਂਦਾ ਹੈ ਤਾਂ ਇਸ ਨਾਲ ਆਵਾਜਾਈ ਵਿਚ ਵਿਘਨ ਪੈਣ ਅਤੇ ਆਮ ਜਨ ਜੀਵਨ ਅਸਤ ਵਿਅਸਤ ਹੋਣ ਦਾ ਡਰ ਰਹਿੰਦਾ ਹੈ। ਇਸ ਤਰ੍ਹਾਂ ਜਨਤਕ ਸ਼ਾਂਤੀ ਭੰਗ ਹੋਣ ਨਾਲ ਸਰਕਾਰੀ ਅਤੇ ਨਿੱਜੀ ਜਾਇਦਾਦ ਦੇ ਨੁਕਸਾਨ ਹੋਣ ਦਾ ਵੀ ਅੰਦੇਸ਼ਾ ਰਹਿੰਦਾ ਹੈ।

# ਖ਼ਾਲਸਾ ਕਾਲਜ ਡੁਮੇਲੀ ਲੜਕੀਆਂ ਦੀ ਖੋ-ਖੋ ਟੀਮ ਨੇ ਮਾਰੀਆਂ ਮੱਲਾਂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਫ਼ਗਵਾੜਾ 1 ਅਪ੍ਰੈਲ (ਸ਼ਿਵ ਕੌੜਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਵਿਦਿਅਕ ਅਦਾਰੇ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ ਡੁਮੇਲੀ ਦੀ ਲੜਕੀਆਂ ਦੀ ਖੋ-ਖੋ ਟੀਮ ਨੇ ਪ੍ਰੋ.ਰਮਨਦੀਪ ਮੁਖੀ ਸਰੀਰਕ ਸਿੱਖਿਆ ਵਿਭਾਗ ਦੀ ਅਗਵਾਈ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਬੀ ਡਿਵੀਜ਼ਨ ਦੇ ਅੰਤਰ ਕਾਲਜ ਦੇ ਕਰਵਾਏ ਗਏ ਮੈਚਾਂ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ।ਕਾਲਜ ਪਹੁੰਚਣ ‘ਤੇ ਪ੍ਰਿੰਸੀਪਲ ਡਾ. ਗੁਰਨਾਮ ਸਿੰਘ ਰਸੂਲਪੁਰ ਅਤੇ ਸਮੂਹ ਸਟਾਫ਼ ਮੈਂਬਰਾਂ ਵੱਲੋਂ ਇਹਨਾਂ ਖਿਡਾਰਨਾਂ ਨੂੰ ਸਨਮਾਨਿਤ ਕੀਤਾ ਗਿਆ। ਇਹਨਾਂ ਮੁਕਾਬਲਿਆਂ ਦੌਰਾਨ ਕਾਲਜ ਦੀ ਟੀਮ ਨੇ ਪਹਿਲੇ ਅੰਤਰ ਕਾਲਜ ਦੇ ਕੁਆਲੀਫਾਈ ਮੁਕਾਬਲੇ ਵਿੱਚ ਬੀ.ਐਲ. ਐਮ.ਕਾਲਜ ਨਵਾਂ ਸ਼ਹਿਰ ਨੂੰ 5/9 ਨਾਲ ਹਰਾਇਆ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਹੋਣ ਵਾਲੇ ਅੰਤਰ ਕਾਲਜ ਲੀਗ ਮੁਕਾਬਲਿਆਂ ਲਈ ਕੁਆਲੀਫਾਈ ਕੀਤਾ।ਜਿਸ ਉਪਰੰਤ ਲੀਗ ਮੁਕਾਬਲਿਆਂ ਵਿੱਚ ਵੱਖ-ਵੱਖ ਟੀਮਾਂ ਨਾਲ ਮੈਚ ਖੇਡਦੇ ਹੋਏ ਕਾਲਜ ਦੀ ਟੀਮ ਨੇ ਤੀਸਰਾ ਸਥਾਨ ਹਾਸਿਲ ਕੀਤਾ। ਖੋ-ਖੋ ਲੜਕੀਆਂ ਦੀ ਟੀਮ ਦੇ ਵਿੱਚ ਕੈਪਟਨ ਵਜੋਂ ਗੁਰਲੀਨ ਕੌਰ,ਰਨਦੀਪ ਕੌਰ, ਜੋਤੀ, ਜਸਵੀਨ,ਨਵਜੋਤ ਕੌਰ,ਕਿਰਨਪ੍ਰੀਤ ਕੌਰ,ਜਸਪ੍ਰੀਤ ਕੌਰ,ਬੀਨਾ ਕੌਰ, ਬਲਜਿੰਦਰ ਕੌਰ,ਅਨੁਪ੍ਰੀਤ ਕੌਰ,ਪੂਜਾ ਕੌਰ,ਸੰਦੀਪ ਕੌਰ ਦੁਆਰਾ ਭਾਗ ਲਿਆ ਗਿਆ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਗੁਰਨਾਮ ਸਿੰਘ ਰਸੂਲਪੁਰ ਜੀ ਨੇ ਵਿਦਿਆਰਥਣਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਆਪਣੀ ਅਗਲੇਰੀ ਜ਼ਿੰਦਗੀ ਵਿੱਚ ਅੱਗੇ ਵਧਣ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਪ੍ਰੋ.ਰਮਨਦੀਪ,ਸ.ਸਤਨਾਮ ਸਿੰਘ,ਸ.ਕੰਵਲਜੀਤ ਸਿੰਘ ਤੋਂ ਇਲਾਵਾ ਕਾਲਜ ਦਾ ਸਮੂਹ ਸਟਾਫ਼ ਮੈਂਬਰਾਨ ਅਤੇ ਵਿਦਿਆਰਥੀ ਹਾਜ਼ਰ ਸਨ।

# ਸਵਾਮੀ ਸ਼ਿਵ ਨੰਦਾ ਸੀ ਸਕੈਂਡਰੀ ਸਕੂਲ ਵਲੋਂ ਹੋਣਹਾਰ ਵਿਦਿਆਰਥੀ ਸਨਮਾਨਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com




ਮੋਰਿੰਡਾ1 ਅਪ੍ਰੈਲ (ਪਤਰ ਪ੍ਰੇਰਕ,) ਸਥਾਨਕ ਸਵਾਮੀ ਸ਼ਿਵਾਨੰਦਾ ਸੀਨੀਅਰ ਸੈਕੰਡਰੀ ਸਕੂਲ ਵੱਲੋਂ ਇਕ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਧਿਆਪਕ ਸੁਖਬੀਰ ਸਿੰਘ ਨੇ ਦੱਸਿਆ ਕਿ ਇਸ ਸਮੇਂ ਪੁਰਾਣੇ ਹੋਣ ਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ । ਇਸ ਮੌਕੇ ਮਾਣ ਮਹਿਸੂਸ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਪ੍ਰਿੰਸੀਪਲ ਰਾਜੇਸ਼ ਕੁਮਾਰ ਨੇ ਦੱਸਿਆ ਕਿ

ਸਵਾਮੀ ਸ਼ਿਵਾਨੰਦਾ ਸਕੂਲ ਵਿੱਚੋਂ ਆਪਣੀ 10 +2 ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵਿਦਿਆਰਥਣ ਲਵਨੀਤ ਵਸ਼ਿਸ਼ਟ ਪੁੱਤਰੀ ਸੀਨੀਅਰ ਪੱਤਰਕਾਰ ਰਾਧੇ ਸ਼ਿਆਮ ਮੋਰਿੰਡਾ ਵੱਲੋਂ ਮਾਤਾ ਗੁਜਰੀ ਕਾਲਜ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਮਾਰਕਸ ਕਮੂਨੀਕੇਸ਼ਨ ਵਿੱਚ ਗੋਲਡ ਮੈਡਲ ਨਾਲ ਡਿਗਰੀ ਪ੍ਰਾਪਤ ਕਰਕੇ ਸ਼ਹਿਰ ਅਤੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ। ਇਸ ਮੌਕੇ ਤੇ ਸਕੂਲ ਦੀ ਮੈਨੇਜਮੈਂਟ ਕਮੇਟੀ ਵੱਲੋਂ ਲਵਨੀਤ ਵਸ਼ਿਸ਼ਟ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਵਿਦਿਆਰਥਣ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਗਈ। ਇਸ ਮੌਕੇ ਹੋਰ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਗਿਆ। ਇਸ ਸਮੇਂ ਸਾਬਕਾ ਕੌਂਸਲਰ ਜਗਪਾਲ ਸਿੰਘ ਜੌਲੀ, ਸਮਾਜ ਸੇਵਕ ਜਤਿੰਦਰ ਗੁੰਬਰ, ਸਾਬਕਾ ਪ੍ਰਿੰਸੀਪਲ ਸ਼ਾਰਦਾ ਪ੍ਰਸ਼ਾਦ ਮੋਰੀਆ,ਸੰਜੀਵ ਸੂਦ, ਸਾਬਕਾ ਜਿਲਾ ਸਿੱਖਿਆ ਅਫਸਰ ਰਮਨ ਭੇਲਾ, ਚੇਤਨ ਵਸ਼ਿਸ਼ਟ, ਕਪਿਲ ਭਾਰਦਵਾਜ, ਜਗਦੀਸ਼ ਵਰਮਾ, ਮਾਸਟਰ ਹਾਕਮ ਸਿੰਘ ਆਦਿ ਕਮੇਟੀ ਮੈਂਬਰ ਅਤੇ ਅਧਿਆਪਕ ਹਾਜ਼ਰ ਸਨ।

# ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਜਨਮ ਦਿਹਾੜਾ ਮਨਾਉਣ ਸਬੰਧੀ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਲੌਂਗੋਵਾਲ,1 ਅਪ੍ਰੈਲ (ਜਗਸੀਰ ਸਿੰਘ )- ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਮੰਚ ਲੌਂਗੋਵਾਲ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਹਾੜੇ ਨੂੰ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 14 ਅਪ੍ਰੈਲ ਨੂੰ ਪੂਰੀ ਸਰਧਾ ਅਤੇ ਉਤਸਾਹ ਨਾਲ ਮਨਾਉਣ ਲਈ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸ ਸਬੰਧੀ ਅੱਜ

ਸਥਾਨਕ ਸ੍ਰੀ ਗੁਰੂ ਰਵਿਦਾਸ ਨਵੀਂ ਧਰਮਸ਼ਾਲਾ ਪੱਤੀ ਦੁੱਲਟ ਵਿਖੇ ਬਾਬਾ ਸਾਹਿਬ ਅੰਬੇਡਕਰ ਮੰਚ ਲੌਂਗੋਵਾਲ ਦੇ ਪ੍ਰਧਾਨ ਨੱਛਤਰ ਸਿੰਘ ਦੀ ਅਗਵਾਈ ਹੇਠ ਮੀਟਿੰਗ ਦਾ ਆਯੋਜਨ ਕੀਤਾ ਗਿਆ ।ਇਸ ਮੌਕੇ ਮੀਤ ਪ੍ਰਧਾਨ ਹਰਪ੍ਰੀਤ ਸਿੰਘ ਦੁੱਲਟ, ਖਜਾਨਚੀ ਯਸ਼ਪਾਲ ਸਿੰਘ, ਸਹਾਇਕ ਖ਼ਜ਼ਾਨਚੀ ਜੀਵਨ ਸਿੰਘ, ਸਟੇਜ ਸੈਕਟਰੀ ਪ੍ਰਿਥੀ ਸਿੰਘ, ਮੁੱਖ ਸਲਾਹ ਕਾਰ ਸੁਮਿੰਦਰ ਸਿੰਘ ਸਿਹਤ ਵਿਭਾਗ, ਸੁਖਵਿੰਦਰ ਸਿੰਘ ਬਿਜਲੀ ਮੁਲਾਜ਼ਮ,ਪ੍ਰੈਸ ਕਲੱਬ ਲੌਂਗਵਾਲ (ਰਜਿ: )

ਦੇ ਪ੍ਰਧਾਨ ਜਗਸੀਰ ਸਿੰਘ, ਮੀਤ ਪ੍ਰਧਾਨ ਜੁਮਾ ਸਿੰਘ, ਮੈਂਬਰ ਬੂਟਾ ਸਿੰਘ ਦੁੱਲਟ, ਲੀਲਾ ਸਿੰਘ, ਮਿਸਤਰੀ ਲਾਭ ਸਿੰਘ, ਸੁਖਵਿੰਦਰ ਸਿੰਘ, ਗੁਰੀ ਸਿੰਘ, ਗੁਰਸੇਵਕ ਸਿੰਘ, ਸੁਖਵਿੰਦਰ ਸਿੰਘ ਮੱਲ੍ਹੀ, ਪੱਪੂ ਸਿੰਘ ਭੋਲਾ ਸਿੰਘ, ਗੁਰਪ੍ਰੀਤ ਸਿੰਘ ਬੂਟਾ ਸਿੰਘ ਦੀਪ ਸਿੰਘ ਨੇ ਭਾਗ ਲਿਆ ਤੇ ਪ੍ਰੋਗਰਾਮ ਉਲੀਕਿਆ ਗਿਆ ਕਿ 14 ਅਪ੍ਰੈਲ ਨੂੰ ਬਾਬਾ ਸਾਹਿਬ ਜੀ ਦੇ ਜਨਮ ਦਿਹਾੜੇ ਦੇ ਸਬੰਧ ਵਿੱਚ ਲੌਂਗਵਾਲ ਵਿਖੇ ਵਿਸਾਲ ਮਾਰਚ ਕੱਢਿਆ ਜਾਵੇਗਾ ਅਤੇ ਸਮਾਗਮ ਡਾ. ਭੀਮ ਰਾਓ ਅੰਬੇਡਕਰ ਭਵਨ ਲੌਂਗੋਵਾਲ ਵਿਖੇ ਆਯੋਜਿਤ ਕੀਤਾ ਜਾਵੇਗਾ ਇਸ ਮੌਕੇ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਦੇ ਅਧਾਰਤ ਨਾਟਕ, ਕੋਰੀਓਗ੍ਰਾਫੀਆਂ ਅਤੇ ਗੀਤ ਵੀ ਪੇਸ਼ ਕੀਤੇ ਜਾਣਗੇ।

# ਪੰਜਾਬ ਸਰਕਾਰ ਵੱਲੋਂ ਪੇਂਡੂ ਜਲ ਘਰਾਂ ਨੂੰ ਪੰਚਾਇਤਾਂ ਹਵਾਲੇ ਕਰਨ ਲਈ ਲਿਆਂਦੀ ਨੀਤੀ ਵਿੱਚ ਤੇਜੀ

## ਜਾਗਰਤ ਪੰਚਾਇਤਾਂ ਅਤੇ ਮੁਲਾਜ਼ਮ ਵਲੋਂ ਜ਼ਬਰਦਸਤ ਵਿਰੋਧ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਮੋਰਿੰਡਾ 1 ਅਪ੍ਰੈਲ (ਪਤਰ ਪ੍ਰੇਰਕ ) ਪੰਜਾਬ ਸਰਕਾਰ 100 ਫੀਸਦੀ ਪੇਂਡੂ ਘਰਾਂ ਨੂੰ ਪਾਇਪਾਂ ਰਾਹੀਂ ਜਲ ਸਪਲਾਈ ਯਕੀਨੀ ਬਣਾਉਣ ਲਈ” ਹਰ ਘਰ ਜਲ “ ਦਾ ਦਰਜਾ ਹਾਸਲ ਕਰਨ ਵਾਲਾ ਦੇਸ਼ ਦਾ ਪੰਜਵਾਂ ਸੂਬਾ ਬਣ ਗਿਆ ਹੈ। ਪਾਣੀ ਦੀ ਗੁਣਵੱਤਾ ਅਤੇ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ 21,174 ਕਰੋੜ ਰੁਪਏ ਦੀ ਲਾਗਤ ਨਾਲ 1706 ਪਿੰਡਾਂ ਨੂੰ ਕਵਰ ਕਰਨ ਵਾਲੇ 15 ਵੱਡੇ ਨਹਿਰੀ ਪਾਣੀ ਦੇ ਪ੍ਰੋਜੈਕਟ ਵਿਕਾਸ ਅਧੀਨ ਹਨ। ਇਹਨਾਂ ਪ੍ਰੋਜੈਕਟਾਂ ਨਾਲ ਲਗਭਗ 25 ਲੱਖ ਦੀ ਆਬਾਦੀ ਅਤੇ 4 ਲੱਖ ਪਰਿਵਾਰਾਂ ਨੂੰ ਲਾਭ ਮਿਲੇਗਾ। ਸਰਕਾਰ ਵਲੋਂ ਦਾਅਵੇ ਕੀਤੇ ਗਏ ਹਨ ਕਿ ਪੰਜਾਬ ਸਰਕਾਰ ਵੱਲੋਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿੱਚ ਸੈਕਟਰ ਵਾਈਡ ਅਪਰੋਚ ਜੁਲਾਈ 2010 ਤੋਂ ਲਾਗੂ ਕੀਤੀ ਗਈ ਸੀ। ਇਸ ਵਿਕੇਂਦਰੀਕਰਨ ਦੀ ਨੀਤੀ ਤਹਿਤ ਜਲ ਸਪਲਾਈ ਅਤੇ ਸੈਨੀਟੇਸ਼ਨ ਸਕੀਮਾਂ ਦੀ ਯੋਜਨਾ ਉਸਾਰੀ ਅਤੇ ਸਾਂਭ ਸੰਭਾਲ ਵਿੱਚ ਪਿੰਡਾਂ ਦੀਆਂ ਪੰਚਾਇਤਾਂ, ਜਲ ਸਪਲਾਈ ਤੇ ਸੈਨੀਟੇਸ਼ਨ ਕਮੇਟੀਆਂ ਹਵਾਲੇ ਕੀਤਾ ਜਾਣਾ ਹੈ। ਇਸ ਲਈ ਪੰਚਾਇਤੀਕਰਨ ਦੀ ਨੀਤੀ ਵਿੱਚ ਤੇਜ਼ੀ ਲਿਆਉਂਦਿਆਂ ਵਿਭਾਗ ਦੇ ਪ੍ਰਮੁੱਖ ਸਕੱਤਰ ਵੱਲੋਂ 28 ਫਰਵਰੀ ਨੂੰ ਤਿੰਨੋਂ ਮੁੱਖ ਇੰਜੀਨੀਅਰਾਂ ਦੀ ਮੀਟਿੰਗ ਕਰਕੇ ਪੱਤਰ 661 ਮਿਤੀ 13/ 3/25 ਨੂੰ ਜਾਰੀ ਕਰਕੇ ਹਰ ਮਹੀਨੇ ਇੱਕ ਪੇਂਡੂ ਜਲ ਘਰ ਨੂੰ ਪਿੰਡ ਦੀ ਪੰਚਾਇਤ ਦੀ ਮਾਲਕੀ ਹੇਠ ਦੇਣ ਲਈ 2021 ਵਿੱਚ ਕੰਟਰੈਕਟ ਬੇਸ ਤੇ ਭਰਤੀ ਕੀਤੇ 308 ਬੀ ਆਰ ਸੀ ਨੂੰ ਜਿੰਮੇਵਾਰੀ ਦਿੱਤੀ ਗਈ ਹੈ ਅਤੇ ਹਰ ਮਹੀਨੇ ਇਸ ਨੀਤੀ ਦੀ ਸਮੀਖਿਆ ਕੀਤੀ ਜਾਣੀ ਹੈ। ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ ਯੂਨੀਅਨ ਦੇ ਜਨਰਲ ਸਕੱਤਰ ਪਾਵਨ ਮੋਗਾ ਨੇ ਖਾਦਸਾ ਪ੍ਰਗਟ ਕੀਤਾ ਕਿ ਇਸ ਨੀਤੀ ਦੀ ਸਮੀਖਿਆ ਦੇ ਨਾਂ ਹੇਠ ਇਹਨਾਂ ਵਰਕਰਾਂ ਤੇ ਰੁਜ਼ਗਾਰ ਤੇ ਕੁਹਾੜਾ ਵੀ ਚਲ ਸਕਦਾ ਹੈ। ਜਲ ਸਪਲਾਈ ਅਤੇ ਸੈਨੀਟੇਸ਼ਨ ਵਰਕਰ ਯੂਨੀਅਨ ਰਜਿ ਨੰਬਰ 26 ਦੇ ਵਿੱਤ ਸਕੱਤਰ ਦੇਵਿੰਦਰ ਸਿੰਘ ਨੇ ਦੱਸਿਆ ਕਿ ਵਿਭਾਗ ਵੱਲੋਂ ਜਾਰੀ ਲਿਸਟ ਮੁਤਾਬਕ ਡਵੀਜ਼ਨ ਰੋਪੜ 27 ,ਮੋਹਾਲੀ ਨੰਬਰ ਤਿੰਨ ਵਿੱਚ 35, ਸ੍ਰੀ ਅਨੰਦਪੁਰ ਸਾਹਿਬ 44 ,ਖੰਨਾ 75, ਲੁਧਿਆਣਾ ਨੰਬਰ ਇੱਕ 67 ,ਲੁਧਿਆਣਾ ਨੰਬਰ ਦੋ ਚ 63, ਲੁਧਿਆਣਾ ਨੰਬਰ ਤਿੰਨ ਵਿੱਚ 42 ,ਪਟਿਆਲਾ ਨੰਬਰ ਇੱਕ 36, ਦੋ ਵਿੱਚ 26 ,ਰਾਜਪੁਰਾ ਵਿੱਚ 70, ਫਤਿਹਗੜ੍ਹ ਸਾਹਿਬ ਵਿੱਚ 63 ,ਬਰਨਾਲਾ ਵਿੱਚ 49, ਮਲੇਰਕੋਟਲਾ ਵਿੱਚ 149, ਸੰਗਰੂਰ ਵਿੱਚ 66 ਆਦਿ ਪੇਂਡੂ ਜਲ ਘਰਾਂ ਨੂੰ 15/4/2025 ਤੱਕ ਪੰਚਾਇਤਾਂ ਦੇ ਹਵਾਲੇ ਕਰਨਾ ਹੈ, ਇਸ ਨੀਤੀ ਨਾਲ ਸਕੀਮਾਂ ਤੇ ਲੰਮੇ ਸਮੇਂ ਤੋਂ ਇਨਲਿਸਟਮੈਂਟ, ਆਊਟਸੋਰਸਿੰਗ ਨੀਤੀ ਤਹਿਤ ਕੱਚੇ ਕਾਮਿਆਂ ਤੇ ਛਾਂਟੀ ਦੀ ਤਲਵਾਰ ਲਟਕ ਸਕਦੀ ਹੈ, ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰ ਯੂਨੀਅਨ ਰਜਿ ਨੰਬਰ 31 ਦੇ ਸੂਬਾਈ ਪ੍ਰਚਾਰ ਸਕੱਤਰ ਗੁਰਵਿੰਦਰ ਸਿੰਘ ਪੰਜੋਲੀ ਨੇ ਦੱਸਿਆ ਕਿ ਭਾਵੇਂ ਸਰਕਾਰ ਵਿਕੇਂਦਰੀਕਰਨ ਦੇ ਨਾਂ ਥੱਲੇ ਪੰਚਾਇਤਾਂ ਨੂੰ ਵੱਧ ਅਧਿਕਾਰ ਦੇ ਦਾਅਵੇ ਕਰਕੇ ਸੰਸਾਰ ਬੈਂਕ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਿੱਜੀਕਰਨ ਦਾ ਹੀ ਹੱਲਾਂ ਤੇਜ਼ ਕੀਤਾ ਜਾ ਰਿਹਾ ਹੈ,ਜਿੱਥੇ ਅਸੀਂ ਸਕਾਡਾ ਸਮੇਤ ਪੰਚਾਇਤੀਕਰਨ ਦਾ ਡੱਟ ਕੇ ਵਿਰੋਧ ਕਰਦੇ ਹਾਂ ਉੱਥੇ ਹੀ ਪੰਚਾਇਤਾਂ ਨੂੰ ਅਪੀਲ ਕਰਦੇ ਹਾਂ ਕਿ ਸਰਕਾਰਾਂ ਦੇ ਅਧਿਕਾਰੀਆਂ ਦੇ ਛਲਾਵੇ ਵਿੱਚ ਨਾ ਆਉਣ, ਪੀ ਡਬਲਿਊ ਡੀ ਜਲ ਸਪਲਾਈ ਅਤੇ ਸੈਨੀਟੇਸ਼ਨ ਤਾਲਮੇਲ ਸੰਘਰਸ਼ ਕਮੇਟੀ ਦੇ ਕਨਵੀਨਰ ਮਹਿਮਾ ਸਿੰਘ ਧਨੌਲਾ, ਮਨਜੀਤ ਸਿੰਘ ਸੰਗਤਪੁਰਾ ਨੇ ਵੀ ਸਰਕਾਰ ਦੀ ਇਸ ਨੀਤੀ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਨੀਤੀ ਨਾ ਮੁਲਾਜ਼ਮਾਂ ਦੇ ਪੱਖ ਵਿੱਚ ਹੈ ਅਤੇ ਨਾ ਹੀ ਲੋਕਾਂ ਦੇ ਪੱਖ ਵਿੱਚ ਹੈ ਇਹਨਾਂ ਦੱਸਿਆ ਕਿ ਪੰਜਾਬ ਵਿੱਚ ਪੰਚਾਇਤਾਂ ਅਧੀਨ ਦਿੱਤੀਆਂ ਗਈਆਂ ਸੈਂਕੜੇ ਸਕੀਮਾਂ ਪਹਿਲਾਂ ਹੀ ਬੰਦ ਪਈਆਂ ਹਨ ਅਤੇ ਹੌਲੀ ਹੌਲੀ ਪਾਣੀ ਤੇ ਕੰਟਰੋਲ ਕਾਰਪੋਰੇਟਾਂ ਦਾ ਹੋ ਜਾਵੇਗਾ। ਜਲ ਸਪਲਾਈ ਅਤੇ ਮਸਟਰੋਲ ਇੰਪਲਾਈਜ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਨੰਦਨ ਸਿੰਘ ਮਹਣੀਆ ਨੇ ਵੀ ਪੰਜਾਬ ਸਰਕਾਰ ਦੀ ਇਸ ਨੀਤੀ ਦਾ ਤਿੱਖੇ ਸ਼ਬਦਾਂ ਵਿੱਚ ਵਿਰੋਧ ਕੀਤਾ। ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਨੇ ਦੱਸਿਆ ਕਿ ਇਹ 1991 ਦੀਆਂ ਨਵੀਆਂ ਆਰਥਿਕ ਨੀਤੀਆਂ ਦਾ ਇੱਕ ਪਾਰਟ ਹੈ ਇਹਨਾਂ ਦੱਸਿਆ ਕਿ 73ਵੀਂ ਸੰਵਿਧਾਨਿਕ ਸੋਧ ਭਾਰਤ ਵਿੱਚ 24 ਅਪ੍ਰੈਲ 1993 ਨੂੰ ਲਾਗੂ ਕਰ ਦਿੱਤੀ ਗਈ ਸੀ ਅਤੇ ਪੰਜਾਬ ਵਿੱਚ 73ਵੀਂ ਸੋਧ ਨੂੰ ਲਾਗੂ ਕਰਨ ਲਈ ਪੰਚਾਇਤੀ ਰਾਜ ਐਕਟ 1994 ਪਾਸ ਕਰਕੇ 21 ਅਪ੍ਰੈਲ 1994 ਤੋਂ ਲਾਗੂ ਕਰ ਦਿੱਤਾ ਸੀ ।ਜਿਸ ਤਹਿਤ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਵਾਲੇ ਵਿਭਾਗਾਂ ਵਿਦਿਆ, ਸਿਹਤ ਪਾਣੀ ਆਦਿ ਸਮੇਤ 29 ਵਿਭਗਾਂ ਨੂੰ ਪੰਚਾਇਤਾਂ ਅਧੀਨ ਦੇਣੇ ਹਨ। ਡੀ ਐਮ ਐਫ ਸ਼ੁਰੂ ਤੋਂ ਹੀ ਜਿੱਥੇ ਇਸ ਨੀਤੀ ਦਾ ਵਿਰੋਧ ਅਤੇ ਮੁਲਾਜ਼ਮਾਂ ਨੂੰ ਜਾਗ੍ਰਿਤ ਕਰਕੇ ਸੰਘਰਸ਼ ਕਰਦਾ ਆ ਰਿਹਾ ਅਤੇ ਅੱਜ ਵੀ ਇਸ ਨੀਤੀ ਦਾ ਵਿਰੋਧ ਕਰ ਰਹੇ ਜਲ ਸਪਲਾਈ ਦੇ ਸਮੂਹ ਮੁਲਾਜ਼ਮਾਂ ਦੇ ਸੰਘਰਸ਼ ਦੀ ਡਟਵੀਂ ਹਮਾਇਤ ਕਰਦਾ ਹੈ। ਪੀ ਡਬਲਿਊ ਡੀ ਫ਼ੀਲਡ ਐਂਡ ਵਰਕਸ਼ਾਪ ਵਰਕਰਜ ਯੂਨੀਅਨ ਦੇ ਸੂਬਾ ਪ੍ਰਧਾਨ ਮੱਖਣ ਸਿੰਘ ਵਹਿਦਪੁਰੀ ਨੇ ਵੀ ਇਸ ਨੀਤੀ ਦਾ ਡਟਵਾਂ ਵਿਰੋਧ ਕੀਤਾ ਹੈ। ਇਹਨਾਂ ਕਿਹਾ ਕਿ ਪਹਿਲਾਂ ਹੀ ਪੰਜਾਬ ਸਰਕਾਰ ਸਮੁੱਚੇ ਫੀਲਡ ਮੁਲਾਜ਼ਮਾਂ ਤੇ ਸਕੇਲਾਂ ਸਮੇਤ ਪ੍ਰਮੋਸ਼ਨਲਾਂ ਵਿੱਚ ਵੱਡਾ ਵਿਤਕਰਾ ਕਰ ਰਹੀ ਹੈ ਜਿਸ ਤੋਂ ਸਾਫ ਜਾਰ ਹੁੰਦਾ ਹੈ ਕਿ ਇਹ ਵਿਭਾਗ ਨੂੰ ਛੇਤੀ ਹੀ ਕਾਰਪੋਰੇਟ ਹੱਥਾਂ ਦੇ ਵਿੱਚ ਸੌਂਪਣ ਦੀ ਤਿਆਰੀ ਕਰ ਰਹੀ।

# ਮਾਈ ਭਾਗੋ ਆਰਮਡ ਇੰਸਟੀਚਿਊਟ ਮੋਹਾਲੀ ਵਿਖੇ ਆਰਮੀ ’ਚ ਭਰਤੀ ਹੋਣ ਦੀਆਂ ਚਾਹਵਾਨ ਲੜਕੀਆਂ ਲਈ ਸਿਖਲਾਈ ਸ਼ੁਰੂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਮਾਨਸਾ, 01 ਅਪ੍ਰੈਲ: ( ਆਤਮਾ ਸਿੰਘ ਪਮਾਰ)

ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਮੋਹਾਲੀ ਵੱਲੋਂ ਲੜਕੀਆਂ ਨੂੰ ਆਰਮੀ ਵਿੱਚ ਭਰਤੀ ਹੋਣ ਲਈ ਸਿਖਲਾਈ ਮੁਹੱਈਆ ਕਰਵਾਈ ਜਾ ਰਹੀ ਹੈ| ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫ਼ਸਰ, ਸ੍ਰੀ.ਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਸਿਖਲਾਈ ਵਿੱਚ ਬਾਰ•ਵੀਂ ਪਾਸ ਲੜਕੀਆਂ ਭਾਗ ਲੈ ਸਕਦੀਆਂ ਹਨ ਜਿੰਨ੍ਹਾਂ ਦੀ ਉਮਰ ਘੱਟੋ ਘੱਟ 16 ਸਾਲ ਹੋਣੀ ਲਾਜ਼ਮੀ ਹੈ ਅਤੇ ਇਸ ਸਿਖਲਾਈ ਲਈ ਪੰਜਾਬ ਦੀਆਂ ਲੜਕੀਆਂ ਨੂੰ ਹੀ ਪਹਿਲ ਦਿੱਤੀ ਜਾਵੇਗੀ|

ਉਨ੍ਹਾਂ ਦੱਸਿਆ ਕਿ ਇਸ ਟ੍ਰੇਨਿੰਗ ਲਈ ਲੜਕੀ ਦਾ ਕੱਦ 153 ਸੈਮੀ. ਅਤੇ ਭਾਰ 40.5 ਤੋਂ 42 ਕਿਲੋ ਤੱਕ ਹੋਣਾ ਚਾਹੀਦਾ ਹੈ| ਵਧੇਰੇ ਜਾਣਕਾਰੀ ਲਈ ਮਾਈ ਭਾਗੋ ਆਰਮਡ ਇੰਸਟੀਚਿਊਟ, ਸੈਕਟਰ 66, ਐਸ.ਏ.ਐਸ. ਨਗਰ, ਮੋਹਾਲੀ ਨਾਲ 0172-2233105 ਰਾਬਤਾ ਕਾਇਮ ਕੀਤਾ ਜਾ ਸਕਦਾ ਹੈ।

# ਵਿਧਾਇਕ ਡਾ ਚਰਨਜੀਤ ਸਿੰਘ ਨੇ ਮੋਰਿੰਡਾ ਸ਼ਹਿਰ ਦੇ ਵੱਖ-ਵੱਖ ਵਾਰਡਾਂ ਚ 30 ਲੱਖ ਤੋਂ ਵੱਧ ਵਿਕਾਸ ਕਾਰਜਾਂ ਦੇ ਕੀਤੇ ਉਦਘਾਟਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਮੋਰਿੰਡਾ 1 ਅਪ੍ਰੈਲ,(ਪਤਰ ਪ੍ਰੇਰਕ,) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਰਾਜ ਦੇ ਪਿੰਡਾਂ ਅਤੇ ਸ਼ਹਿਰਾਂ ਦੇ ਸਰਵਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਕਾਰਜਸ਼ੀਲ ਹੈ। ਹੁਣ ਤੱਕ ਸੂਬੇ ਵਿਚ ਵਿਆਪਕ ਪੱਧਰ ਉਤੇ ਵਿਕਾਸ ਕਾਰਜ ਕਰਵਾਏ ਗਏ ਹਨ, ਜੋ ਨਿਰੰਤਰ ਜਾਰੀ ਹਨ। ਇਸੇ ਤਰ੍ਹਾਂ ਮੋਰਿੰਡਾ ਦੇ ਵਿਕਾਸ ਕਾਰਜਾਂ ਲਈ ਵੀ ਫੰਡਾਂ ਦੀ ਕਮੀ ਨਹੀ ਆਉਣ ਦਿੱਤੀ ਜਾਵੇਗੀ।ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਨੇ ਅੱਜ ਮੋਰਿੰਡਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਵਾਰਡ ਨੰਬਰ 8 ਅਤੇ 3 ਵਿੱਚ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਡਾ. ਚਰਨਜੀਤ ਸਿੰਘ ਨੇ ਦੱਸਿਆ ਕਿ ਵਾਰਡ ਨੰਬਰ 3 ਅਤੇ ਵਾਰਡ ਨੰਬਰ 8 ਵਿੱਚ 2 ਰੋਡ ਬਣਾਏ ਜਾਣਗੇ, ਜਿਨ੍ਹਾਂ ਦੀ ਲਾਗਤ ਲਗਭਗ 25 ਲੱਖ ਦੀ ਹੋਵੇਗੀ, ਇਸ ਤੋਂ ਇਲਾਵਾ ਵਿਧਾਇਕ ਵੱਲੋਂ ਵਾਰਡ ਨੰਬਰ 3 ਵਿੱਚ ਓਪਨ ਜ਼ਿੰਮ ਦਾ ਉਦਘਾਟਨ ਵੀ ਕੀਤਾ ਗਿਆ, ਜਿਸ ਵਿੱਚ ਆਮ ਲੋਕ ਆਪਣੀ ਸਿਹਤ ਨੂੰ ਤੰਦਰੁਸਤ ਰੱਖਣ ਲਈ ਇਨ੍ਹਾਂ ਫਿੱਟਨੈੱਸ ਮਸ਼ੀਨਾਂ ਦੀ ਵਰਤੋਂ ਕਰ ਸਕਣਗੇ।

ਵਿਧਾਇਕ ਡਾ. ਚਰਨਜੀਤ ਸਿੰਘ ਨੇ ਸ਼ਹਿਰ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਮੋਰਿੰਡਾ ਸ਼ਹਿਰ ਦੇ ਵਿਕਾਸ ਵਿੱਚ ਭਵਿਖ ਵਿੱਚ ਵੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੋਕੇ ਡਾ ਚਰਨਜੀਤ ਸਿੰਘ ਵਲੋਂ ਰੇਲਵੇ ਲਾਈਨ ਦੇ ਨੇੜੇ ਗੰਦੇ ਨਾਲੇ ਦੀ ਥਾਂ 14 ਲੱਖ ਨਾਲ ਪਾਏ ਜਾ ਰਹੇ ਪਾਇਪ ਲਾਈਨ ਦੇ ਕੰਮ ਦਾ ਦੋਰਾ ਕੀਤਾ। ਇਸ ਮੌਕੇ ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ ਨੇ ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ ਦਾ ਧੰਨਵਾਦ ਕਰਦਿਆਂ ਆਖਿਆ ਕਿ ਇਹਨਾਂ ਵਲੋਂ ਮਿਲ ਰਹੇ ਭਰਵੇਂ ਸਹਿਯੋਗ ਸਦਕਾ ਮੋਰਿੰਡਾ ਵਿਖੇ ਖੇਡ ਸਟੇਡੀਅਮ ਬਣਾਇਆ ਗਿਆ ਹੈ। ਇਸ ਨੂੰ ਹੋਰ ਵਧੀਆ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ 14 ਲੱਖ ਦੀ ਗ੍ਰਾਂਟ ਆ ਚੁੱਕੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ ਦੇ ਸਿਆਸੀ ਸਕੱਤਰ ਜਗਤਾਰ ਸਿੰਘ ਘੜੂੰਆਂ,ਆਮ ਆਦਮੀ ਪਾਰਟੀ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਨਵਦੀਪ ਸਿੰਘ ਟੋਨੀ, ਨਿਰਮਲ ਸਿੰਘ ਮੇਹਰਬਾਨ, ਨਗਰ ਕੌਂਸਲ ਮੋਰਿੰਡਾ ਦੀ ਮੀਤ ਪ੍ਰਧਾਨ ਗੁਰਪ੍ਰੀਤ ਕੌਰ, ਕੌਂਸਲਰ ਰਾਜਪ੍ਰੀਤ ਸਿੰਘ ਰਾਜੀ, ਹਰਜੀਤ ਸਿੰਘ ਸੋਢੀ, ਸੰਗਤ ਸਿੰਘ ਭਾਮੀਆਂ, ਸੁਰਜੀਤ ਕੁਮਾਰ, ਵਰਿੰਦਰ ਸਿੰਘ ਸੁਖਦੀਪ ਸਿੰਘ ਭੰਗੂ, ਕਾਰਜ ਸਾਧਕ ਅਫਸਰ ਪਰਮਿੰਦਰ ਸਿੰਘ, ਸਾਬਕਾ ਕੌਂਸਲਰ ਸਤਵੰਤ ਕੌਰ, ਡਾ ਅਸ਼ਮਨੀ ਕੁਮਾਰ, ਸ੍ਰੀ ਟੇਕ ਚੰਦ ਸਮੇਤ ਅਨੇਕਾਂ ਪਤਵੰਤੇ ਸੱਜਣ ਤੇ ਨਗਰ ਨਿਵਾਸੀ ਹਾਜ਼ਰ ਸਨ।

# ਪਿੰਡ ਬਾਹੜ ਮਜਾਰਾ ਵਿਖੇ ਹੋਇਆ ਹੈਲਥ, ਫਿੱਟਨੈਸ ਅਤੇ ਐਜੂਕੇਸ਼ਨ ਮੋਟੀਵੇਸ਼ਨਲ ਕੈਂਪ ਦਾ ਸਫਲ ਆਯੋਜਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਫਗਵਾੜਾ 1 ਅਪ੍ਰੈਲ (ਸ਼ਿਵ ਕੌੜਾ) ਫਗਵਾੜਾ ਦੇ ਨੇੜਲੇ ਪਿੰਡ ਬਾਹੜ ਮਜ਼ਾਰਾ ਵਿਖੇ ਸਕੂਲ ਅਧਿਆਪਕਾਂ, ਐਨ.ਆਰ.ਆਈ. ਵੀਰਾਂ, ਪੰਚਾਇਤ ਅਤੇ ਨਿਰਭੈ ਵੈਲਫੇਅਰ ਸਪੋਰਟਸ ਕਲੱਬ ਦੇ ਸਹਿਯੋਗ ਨਾਲ ਨਵ ਫਿਟਨੈਸ ਕਲੱਬ ਦੁਆਰਾ ਹੈਲਥ, ਫਿਟਨੈਸ ਅਤੇ ਐਜੂਕੇਸ਼ਨ ਮੋਟੀਵੇਸ਼ਨਲ ਕੈਂਪ ਦਾ ਸਫਲ ਆਯੋਜਨ ਐਡਵੋਕੇਟ ਨਵਦੀਪ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ। ਜਿਸ ਵਿੱਚ ਬੱਚਿਆਂ ਨੂੰ ਚੰਗੀ ਸਿਹਤ, ਕਸਰਤ ਕਰਨ, ਚੰਗੀ ਖੁਰਾਕ ਖਾਣ ਅਤੇ ਚੰਗੀ ਪੜ੍ਹਾਈ ਕਰਨ ਦੇ ਬਾਰੇ ਜਾਗਰੂਕ ਕੀਤਾ ਗਿਆ। ਇਸ ਦੌਰਾਨ 29 ਮਾਰਚ ਨੂੰ ਨਸ਼ਿਆਂ ਦੇ ਖਿਲਾਫ ਪਿੰਡ ਵਿੱਚ ਇਕ ਜਾਗਰੂਕਤਾ ਰੈਲੀ ਵੀ ਕੱਢੀ ਗਈ। ਜਿਸ ਦੀ ਅਗਵਾਈ ਪਿੰਡ ਦੇ ਸਕੂਲ ਟੀਚਰ ਮਦਨ ਮੋਹਨ ਰਾਏ, ਹਰਮੇਸ਼ ਲਾਲ, ਪਰਮਜੀਤ ਸਿੰਘ, ਜਸਕਰਨ ਸਿੰਘ ਵਲੋਂ ਸਾਂਝੇ ਤੌਰ ਤੇ ਕੀਤੀ ਗਈ। ਦੂਸਰੇ ਦਿਨ ਦੇ ਇਵੈਂਟ ਵਿੱਚ ਮੁੱਖ ਮਹਿਮਾਨਾਂ ਵਜੋਂ ਰਣਜੀਤ ਉੱਪਲ ਚੇਅਰਮੈਨ ਚੰਡੀਗੜ੍ਹ, ਚੰਦਨ ਮੋਹਨ, ਪਰਵੀਨ ਬੰਗਾ, ਡਾ. ਇੰਦਰਜੀਤ ਕੁਮਾਰ ਐਡਵੋਕੇਟ, ਯੁਵਰਾਜ ਸਿੰਘ ਐਡਵੋਕੇਟ, ਡਾ. ਅਮਰਦੀਪ ਲੌਂਗੀਆ, ਡਾ. ਹਰਜਿੰਦਰ ਬੈਂਸ, ਹਰਜੋਤ ਰਾਏ ਓਲੰਪੀਅਨ ਬਾਡੀ ਬਿਲਡਰ, ਰਕੇਸ਼ ਕੁਮਾਰ ਬਾਡੀ ਬਿਲਡਰ, ਪਰਮਜੀਤ ਸਿੰਘ ਕਨੇਡਾ ਵੇਟ ਲਿਫਟਰ, ਤੇਜਸ ਪਹਿਲਵਾਨ, ਵਿਸ਼ਾਲ ਨੰਨ੍ਹਾ ਢਡਵਾਲ ਆਦਿ ਸ਼ਾਮਲ ਹੋਏ। ਉਹਨਾਂ ਆਪਣੇ ਵਢਮੁੱਲੇ ਵਿਚਾਰਾਂ ਨਾਲ ਬੱਚਿਆਂ ਨੂੰ ਸਿਹਤ ਫਿਟਨੈਸ, ਖੇਡਾਂ ਅਤੇ ਚੰਗੀ ਖੁਰਾਕ ਲੈਣ ਬਾਰੇ ਜਾਗਰੂਕ ਕੀਤਾ। ਇਸ ਦੌਰਾਨ ਨਿੱਕੇ-ਨਿੱਕੇ ਬੱਚਿਆਂ ਵਲੋਂ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਬੱਚਿਆਂ ਨੇ ਗਿੱਧਾ, ਭੰਗੜਾ ਅਤੇ ਭਾਸ਼ਣ ਰਾਹੀਂ ਇਵੈਂਟ ਦੀ ਰੌਣਕ ਨੂੰ ਚਾਰ ਚੰਨ ਲਗਾਏ। ਜਿਸ ਨੂੰ ਹਾਜਰੀਨ ਨੇ ਖੂਬ ਪਸੰਦ ਕੀਤਾ। ਹੋਣਹਾਰ ਬੱਚਿਆਂ ਅਤੇ ਬਜ਼ੁਰਗਾਂ ਦਾ ਸਨਮਾਨ ਵੀ ਕੀਤਾ ਗਿਆ। ਸਟੇਜ ਦੀ ਸੇਵਾ ਪ੍ਰੋਫੈਸਰ ਬਲਵਿੰਦਰ ਸਿੰਘ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਐਡਵੋਕੇਟ ਨਵਦੀਪ ਸਿੰਘ ਅਤੇ ਪ੍ਰਬੰਧਕਾਂ ਨੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਐਨ.ਆਰ.ਆਈ. ਵੀਰਾਂ ਅਤੇ ਸਹਿਯੋਗੀਆਂ ਚੇਤਨ ਸਿੰਘ, ਸੁਖਬੀਰ ਸਿੰਘ, ਗੁਰਪ੍ਰੀਤ ਸਿੰਘ, ਰਵੀ ਸ਼ੇਭਰਾਜ, ਮਨਜਿੰਦਰ ਸਿੰਘ, ਅਮਰਿੰਦਰ ਸਿੰਘ, ਰੂਬੀ ਦੁਸਾਂਝ, ਨੋਬਲ ਠਾਕੁਰ, ਹੈਪੀ, ਗੋਪੀ, ਗੋਰਾ, ਲੱਕੀ, ਕਸਤੂਰੀ ਲਾਲ, ਦਿਲਬਰ, ਰਾਣਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਆਸ਼ਾ ਰਾਣੀ ਸਰਪੰਚ, ਰਾਜਵਿੰਦਰ ਕੌਰ ਅਤੇ ਸਮੂਹ ਪੰਚਾਇਤ ਮੈਂਬਰ, ਪਰਮਜੀਤ ਕੌਰ, ਦੀਪ ਕੌਰ, ਗਿਆਨ ਕੌਰ, ਬਿਮਲਾ, ਸੁਰਿੰਦਰ ਪਾਲ, ਚੇਤਨ ਆਨੰਦ, ਸਰਵਣ, ਦੇਵ ਰਾਮ, ਨਰਿੰਦਰ ਪਾਲ, ਜਸਵੀਰ ਤੋਂ ਇਲਾਵਾ ਕਲੱਬ ਮੈਂਬਰ ਰਾਜੇਸ਼ ਕੁਮਾਰ, ਸੱਤੀ ਦੁਸਾਂਝ, ਸਤਵਿੰਦਰ ਕੁਮਾਰ, ਲੋਕ ਗਾਇਕ ਪੰਮਾ ਕੁਲਥਮ, ਅਜੇ ਕਲਸੀ, ਬਲਿਹਾਰ, ਕੁਲਬੀਰਾ, ਸੌਰਭ, ਸਾਹਿਲ, ਸਾਈਮਨ, ਮਨੀ, ਰਾਹੁਲ, ਅਭਿਸ਼ੇਕ, ਅਜੇ ਆਦਿ ਹਾਜ਼ਰ ਸਨ।

# ਆਪ ਸਰਕਾਰ ਪੰਜਾਬ ਨੂੰ ਬਰਬਾਦ ਕਰਨ ਤੇ ਤੁਲੀ -ਚੰਦਰ ਸ਼ੇਖਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਸੰਗਰੂਰ,1 ਅਪ੍ਰੈਲ (ਜਗਸੀਰ ਲੌਂਗੋਵਾਲ ) -ਪੰਜਾਬ ਰੋਡਵੇਜ਼/ਪਨਬੱਸ ਅਤੇ ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ (ਸੀਟੂ) ਦੀ ਸੂਬਾਈ ਕਾਰਜਕਾਰਨੀ ਨੂੰ ਸੰਬੋਧਨ ਕਰਦਿਆਂ ਆਲ ਇੰਡੀਆ ਰੋਡ ਟਰਾਂਸਪੋਰਟ ਵਰਕਰਜ਼ ਫੈਡਰੇਸ਼ਨ ਦੇ ਕੌਮੀ ਮੀਤ ਪ੍ਰਧਾਨ ਸਾਥੀ ਚੰਦਰ ਸ਼ੇਖਰ ਅਤੇ ਸੀਟੂ ਪੰਜਾਬ ਦੇ ਪ੍ਰਧਾਨ ਕਾਮਰੇਡ ਮਹਾਸਿੰਘ ਰੋੜੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਦੇ ਮਸਲੇ ਹੱਲ ਕਰਨ, ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਨਕਦ ਮਾਲੀ ਸਹਾਇਤਾ ਦੇਣ, ਖੇਤੀ-ਬਾੜੀ ਖੇਤਰ ਨੂੰ ਸੰਵਾਰਨ, ਨਸ਼ਿਆਂ ਦੇ ਕੋਹੜ ਅਤੇ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖਤਮ ਕਰਨ, ਹਰ ਤਰ੍ਹਾਂ ਦੇ ਮਾਫੀਆ ਰਾਜ ਦਾ ਖਾਤਮਾ ਕਰਨ, ਵੀ.ਆਈ.ਪੀ. ਸਭਿਆਚਾਰ ਨੂੰ ਠੱਲ੍ਹ ਪਾਉਣ, ਅਤੇ ਰੁਜ਼ਗਾਰ ਤੇ ਵਿਕਾਸ-ਮੁਖੀ ਰਾਜ ਦੇਣ ਦੀਆਂ ਗਰੰਟੀਆਂ ਦੇ ਕੇ ਵੱਡੀ ਗਿਣਤੀ ਵਿੱਚ ਵੋਟਾਂ ਅਤੇ ਸੀਟਾਂ ਜਿੱਤੀਆਂ ਸਨ। ਪਰ ਭਗਵੰਤ ਮਾਨ ਦੀ ਅਗਵਾਈ ਵਾਲੀ ਇਸ ਸੂਬਾਈ ਸਰਕਾਰ ਨੇ ਵਾਅਦਿਆਂ ਦੇ ਉਲਟ ਕੰਮ ਕਰਕੇ ਪੰਜਾਬ ਨੂੰ ਵੱਡੇ ਕਰਜ਼ੇ ਦੇ ਜਾਲ ਵਿੱਚ ਫਸਾ ਦਿੱਤਾ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਸਾਲ 2025-26 ਦੇ ਸਲਾਨਾ ਬਜਟ ਵਿੱਚ ਆਮਦਨ ਦਾ ਅਨੁਮਾਨ ਲਗਭਗ 1,11,000 ਕਰੋੜ ਰੁਪਏ ਹੈ, ਜਦਕਿ ਖਰਚਿਆਂ ਦਾ ਅਨੁਮਾਨ 2,36,080 ਕਰੋੜ ਰੁਪਏ ਹੈ। ਇਸ ਤਰ੍ਹਾਂ ਇੱਕੋ ਸਾਲ ਵਿੱਚ ਨਕਦ ਘਾਟਾ 1,25,000 ਕਰੋੜ ਰੁਪਏ ਦਾ ਹੋਵੇਗਾ। ਇਹ ਵਿਸ਼ਾਲ ਘਾਟਾ ਸਰਕਾਰੀ ਜਾਇਦਾਦਾਂ ਅਤੇ ਅਦਾਰਿਆਂ ਨੂੰ ਵੇਚ ਕੇ ਅਤੇ ਬਹੁਤ ਜ਼ਿਆਦਾ ਕਰਜ਼ੇ ਲੈ ਕੇ ਪੂਰਾ ਕੀਤਾ ਜਾਵੇਗਾ। ਵਿੱਤੀ ਸਾਲ ਦੇ ਅੰਤ ਤੱਕ ਪੰਜਾਬ ਸਰਕਾਰ 'ਤੇ ਕਰਜ਼ਾ 4 ਲੱਖ ਕਰੋੜ ਰੁਪਏ ਤੋਂ ਵੀ ਪਾਰ ਹੋ ਜਾਵੇਗਾ। ਚੰਦਰ ਸ਼ੇਖਰ ਨੇ ਅੱਗੇ ਕਿਹਾ ਕਿ ਸਰਕਾਰੀ ਕੰਪਨੀ ਪਨਬੱਸ ਅਤੇ ਸਰਕਾਰੀ ਕਾਰਪੋਰੇਸ਼ਨ ਪੀ.ਆਰ. ਟੀ.ਸੀ. ਨੇ ਬੈਂਕਾਂ ਤੋਂ ਕਰਜ਼ਾ ਲੈ ਕੇ ਜੋ ਬੱਸਾਂ ਚਲਾਈਆਂ, ਉਹ ਕੱਚੇ ਵਰਕਰਾਂ ਦੀ ਸਖ਼ਤ ਮਿਹਨਤ ਸਦਕਾ ਨਾ ਸਿਰਫ਼ ਪੰਜਾਬ ਸਰਕਾਰ ਨੂੰ ਕਰੋੜਾਂ ਰੁਪਏ ਦੇ ਪੈਸੰਜਰ ਟੈਕਸ ਅਤੇ ਹੋਰ ਟੈਕਸਾਂ ਦੀ ਰਾਸ਼ੀ ਜਮ੍ਹਾ ਕਰਵਾਉਂਦੀਆਂ ਰਹੀਆਂ, ਸਗੋਂ ਬੈਂਕਾਂ ਦੇ ਸਾਰੇ ਕਰਜ਼ੇ ਵੀ ਲਾਹ ਦਿੱਤੇ। ਇਸ ਤੋਂ ਬਾਅਦ ਇਹ ਬੱਸਾਂ ਪੀ.ਆਰ.ਟੀ.ਸੀ. ਅਤੇ ਪੰਜਾਬ ਰੋਡਵੇਜ਼ ਨੂੰ ਸੌਂਪ ਦਿੱਤੀਆਂ ਗਈਆਂ। ਮੁੱਖ ਮੰਗਾਂ ਅਤੇ ਸਰਕਾਰ ਦੀ ਨੀਤੀ 'ਤੇ ਇਤਰਾਜ਼:• ਇਨ੍ਹਾਂ ਅਦਾਰਿਆਂ ਰਾਹੀਂ ਪੰਜਾਬ ਦੇ ਲੋਕਾਂ ਨੂੰ ਬਿਹਤਰ ਸਫ਼ਰ ਸਹੂਲਤਾਂ ਦੇਣ ਵਾਲੇ ਕੱਚੇ ਵਰਕਰਾਂ ਨੂੰ ਰੈਗੂਲਰ ਵਰਕਰਾਂ ਦੇ ਬਰਾਬਰ ਤਨਖਾਹ ਅਤੇ ਭੱਤੇ ਦਿੱਤੇ ਜਾਣ। ਪੰਜਾਬ ਸਰਕਾਰ ਵਰਕਰਾਂ ਦੀ ਅਵਾਜ਼ ਨੂੰ ਦਬਾਉਣ, ਉਨ੍ਹਾਂ ਦੇ ਰੈਲੀਆਂ ਜਾਂ ਧਰਨਿਆਂ ਦੇ ਜਮਹੂਰੀ ਹੱਕ ਨੂੰ ਖੋਹਣ ਲਈ ਤਾਨਾਸ਼ਾਹੀ ਰਵੱਈਆ ਅਪਣਾ ਰਹੀ ਹੈ।

ਪਨਬੱਸ ਅਤੇ ਪੀ.ਆਰ. ਟੀ.ਸੀ. ਵਿੱਚ ਪ੍ਰਾਈਵੇਟ ਅਪਰੇਟਰਾਂ ਦੀਆਂ ਬੱਸਾਂ ਨਾ ਪਾਈਆਂ ਜਾਣ। ਕੰਡਕਟਰਾਂ ਦੀਆਂ ਡਿਊਟੀਆਂ 8 ਘੰਟਿਆਂ ਤੋਂ ਵੱਧ ਨਹੀਂ ਹੋਣੀਆਂ ਚਾਹੀਦੀਆਂ।

ਜੇ ਸਰਕਾਰ ਬੱਸਾਂ ਤੋਂ ਹਜ਼ਾਰਾਂ ਰੁਪਏ ਦੀ ਕਮਾਈ ਵਿੱਚੋਂ ਨਵੀਆਂ ਬੱਸਾਂ ਨਹੀਂ ਪਾਉਂਦੀ, ਤਾਂ ਘੱਟੋ-ਘੱਟ ਇਨ੍ਹਾਂ ਅਦਾਰਿਆਂ ਨੂੰ ਬੈਂਕਾਂ ਤੋਂ ਕਰਜ਼ਾ ਲੈ ਕੇ ਬੱਸਾਂ ਖਰੀਦਣ ਦੀ ਖੁੱਲ੍ਹ ਦਿੱਤੀ ਜਾਵੇ।

• ਨਿੱਜੀ ਮਾਲਕਾਂ ਤੋਂ ਰੋਜ਼ਾਨਾ 500 ਕਿਲੋਮੀਟਰ ਦੀ ਸ਼ਰਤ ਲਗਾ ਕੇ ਕੱਚੇ ਕੰਡਕਟਰਾਂ ਨੂੰ 14 ਤੋਂ 16 ਘੰਟੇ ਕੰਮ ਕਰਨ ਲਈ ਮਜਬੂਰ ਨਾ ਕੀਤਾ ਜਾਵੇ।

ਉਨ੍ਹਾਂ ਨੇ ਯੂਨੀਅਨ ਦੇ ਸਾਰੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ



ਭਖਦੀਆਂ ਮੰਗਾਂ ਮਨਵਾਉਣ, ਮੰਨੀਆਂ ਗਈਆਂ ਮੰਗਾਂ ਨੂੰ ਲਾਗੂ ਕਰਵਾਉਣ ਅਤੇ ਆਪਣੇ ਟਰੇਡ ਯੂਨੀਅਨ ਅਧਿਕਾਰਾਂ ਦੀ ਰਾਖੀ ਲਈ ਸੰਘਰਸ਼ ਨੂੰ ਤੇਜ਼ ਕਰਨ। ਨਾਲ ਹੀ, ਮਜ਼ਦੂਰ-ਮਾਰੂ ਨੀਤੀਆਂ ਵਿਰੁੱਧ 20 ਮਈ ਨੂੰ ਹੋਣ ਵਾਲੀ ਦੇਸ਼-ਵਿਆਪੀ ਹੜਤਾਲ ਨੂੰ ਸਫਲ ਬਣਾਉਣ ਲਈ ਜ਼ੋਰਦਾਰ ਤਿਆਰੀ ਸ਼ੁਰੂ ਕਰਨ ਦਾ ਸੱਦਾ ਦਿੱਤਾ।

ਯੂਨੀਅਨ ਦੇ ਸੂਬਾਈ ਪ੍ਰਧਾਨ ਰੇਸ਼ਮ ਸਿੰਘ ਗਿੱਲ ਅਤੇ ਜਨਰਲ ਸਕੱਤਰ ਸ਼ਮਸ਼ੇਰ ਸਿੰਘ ਢਿੱਲੋਂ ਨੇ ਵਰਕਰਾਂ ਦੀਆਂ ਮੰਗਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਸੰਘਰਸ਼ ਦੀ ਪੜਾਅਵਾਰ ਯੋਜਨਾ ਪੇਸ਼ ਕੀਤੀ। ਉਨ੍ਹਾਂ ਨੇ ਸਾਥੀ ਚੰਦਰ ਸ਼ੇਖਰ ਨੂੰ ਭਰੋਸਾ ਦਿਵਾਇਆ ਕਿ 20 ਮਈ ਨੂੰ ਨਵੇਂ ਮਜ਼ਦੂਰ-ਮਾਰੂ ਕੋਡ ਰੱਦ ਕਰਵਾਉਣ ਲਈ ਦੇਸ਼-ਵਿਆਪੀ ਹੜਤਾਲ ਵਿੱਚ ਪਨਬੱਸ ਅਤੇ ਪੀ.ਆਰ.ਟੀ.ਸੀ. ਦੇ ਕੱਚੇ ਕਾਮੇ ਪੂਰੀ ਤਾਕਤ ਨਾਲ ਹਿੱਸਾ ਲੈਣਗੇ।

# ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਪਿੰਗਲਵਾੜਾ ਸ਼ਾਖਾ ਵਿਖੇ ਖੂਨਦਾਨ ਕੈਂਪ ਵਿੱਚ 83 ਖੂਨਦਾਨੀਆਂ ਨੇ ਹਿੱਸਾ ਲਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ,1 ਅਪ੍ਰੈਲ (ਜਗਸੀਰ ਸਿੰਘ)- ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਸੀ੍ ਅੰਮ੍ਰਿਤਸਰ ਦੀ ਸਥਾਨਿਕ ਸ਼ਾਖਾ ਵਿਖੇ 25 ਵੇਂ ਸਥਾਪਨਾ ਦਿਵਸ ਨੂੰ ਸਮਰਪਿਤ ਤਿੰਨ ਰੋਜ਼ਾ ਸਮਾਗਮਾਂ ਅਧੀਨ ਦੂਸਰੇ ਦਿਨ ਵਿਸ਼ਾਲ ਖੂਨਦਾਨ ਕੈਂਪ ਡਾਕਟਰ ਇੰਦਰਜੀਤ ਕੌਰ ਪ੍ਰਧਾਨ ਸੁਸਾਇਟੀ, ਤਰਲੋਚਨ ਸਿੰਘ ਚੀਮਾ ਪ੍ਰਬੰਧਕ, ਹਰਜੀਤ ਸਿੰਘ ਅਰੋੜਾ ਵਧੀਕ ਪ੍ਰਬੰਧਕ , ਪ੍ਰਿੰਸੀਪਲ ਸੁਖਦਰਸ਼ਨ ਸਿੰਘ ਢਿੱਲੋਂ ਦੀ ਦੇਖ ਰੇਖ ਹੇਠ ਆਯੋਜਿਤ ਕੀਤਾ ਗਿਆ। ਸੁਰਿੰਦਰ ਪਾਲ ਸਿੰਘ ਸਿਦਕੀ ਵੱਲੋਂ ਕੈਂਪ ਸ਼ੁਰੂਆਤ ਦੀ ਅਰਦਾਸ ਕੀਤੀ ਗਈ। ਸਿਵਲ ਹਸਪਤਾਲ ਸੰਗਰੂਰ ਬਲੱਡ ਬੈਂਕ ਅਤੇ ਰੈਡ ਕਰਾਸ ਸੁਸਾਇਟੀ ਦੇ ਸਹਿਯੋਗ ਨਾਲ ਲਗਾਏ ਇਸ ਕੈਂਪ ਵਿੱਚ ਇਲਾਕੇ ਦੇ ਪਿੰਡਾਂ ਦੇ ਨੌਜਵਾਨਾਂ, ਸਲਾਈਟ ਲੌਂਗੋਵਾਲ ਦੇ ਵਿਦਿਆਰਥੀਆਂ ਅਤੇ ਪਿੰਗਲਵਾੜਾ ਦੇ ਸਟਾਫ ਮੈਂਬਰਾਂ ਨੇ ਖ਼ੂਨ ਕੀਤਾ। ਡਾ: ਉਪਾਸਨਾ, ਰਾਣੀ ਬਾਲਾ, ਹਰਦੀਪ ਕੌਰ,ਜਸਵੀਰ ਕੌਰ ਦੀ ਨਿਗਰਾਨੀ ਹੇਠ ਸਿਵਲ ਹਸਪਤਾਲ ਬਲੱਡ ਬੈਂਕ ਦੇ ਡਾ ਪੱਲਵੀ ਅਤੇ ਸਟਾਫ ਨੇ ਮੈਡੀਕਲ ਡਿਊਟੀਆਂ ਨਿਭਾਈਆਂ। ਇਸ ਮੌਕੇ ਤੇ, ਰਾਜਵੀਰ ਸਿੰਘ ਅੰਮ੍ਰਿਤਸਰ,ਤਿਲਕ ਰਾਜ, ਐਸ ਐਸ ਛੀਨਾ, ਜਗਦੀਪਕ ਸਿੰਘ, ਤਰਲੋਚਨ ਸਿੰਘ ਚੀਮਾ , ਹਰਜੀਤ ਸਿੰਘ ਅਰੋੜਾ, ਮਾਸਟਰ ਸਤਪਾਲ ਸ਼ਰਮਾ ਨੇ ਖੂਨਦਾਨੀਆਂ ਨੂੰ ਪਿੰਗਲਵਾੜਾ ਵੱਲੋਂ ਸਰਟੀਫਿਕੇਟ ਦੇ ਕੇ ਉਤਸ਼ਾਹਿਤ ਕੀਤਾ।ਡਾ: ਇੰਦਰਜੀਤ ਕੌਰ ਨੇ ਕਿਹਾ ਕਿ ਪਿੰਗਲਵਾੜਾ ਵੱਲੋਂ ਕੀਤੀਆਂ ਜਾ ਰਹੀਆਂ ਵੱਖ ਵੱਖ ਸੇਵਾਵਾਂ ਦੀ ਲੜੀ ਵਿੱਚ ਭਗਤ ਪੂਰਨ ਸਿੰਘ ਜੀ ਦੀ ਮਾਨਵਤਾ ਭਲਾਈ ਦੀ ਸੋਚ ਨੂੰ ਸਮਰਪਿਤ ਇਹ ਖੂਨਦਾਨ ਕੈਂਪ ਲਗਾਇਆ ਗਿਆ ਹੈ। ਇਸ ਮੌਕੇ ਤੇ ਡਾ ਗੁਨਿੰਦਰਜੀਤ ਸਿੰਘ ਜਵੰਦਾ ਚੇਅਰਮੈਨ ਇਨਫੋਟੈਕ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਰਾਜ ਕੁਮਾਰ ਅਰੋੜਾ, ਰਾਜਵਿੰਦਰ ਸਿੰਘ ਲੱਕੀ, ਗਿਆਨੀ ਮਨਦੀਪ ਸਿੰਘ ਮੁਰੀਦ , ਹਰਪ੍ਰੀਤ ਸਿੰਘ ਪ੍ਰੀਤ, ਬਲਵੰਤ ਸਿੰਘ, ਕੁਲਵੰਤ ਸਿੰਘ ਅਕੋਈ, ਪ੍ਰੋ ਨਰਿੰਦਰ ਸਿੰਘ, ਸਰਬਜੀਤ ਸਿੰਘ ਰੇਖੀ, ਸੁਭਾਸ਼ ਕਰਾੜੀਆ, ਹਰਕੀਰਤ ਕੌਰ, ਇੰਦਰਪਾਲ ਕੌਰ, ਕਮਲਪ੍ਰੀਤ ਕੌਰ, ਆਦਿ ਹਾਜ਼ਰ ਸਨ। ਸੁਰਿੰਦਰ ਪਾਲ ਸਿੰਘ ਸਿਦਕੀ ਪ੍ਰੈਸ ਮੀਡੀਆ ਇੰਚਾਰਜ ਨੇ ਦੱਸਿਆ ਕਿ ਇਸ ਕੈਂਪ ਲਈ ਵਿਗਿਆਨ ਅਤੇ ਵੈਲਫੇਅਰ ਕਲੱਬ ਅਮਰਗੜ, ਡਾ ਜਗਦੀਪ ਸਿੰਘ ਜੈਨਪੁਰ, ਮਨੋਜ ਕੁਮਾਰ ਸਲਾਈਟ ਲੌਂਗੋਵਾਲ, ਪਿੰਗਲਵਾੜਾ ਨਰਸਿੰਗ ਸਟਾਫ਼ ਮੈਂਬਰ ਬਲਜੀਤ ਕੌਰ, ਮਨਦੀਪ ਕੌਰ ਦੇ ਨਾਲ ਕੁਲਵੀਰ ਕੌਰ, ਸੰਦੀਪ ਸਿੰਘ, ਜੱਜ ਸਿੰਘ ਕ੍ਰਿਸ਼ਨ ਸਿੰਘ, ਅਮਨਦੀਪ ਕੌਰ, ਬੀਰਪਾਲ ਕੌਰ, ਮਨਦੀਪ ਕੌਰ ਚੱਠੇ ਆਦਿ ਦਾ ਸਹਿਯੋਗ ਰਿਹਾ। ਇਸ ਕੈਂਪ ਵਿੱਚ 83 ਖੂਨਦਾਨੀਆਂ ਨੇ ਇਸ ਮਾਨਵ ਭਲਾਈ ਕਾਰਜ ਵਿੱਚ ਹਿੱਸਾ ਪਾਇਆ।

# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਸੰਗਰੂਰ 'ਚ ਕਣਕ ਦੀ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਸੈਕਟਰ ਅਫ਼ਸਰ ਤਾਇਨਾਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਸੰਗਰੂਰ, 1 ਅਪ੍ਰੈਲ, 2025: ਰੱਬੀ ਸੀਜ਼ਨ 2025-26 ਦੌਰਾਨ ਜ਼ਿਲ੍ਹਾ ਸੰਗਰੂਰ ਦੇ ਖਰੀਦ ਕੇਂਦਰਾਂ ਵਿੱਚ ਕਣਕ ਦੀ ਖਰੀਦ ਨੂੰ ਸੁਚਾਰੂ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਜ਼ਿਲੇ ਦੀਆਂ ਸਮੂਹ ਅਨਾਜ ਮੰਡੀਆਂ ਵਿਚ ਵੱਖੋ ਵੱਖ ਸੈਕਟਰ ਅਫ਼ਸਰ ਤਾਇਨਾਤ ਕੀਤੇ ਗਏ ਹਨ ਜੋ ਕਿ ਕਿਸੇ ਵੀ ਸਮੱਸਿਆ ਦੀ ਸਥਿਤੀ ਵਿਚ ਸਬੰਧਤ ਉੱਪ ਮੰਡਲ ਮੈਜਿਸਟਰੇਟ ਨਾਲ ਤਾਲਮੇਲ ਕਰਨਗੇ।

ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਰਿਸ਼ੀ ਨੇ ਦੱਸਿਆ ਕਿ ਖਰੀਦ ਪ੍ਰਬੰਧਾਂ ਦੀ ਸਮੁੱਚੀ ਨਿਗਰਾਨੀ ਵਧੀਕ ਡਿਪਟੀ ਕਮਿਸ਼ਨਰ (ਜ) ਕਰਨਗੇ ਅਤੇ ਸਬੰਧਤ ਐਸ.ਡੀ.ਐੱਮ. ਆਪਣੇ ਅਧਿਕਾਰ ਖੇਤਰ ਵਿਚ ਖਰੀਦ ਪ੍ਰਬੰਧਾਂ ਦੇ ਇੰਚਾਰਜ ਹੋਣਗੇ। ਉਨ੍ਹਾਂ ਕਿਹਾ ਕਿ ਸੈਕਟਰ ਅਫਸਰਾਂ ਵਲੋਂ ਡਿਊਟੀ ਵਿਚ ਕਿਸੇ ਵੀ ਕਿਸਮ ਦੀ ਕੀਤੀ ਗਈ ਲਾਪਰਵਾਹੀ ਦੀ ਸੂਰਤ ਵਿਚ ਉਸ ਵਿਰੁਧ ਅਨੁਸਾਸ਼ਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਹੁਕਮਾਂ ਵਿਚ ਕਿਹਾ ਗਿਆ ਹੈ ਕਿ ਕੋਈ ਵੀ ਸੈਕਟਰ ਅਫਸਰ ਅਗੇਤੀ ਪ੍ਰਵਾਨਗੀ ਤੋਂ ਬਿਨਾ ਆਪਣਾ ਸਟੇਸ਼ਨ ਨਹੀਂ ਛੱਡੇਗਾ ਅਤੇ ਹਰੇਕ ਸੈਕਟਰ ਅਫਸਰ ਡਿਊਟੀ ਦੌਰਾਨ ਆਪਣਾ ਮੋਬਾਈਲ ਫੋਨ ਖੁੱਲ੍ਹਾ ਰੱਖੇਗਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖਰੀਦ ਪ੍ਰਬੰਧਾਂ ਦੇ ਸੁਚੱਜੇ ਪ੍ਰਬੰਧਾਂ ਲਈ ਜ਼ਿਲਾ ਪੱਧਰ ਉਤੇ ਅਤੇ ਉੱਪ ਮੰਡਲ ਮੈਜਿਸਟਰੇਟ ਪੱਧਰ 'ਤੇ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ ਜਿੱਥੇ ਕਿ ਅਮਿਤ ਬੈਂਬੀ, ਵਧੀਕ ਡਿਪਟੀ ਕਮਿਸ਼ਨਰ, ਸੰਗਰੂਰ (ਸੰਪਰਕ ਨੰ: 98888-67455, 01672-234362), ਚਰਨਜੋਤ ਸਿੰਘ ਵਾਲੀਆ ਉੱਪ ਮੰਡਲ ਮੈਜਿਸਟਰੇਟ, ਸੰਗਰੂਰ (ਸੰਪਰਕ ਨੰ: 97790-22255, 01672-234260), ਰਾਜੇਸ਼ ਕੁਮਾਰ ਉੱਪ ਮੰਡਲ ਮੈਜਿਸਟਰੇਟ, ਮੂਨਕ ਵਾਧੂ ਚਾਰਜ (ਸੰਪਰਕ ਨੰ: 98764-70300, 98765-70300, 01676-276654), ਪ੍ਰਮੋਦ ਸਿੰਗਲਾ ਉਪ ਮੰਡਲ ਮੈਜਿਸਟਰੇਟ ਲਹਿਰਾ (ਵਾਧੂ ਚਾਰਜ) ( ਸੰਪਰਕ ਨੰਬਰ 95014-42300, 01676-272125 ), ਪ੍ਰਮੋਦ ਸਿੰਗਲਾ ਉੱਪ ਮੰਡਲ ਮੈਜਿਸਟਰੇਟ, ਸੁਨਾਮ ਊਧਮ ਸਿੰਘ ਵਾਲਾ (ਸੰਪਰਕ ਨੰ: 95014-42300, 01672-220070), ਵਿਕਾਸ ਹੀਰਾ ਉੱਪ ਮੰਡਲ ਮੈਜਿਸਟਰੇਟ, ਧੂਰੀ ਨਾਲ



(ਸੰਪਰਕ ਨੰ: 99885-65609, 01675-220561), ਮਨਜੀਤ ਕੌਰ , ਉੱਪ ਮੰਡਲ ਮੈਜਿਸਟਰੇਟ, ਭਵਾਨੀਗੜ੍ਹ (ਸੰਪਰਕ ਨੰ: 98559-20320), ਰਾਜੇਸ਼ ਕੁਮਾਰ ਉੱਪ ਮੰਡਲ ਮੈਜਿਸਟਰੇਟ, ਦਿੜ੍ਹਬਾ (ਸੰਪਰਕ ਨੰ: 98764-70300, 98765-70300, 01675-220561) ਅਤੇ ਗੁਰਪ੍ਰੀਤ ਸਿੰਘ ਕੰਗ , ਜ਼ਿਲ੍ਹਾ ਕੰਟਰੋਲਰ, ਖੁਰਾਕ ਤੇ ਸਿਵਲ ਸਪਲਾਈਜ਼ (ਸੰਪਰਕ ਨੰ: 97813-30180, 01672-234051) ਨੂੰ ਨਿਗਰਾਨ ਅਧਿਕਾਰੀ ਲਾਇਆ ਗਿਆ ਹੈ।

# ਡੈਮੋਕ੍ਰੇਟਿਕ ਹਿਊਮਨ ਪਾਵਰ ਆਰਗੇਨਾਈਜੇਸ਼ਨ ਵੱਲੋਂ ਅੱਜ ਲਗਾਇਆ ਜਾਵੇਗਾ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ : ਕੁਲਦੀਪ ਸ਼ਰਮਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਸੰਗਰੂਰ,1 ਅਪ੍ਰੈਲ (ਜਗਸੀਰ ਸਿੰਘ)- ਪੰਜਾਬ ਦੀ ਪ੍ਰਸਿੱਧ ਸਮਾਜਸੇਵੀ ਸੰਸਥਾ ਡੈਮੋਕਰੇਟਿਕ ਹਿਊਮਨ ਪਾਵਰ ਆਰਗੇਨਾਈਜੇਸ਼ਨ - ਵੱਲੋਂ ਇੱਕ ਪਾਸੇ ਜਿੱਥੇ ਪੰਜਾਬ ਪੱਧਰ ਤੇ ਲਗਾਤਾਰ ਸਮਾਜ ਸੇਵਾ ਦੇ ਕਾਰਜ ਕੀਤੇ ਜਾ ਰਹੇ ਹਨ ਤਾਂ ਦੂਜੇ ਪਾਸੇ ਸੰਸਥਾਂ ਦੀ ਸੰਗਰੂਰ ਦੀ ਟੀਮ ਵੱਲੋਂ ਮਿਤੀ 02 ਅਪ੍ਰੈਲ ਦਿਨ ਬੁੱਧਵਾਰ ਨੂੰ ਅੱਖਾਂ ਦਾ ਮੁਫ਼ਤ ਚੈੱਕਅੱਪ ਕੈਂਪ ਸਵੇਰੇ 9.30 ਤੋਂ ਦੁਪਹਿਰ 1 ਵਜੇ ਤੱਕ ਸਥਾਨ ਗੁਰਦੁਆਰਾ ਸੁੱਖਸਾਗਰ ਹਰੇੜੀ ਰੋਡ ਪ੍ਰੀਤ ਨਗਰ ਵਿਖੇ ਲਗਾਇਆ ਜਾ ਰਿਹਾ ਹੈ। ਇਹ ਸਾਰੀ ਜਾਣਕਾਰੀ ਸੰਸਥਾਂ ਦੇ ਪੰਜਾਬ ਪ੍ਰਧਾਨ ਕੁਲਦੀਪ ਸ਼ਰਮਾ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਮਾਹਰ ਡਾਕਟਰ ਮਨਪ੍ਰੀਤ ਸਿੰਘ ਦੀ ਟੀਮ ਗਲੋਬਲ ਅੱਖਾਂ ਦਾ ਹਸਪਤਾਲ ਸੰਗਰੂਰ ਤੇ ਪਟਿਆਲਾ ਵਾਲੇ ਪਹੁੰਚ ਰਹੇ ਹਨ। ਉਹਨਾਂ ਦੱਸਿਆ ਕਿ ਮੈਡੀਕਲ ਟੀਮ ਵੱਲੋਂ ਜਿੱਥੇ ਮਰੀਜ਼ਾਂ ਦਾ ਚੈੱਕਅੱਪ ਕੀਤਾ ਜਾਏਗਾ ਉੱਥੇ ਹੀ ਲੋੜਵੰਦ ਮਰੀਜ਼ਾਂ ਦੇ ਮੁਫਤ ਲੈਂਜ ਵੀ ਪਾਏ ਜਾਣਗੇ। ਉਹਨਾਂ ਦੱਸਿਆ ਕਿ ਇਹ ਕੈਂਪ ਆਰਗਨਾਈਜੇਸ਼ਨ ਦੀ ਸੰਗਰੂਰ ਦੀ ਟੀਮ ਅਤੇ ਆਰਗਨਾਈਜੇਸ਼ਨ ਜਿਲਾ ਸੰਗਰੂਰ ਕਮੇਟੀ ਦੇ ਅਹੁਦੇਦਾਰਾਂ ਦੇ ਪ੍ਰਬੰਧ ਹੇਠਾਂ ਲਗਾਇਆ ਜਾ ਰਿਹਾ ਹੈ। ਇਸ ਮੌਕੇ ਕੁਲਦੀਪ ਸ਼ਰਮਾ ਨੇ ਕਿਹਾ ਕਿ ਕਈ ਗਰੀਬ ਅਤੇ ਬੇਸਹਾਰਾ ਬਜ਼ੁਰਗ ਲੋਕ ਪੈਸੇ ਪੱਖੋਂ ਕਮਜ਼ੋਰ ਹੋਣ ਕਾਰਨ ਆਪਣੀਆਂ ਅੱਖਾਂ ਦਾ ਇਲਾਜ ਨਹੀਂ ਕਰਵਾ ਸਕਦੇ ਅਤੇ ਖਰਾਬ ਅੱਖਾਂ ਨਾਲ ਹੀ ਆਪਣੀ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਹਨ ਇਸ ਕੈਂਪ ਵਿੱਚ ਉਹਨਾਂ ਨੂੰ ਭਰਪੂਰ ਫਾਇਦਾ ਮਿਲੇਗਾ ਅਤੇ ਉਹਨਾਂ ਸਥਾਨਕ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੈਂਪ ਵਿੱਚ ਪਹੁੰਚ ਕੇ ਇਸਦਾ ਲਾਭ ਲੈਣ ਉਹਨਾਂ ਦੱਸਿਆ ਕਿ ਆਉਣ



ਵਾਲੇ ਦਿਨਾਂ ਚ ਸੰਸਥਾਂ ਵੱਲੋਂ ਬਰਨਾਲਾ, ਲੌਂਗੋਵਾਲ ਅਤੇ ਹੋਰ ਵੀ ਪਿੰਡਾਂ ਅਤੇ ਸ਼ਹਿਰਾਂ ਵਿੱਚ ਅੱਖਾਂ ਦੇ ਚੈੱਕਅਪ ਕੈਂਪ ਲਗਾਏ ਜਾਣਗੇ। ਇਸ ਦੌਰਾਨ ਵਿਕਰਾਂਤ ਕੁਮਾਰ ਸੈਕਟਰੀ ਪੰਜਾਬ, ਰਜਿੰਦਰ ਸ਼ਰਮਾ ਜ਼ਿਲਾ ਸੈਕਟਰੀ ਸੰਗਰੂਰ, ਅਜੇ ਕੁਮਾਰ, ਮਨਦੀਪ ਸਿੰਘ, ਵਰਿੰਦਰ ਸਿੰਘ, ਜੱਸੀ ਸਿੰਘ ਤੋਂ ਇਲਾਵਾ ਹੋਰ ਵੀ ਮੈਂਬਰ ਹਾਜ਼ਰ ਸਨ।

# 2.19 ਕਰੋੜ ਦੀ ਲਾਗਤ ਨਾਲ ਬਣੇਗੀ ਮੂਲੇਵਾਲ ਤੋਂ ਸਲੇਮਪੁਰ ਤੱਕ 18 ਫੁੱਟ ਚੌੜੀ ਸੜਕ: ਚੇਅਰਮੈਨ ਦਲਵੀਰ ਸਿੰਘ ਢਿੱਲੋਂ

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹਲਕਾ ਧੂਰੀ ਦੇ ਨਿਵਾਸੀਆਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕੀਤਾ ਜਾਵੇਗਾ: ਦਲਵੀਰ ਸਿੰਘ ਢਿੱਲੋਂ , ਮੂਲੇਵਾਲ ਤੋਂ ਸਲੇਮਪੁਰ ਤੱਕ ਨਵੀਂ ਬਣ ਰਹੀ ਸੜਕ ਉੱਤੇ ਪ੍ਰੀਮਿਕਸ ਪਵਾਉਣ ਦੇ ਕੰਮ ਦੀ ਕੀਤੀ ਸ਼ੁਰੂਆਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਧੂਰੀ/ਸੰਗਰੂਰ, 1 ਅਪ੍ਰੈਲ, 2025: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਿਧਾਨ ਸਭਾ ਹਲਕਾ ਧੂਰੀ ਦੇ ਨਿਵਾਸੀਆਂ ਨਾਲ ਕੀਤੇ ਗਏ ਹਰ ਇੱਕ ਵਾਅਦੇ ਨੂੰ ਤਰਜੀਹ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਪੰਜਾਬ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋ ਨੇ ਅੱਜ ਪਿੰਡ ਮੂਲੇਵਾਲ ਤੋਂ ਸਲੇਮਪੁਰ ਤੱਕ ਨਵੀਂ ਬਣਨ ਵਾਲੀ ਸੜਕ ਉੱਤੇ ਪ੍ਰੀਮਿਕਸ ਪਵਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਉਂਦੇ ਹੋਏ ਕੀਤਾ।



ਉਹਨਾਂ ਦੱਸਿਆ ਕਿ 3.70 ਕਿਲੋਮੀਟਰ ਲੰਬੀ ਇਸ ਸੜਕ ਦੇ ਨਿਰਮਾਣ ਉੱਤੇ 2.19 ਕਰੋੜ ਰੁਪਏ ਦੀ ਲਾਗਤ ਆਵੇਗੀ ਅਤੇ ਪੰਜਾਬ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸੜਕ ਬਣਾਉਣ ਵਾਸਤੇ ਵਰਤੀ ਜਾਣ ਵਾਲੀ ਸਮੱਗਰੀ ਦੀ ਗੁਣਵੱਤਾ ਦਾ ਧਿਆਨ ਰੱਖਣ।

ਚੇਅਰਮੈਨ ਦਲਵੀਰ ਸਿੰਘ ਢਿੱਲੋ ਨੇ ਕਿਹਾ ਕਿ ਪਿੰਡ ਮੂਲੇਵਾਲ ਵਿਖੇ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਮੰਜੀ ਸਾਹਿਬ ਸਥਿਤ ਹੈ ਜਿੱਥੇ ਵੱਡੀ ਗਿਣਤੀ ਸੰਗਤਾਂ ਨਤਮਸਤਕ ਹੁੰਦੀਆਂ ਹਨ ਅਤੇ ਇਹਨਾਂ ਪਿੰਡਾਂ ਦੇ ਨਿਵਾਸੀਆਂ ਦੀ ਇਹ ਵੱਡੀ ਮੰਗ ਸੀ ਕਿ ਇੱਥੇ ਪੱਕੀ ਸੜਕ ਬਣਵਾਈ ਜਾਵੇ ਜਿਸ ਨੂੰ ਪੰਜਾਬ ਸਰਕਾਰ ਵੱਲੋਂ ਤਰਜੀਹ ਦੇ ਆਧਾਰ ਤੇ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹਨਾਂ ਪਿੰਡਾਂ ਨੂੰ ਲੱਗਦਾ ਇਹ ਰਾਹ ਸ਼ੁਰੂ ਤੋਂ ਹੀ ਕੱਚਾ ਹੈ ਅਤੇ ਮੀਂਹ ਦੇ ਦਿਨਾਂ ਦੌਰਾਨ ਇਥੋਂ ਲੰਘਣ ਵਾਲਿਆਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਦੱਸਿਆ ਕਿ ਇਸ ਨਵੀਂ ਸੜਕ ਨੂੰ 18 ਫੁੱਟ ਚੌੜਾ ਬਣਵਾਇਆ ਜਾ ਰਿਹਾ ਹੈ ਤਾਂ ਜੋ ਸ਼ਰਧਾਲੂਆਂ ਅਤੇ ਵਾਹਨ ਚਾਲਕਾਂ ਨੂੰ ਵੀ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਹਨਾਂ ਦੱਸਿਆ ਕਿ ਇਸ ਸੜਕ ਦੇ ਬਣਨ ਨਾਲ ਲੋਕ ਵੱਡੀ ਰਾਹਤ ਮਹਿਸੂਸ ਕਰਨਗੇ।

ਇਸ ਮੌਕੇ ਪੰਜਾਬ ਮੰਡੀ ਬੋਰਡ ਦੇ ਜੇ.ਈ ਪੰਕਜ ਮਹਿਰਾ ਅਤੇ ਦੋਵੇਂ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਦੇ ਸਰਪੰਚ ਪੰਚ ਤੇ ਹੋਰ ਮੋਹਤਬਰ ਵੀ ਮੌਜੂਦ ਸਨ।

# ਬਾਬਾ ਸਾਹਿਬ ਦੇ 134ਵੇਂ ਜਨਮ ਦਿਵਸ ਦਾ ਮੁੱਖ ਸਮਾਗਮ ਅੰਬੇਡਕਰ ਭਵਨ 'ਚ

## ਸਮਰਪਿਤ ਅੰਬੇਡਕਰੀ ਹੰਸ ਰਾਜ ਸਾਂਪਲਾ ਯੂਕੇ ਹੋਣਗੇ ਮੁੱਖ ਮਹਿਮਾਨ ਅਤੇ ਪ੍ਰੋਫੈਸਰ ਜਗਮੋਹਨ ਸਿੰਘ ਵਿਸ਼ੇਸ਼ ਮਹਿਮਾਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਜਲੰਧਰ 1 ਅਪ੍ਰੈਲ(ਜੇ. ਐਸ. ਸੋਢੀ) ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਕਿਹਾ ਕਿ ਮਿਸ਼ਨ ਸੁਸਾਇਟੀ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ ਵਿਖੇ ਹੋਈ। ਮੀਟਿੰਗ ਵਿੱਚ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ 134ਵਾਂ ਜਨਮ ਦਿਵਸ ਬੜੀ ਧੂਮ-ਧਾਮ ਨਾਲ ਸ਼ਰਧਾ ਪੂਰਵਕ ਇਤਿਹਾਸਿਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਵਿਸ਼ਾਲ ਪੱਧਰ ਤੇ ਮਨਾਉਣ ਦੇ ਸਬੰਧ ਵਿੱਚ ਚਰਚਾ ਕੀਤੀ ਗਈ। ਭਾਰਦਵਾਜ ਨੇ ਕਿਹਾ ਸ੍ਰੀ ਹੰਸ





ਰਾਜ ਸਾਂਪਲਾ ਯੂਕੇ ਸਮਾਗਮ ਦੇ ਮੁੱਖ ਮਹਿਮਾਨ ਅਤੇ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋਫੈਸਰ ਜਗਮੋਹਨ ਸਿੰਘ ਹੋਣਗੇ ਵਿਸ਼ੇਸ਼ ਮਹਿਮਾਨ। ਇਨ੍ਹਾਂ ਤੋਂ ਇਲਾਵਾ ਸ੍ਰੀ ਸੋਹਨ ਲਾਲ ਅਤੇ ਚੇਅਰਮੈਨ ਅੰਬੇਡਕਰ ਭਵਨ ਟਰੱਸਟ ਡਾ. ਜੀ. ਸੀ. ਕੌਲ, ਜਨਰਲ ਸਕੱਤਰ ਅੰਬੇਡਕਰ ਭਵਨ ਟਰੱਸਟ ਅਤੇ ਸਾਬਕਾ ਮੁਖੀ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਡੀਏਵੀ ਕਾਲਜ ਜਲੰਧਰ, ਪ੍ਰੋਫੈਸਰ ਬਲਬੀਰ, ਵਾਈਸ ਪ੍ਰੈਸੀਡੈਂਟ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਅਤੇ ਸਾਬਕਾ ਮੁਖੀ ਪੋਸਟ ਗ੍ਰੈਜੂਏਟ ਪੋਲੀਟੀਕਲ ਸਾਇੰਸ ਵਿਭਾਗ, ਦੁਆਬਾ ਕਾਲਜ ਜਲੰਧਰ ਅਤੇ ਐਡਵੋਕੇਟ ਕੁਲਦੀਪ ਭੱਟੀ, ਸੂਬਾ ਪ੍ਰਧਾਨ ਆਲ ਇੰਡੀਆ ਸਮਤਾ ਸੈਨਿਕ ਦਲ ਪੰਜਾਬ ਯੂਨਿਟ ਬਾਬਾ ਸਾਹਿਬ ਦੇ ਮਿਸ਼ਨ ਤੇ ਆਪਣੇ ਵਿਚਾਰ ਪੇਸ਼ ਕਰਨਗੇ। ਸਕੂਲਾਂ ਦੇ ਬੱਚੇ ਆਪਣੇ ਭਾਸ਼ਣ ਅਤੇ ਮਿਸ਼ਨਰੀ ਕਵਿਤਾਵਾਂ ਪੇਸ਼ ਕਰਨਗੇ। ਸਮਾਗਮ ਦੌਰਾਨ ਸਮਰਪਿਤ ਅੰਬੇਡਕਰੀ ਸ੍ਰੀ ਹੰਸਰਾਜ ਸਾਂਪਲਾ ਅਤੇ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਸੀਤੋ ਜੱਸਲ ਸਾਂਪਲਾ ਦੁਆਰਾ ਸਪੋਂਸਰਡ ਬਾਬਾ ਸਾਹਿਬ ਦੇ ਆਲੀ ਸ਼ਾਨ ਬੁੱਤ ਦਾ ਉਦਘਾਟਨ ਵੀ ਉਨ੍ਹਾਂ ਦੁਆਰਾ ਕੀਤਾ ਜਾਵੇਗਾ। ਇਸ ਪ੍ਰੋਜੈਕਟ ਵਿੱਚ ਡਾ. ਹਰਬੰਸ ਵਿਰਦੀ ਲੰਡਨ ਯੂਕੇ ਦਾ ਵਿਸ਼ੇਸ਼ ਯੋਗਦਾਨ ਹੈ। ਸਮਾਗਮ ਨੂੰ ਅੰਬੇਡਕਰ ਭਵਨ ਟਰੱਸਟ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ ਪੰਜਾਬ ਯੂਨਿਟ ਦਾ ਸਹਿਯੋਗ ਪ੍ਰਾਪਤ ਹੈ। ਬਲਦੇਵ ਭਾਰਦਵਾਜ ਨੇ ਕਿਹਾ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਸਭ ਨੂੰ ਅਪੀਲ ਕਰਦੀ ਹੈ ਕਿ 14 ਅਪ੍ਰੈਲ ਨੂੰ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਆ ਕੇ ਇਸ ਵਿਸ਼ੇਸ਼ ਈਵੈਂਟ ਦਾ ਹਿੱਸਾ ਬਣੋ ਅਤੇ ਬਾਬਾ ਸਾਹਿਬ ਦੇ ਜਨਮ ਦਿਵਸ ਸਮਾਗਮ ਵਿੱਚ ਬੁੱਧੀਜੀਵੀਆਂ ਦੇ ਵਿਚਾਰ ਸੁਣੋ। ਇਸ ਮੌਕੇ ਸਰਬ ਸ਼੍ਰੀ ਪ੍ਰੋਫੈਸਰ ਬਲਬੀਰ, ਡਾ. ਜੀ.ਸੀ. ਕੌਲ, ਸੋਹਨ ਲਾਲ , ਡਾ. ਸੁਰਿੰਦਰ ਅਜਨਾਤ, ਬਲਦੇਵ ਰਾਜ ਭਾਰਦਵਾਜ, ਪਰਮਿੰਦਰ ਸਿੰਘ ਖੁਤਣ, ਜਸਵਿੰਦਰ ਵਰਿਆਣਾ, ਮਹਿੰਦਰ ਸੰਧੂ ਅਤੇ ਕਮਲ ਸ਼ੀਲ ਬਾਲੀ ਹਾਜ਼ਰ ਸਨ।

# ਹੁਣ ਅੱਖਾਂ ਦੀਆਂ ਬਿਮਾਰੀਆਂ ਦਾ ਕਾਰਨ ਬਣਨ ਲਗੀਆਂ ਰੀਲਾਂ, ਡਾਕਟਰਾਂ ਨੇ ਜਾਰੀ ਕੀਤੀ ਤੁਰਤ ਚੇਤਾਵਨੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com

ਮਾਨਸਿਕ ਸਿਹਤ 'ਤੇ ਛੋਟੀਆਂ ਵੀਡੀਉ ਦੇ ਅਸਰ ਬਾਰੇ ਚਿੰਤਾਵਾਂ ਤੋਂ ਬਾਅਦ, ਡਾਕਟਰ ਹੁਣ ਇਕ ਨਵੇਂ ਵਧ ਰਹੇ ਸੰਕਟ ਬਾਰੇ ਚੇਤਾਵਨੀ ਦੇ ਰਹੇ ਹਨ - ਰੀਲਾਂ ਵੇਖਣ ਕਾਰਨ ਅੱਖਾਂ ਨੂੰ ਨੁਕਸਾਨ। ਇੰਸਟਾਗ੍ਰਾਮ, ਟਿਕਟਾਕ, ਫੇਸਬੁੱਕ ਅਤੇ ਯੂਟਿਊਬ ਵਰਗੇ ਸੋਸ਼ਲ ਮੀਡੀਆ ਮੰਚਾਂ 'ਤੇ ਜ਼ਿਆਦਾ ਸਕ੍ਰੀਨ ਟਾਈਮ, ਖਾਸ ਤੌਰ 'ਤੇ ਰੀਲਾਂ ਵੇਖਣ ਨਾਲ ਸਾਰੇ ਉਮਰ ਸਮੂਹਾਂ, ਖਾਸ ਕਰ ਕੇ ਬੱਚਿਆਂ ਅਤੇ ਨੌਜੁਆਨਬਾਲਗਾਂ 'ਚ ਅੱਖਾਂ ਦੀਆਂ ਬਿਮਾਰੀਆਂ 'ਚ ਵਾਧਾ ਹੋ ਰਿਹਾ ਹੈ।

ਇਹ ਜਾਣਕਾਰੀ ਏਸ਼ੀਆ ਪੈਸੀਫਿਕ ਅਕੈਡਮੀ ਆਫ ਓਪਥਲਮੋਲੋਜੀ ਅਤੇ ਆਲ ਇੰਡੀਆ ਓਪਥਲਮੋਲੋਜੀਕਲ ਸੁਸਾਇਟੀ ਦੀ ਮੰਗਲਵਾਰ ਨੂੰ ਯਸ਼ੋਭੂਮੀ - ਇੰਡੀਆ ਇੰਟਰਨੈਸ਼ਨਲ ਕਨਵੈਨਸ਼ਨ ਐਂਡ ਐਕਸਪੋ ਸੈਂਟਰ ਵਿਖੇ ਚੱਲ ਰਹੀ ਸਾਂਝੀ ਮੀਟਿੰਗ ਦੌਰਾਨ ਅੱਖਾਂ ਦੇ ਪ੍ਰਮੁੱਖ ਮਾਹਰਾਂ ਨੇ ਸਾਂਝੀ ਕੀਤੀ।

ਏ ਸ਼ੀ ਆ ਪੈਸੀਫਿਕ ਅਕੈਡਮੀ ਆਫ ਓਪਥਲਮੋਲੋਜੀ (ਏ.ਪੀ.ਏ.ਓ.) 2025 ਕਾਂਗਰਸ ਦੇ ਪ੍ਰਧਾਨ ਡਾ. ਲਲਿਤ ਵਰਮਾ ਨੇ ਬਹੁਤ ਜ਼ਿਆਦਾ ਸਕ੍ਰੀਨ ਵੇਖਣ ਕਾਰਨ ਡਿਜੀਟਲ ਅੱਖਾਂ ਦੇ ਤਣਾਅ ਦੀ ਚੁੱਪ ਮਹਾਂਮਾਰੀ ਵਿਰੁਧ ਸਖਤ ਚੇਤਾਵਨੀ ਜਾਰੀ ਕੀਤੀ। ਉਨ੍ਹਾਂ ਕਿਹਾ, ''ਅਸੀਂ ਡਰਾਈ ਆਈ ਸਿੰਡਰੋਮ, ਮਾਇਓਪੀਆ, ਪ੍ਰੋਗਰੈਸ਼ਨ ਦੇ ਮਾਮਲਿਆਂ 'ਚ ਤੇਜ਼ੀ ਨਾਲ ਵਾਧਾ ਵੇਖ ਰਹੇ ਹਾਂ, ਖ਼ਾਸਕਰ ਉਨ੍ਹਾਂ ਬੱਚਿਆਂ 'ਚ ਜੋ ਘੰਟਿਆਂ ਬੱਧੀ ਰੀਲ ਵੇਖਣ 'ਚ ਬਿਤਾਉਂਦੇ ਹਨ।''

# ਈਦ ਦੇ ਤਿਉਹਾਰ ਮੌਕੇ ਦਿੱਤਾ ਸਰਬ ਸਾਂਝੀਵਾਲਤਾ ਦਾ ਸੰਦੇਸ਼

## ਡਾ. ਅਵਿਨਾਸ਼ ਰਾਣਾ ਪਿੰਡ ਤੁੰਗਾ ਕਲਾਰਾ ਵਿਖੇ ਈਦ ਮੌਕੇ ਵਿਸ਼ੇਸ਼ ਰੂਪ ਵਿੱਚ ਹੋਏ ਸ਼ਾਮਿਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਭਵਾਨੀਗੜ੍ਹ,1 ਅਪ੍ਰੈਲ (ਜਗਸੀਰ ਲੌਂਗੋਵਾਲ) - ਪੰਜਾਬ ਗੁਰੂਆਂ ਪੀਰਾਂ ਅਤੇ ਰਿਸ਼ੀਆਂ ਮੁਨੀਆਂ ਦੀ ਧਰਤੀ ਹੈ ,ਇੱਥੇ ਆਦੀ ਕਾਲ ਤੋਂ ਹੀ ਸਰਬ ਸਾਂਝੀ ਵਾਲਤਾ ਅਤੇ ਆਪਸੀ ਭਾਈਚਾਰੇ ਦੀ ਮਿਸਾਲ ਪੂਰੀ ਦੁਨੀਆਂ ਨੂੰ ਵੇਖਣ ਨੂੰ ਮਿਲਦੀ ਹੈ, ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਈਦ ਦੇ ਪਵਿੱਤਰ ਤਿਉਹਾਰ ਉੱਤੇ ਪਿੰਡ ਵੱਲੋਂ ਸਾਂਝੇ ਤੌਰ ਤੇ ਈਦ ਮਨਾਏ ਜਾਣ ਸਮੇਂ ਗੱਲਬਾਤ ਕਰਦੇ ਹੋਏ ਬਾਬਾ ਸਾਹਿਬ ਦਾਸ ਬਿਰਧ ਆਸ਼ਰਮ ਘਰਾਂਚੋਂ ਦੇ ਚੇਅਰਮੈਨ ਡਾਕਟਰ ਅਵਿਨਾਸ਼ ਰਾਣਾ ਨੇ ਵਿਅਕਤ ਕੀਤੇ, ਉਹਨਾਂ ਕਿਹਾ ਕਿ ਸਭ ਤੋਂ ਵੱਡਾ ਧਰਮ ਇਨਸਾਨੀਅਤ ਦਾ ਧਰਮ ਹੈ ਜੋ ਇਨਸਾਨੀਅਤ ਦੇ ਧਰਮ ਨੂੰ ਨਿਭਾਉਂਦਾ ਹੈ ਉਸ ਨੂੰ ਸਾਰੇ ਧਰਮ ਆਪਣੇ ਹੀ ਜਾਪਦੇ ਨੇ, ਕਿਉਂਕਿ ਹਰ ਧਰਮ ਮਾਨਵਤਾ ਦੇ ਭਲੇ ਦੀ ਗੱਲ ਕਰਦਾ ਹੈ ਹਰ ਧਰਮ ਦੀਨ ਦੁਖੀਆਂ ਦੀ ਸੇਵਾ ਦੀ ਗੱਲ ਕਰਦਾ ਹੈ, ਈਦ ਦਾ ਇਹ ਪਵਿੱਤਰ ਦਿਹਾੜਾ ਤੁੰਗਾ ਕਲਾਰਾ ਵਿਖੇ ਡੇਰਾ ਉਦਾਸੀਨ ਦੇ ਗੱਦੀ ਨਸ਼ੀਨ ਮਹੰਤ ਜਗਦੀਸ਼ ਦਾਸ ਜੀ ਨੇ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਨੇ ਮੁਸਲਿਮ ਭਾਈਚਾਰੇ ਨਾਲ ਰਲ ਕੇ ਮਨਾਇਆ , ਇਸ ਤੋਂ ਇੱਕ ਦਿਨ ਪਹਿਲਾਂ ਰੋਜ਼ਾ ਅਫਤਾਰੀ ਦਾ ਪ੍ਰੋਗਰਾਮ ਕੀਤਾ ਗਿਆ ,ਇਸ ਮੌਕੇ ਗੱਲ ਕਰਦੇ ਹੋਏ ਭਾਜਪਾ ਆਗੂ ਮੁਖਤਿਆਰ ਸਿੰਘ ਮੋਖਾ ਨੇ ਕਿਹਾ ਕਿ ਸਾਨੂੰ ਰਲ ਮਿਲ ਕੇ ਇਸ ਤਰ੍ਹਾਂ ਦੇ ਸਾਰੇ ਤਿਉਹਾਰ ਮਨਾਉਣੇ ਚਾਹੀਦੇ ਹਨ ,ਕਿਉਂਕਿ ਇਸ ਨਾਲ ਪਿਆਰ ਅਤੇ ਇੱਕ ਦੂਜੇ ਪ੍ਰਤੀ ਸਤਿਕਾਰ ਵਿੱਚ ਵਾਧਾ ਹੁੰਦਾ ਹੈ, ਇਸ ਮੌਕੇ ਪਹੁੰਚੇ ਹੋਏ ਭਾਜਪਾ ਆਗੂ ਹਰਦੀਪ ਸਿੰਘ ਸੰਘੜਾ ਨੇ ਕਿਹਾ ਕਿ ਹਿੰਦੂ ਸਿੱਖਾਂ ਅਤੇ ਮੁਸਲਮਾਨਾਂ ਦਾ ਆਪਸ ਵਿੱਚ ਨਹੁੰ ਮਾਸ ਦਾ ਰਸਤਾ ਹੈ, ਇਸ ਲਈ ਹਮੇਸ਼ਾ ਸਾਨੂੰ ਆਪਸ ਵਿੱਚ ਇੱਕ ਦੂਜੇ ਨੂੰ ਪਿਆਰ ਸਤਿਕਾਰ ਦੇਣਾ ਚਾਹੀਦਾ ਹੈ,ਇਸ ਮੌਕੇ ਤੇ ਮਹੰਤ ਮਗਰ ਦਾਸ ਮਹਿਲਾਂ ਚੌਂਕ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਸਮੇਂ ਹੋਰਨਾਂ ਤੋਂ ਮੁਸਲਿਮ ਭਾਈਚਾਰੇ ਤੋਂ ਇਲਾਵਾ ਪਿੰਡ ਦੇ ਪਤਵੰਤੇ ਸੱਜਣਾਂ ਨੇ ਵੀ ਸ਼ਿਰਕਤ ਕੀਤੀ ਸਾਰਿਆਂ ਨੇ ਇੱਕ ਦੂਸਰੇ ਨੂੰ ਈਦ ਦੀਆਂ ਮੁਬਾਰਕਾਂ ਦਿੱਤੀਆਂ।

# ਕਿਰਤੀਆਂ ਨੇ ਬੇਗਮਪੁਰਾ ਪਿੰਡ ਦੀ ਉਸਾਰੀ ਲਈ ਕੀਤੀ ਕਾਨਫਰੰਸ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ, 1 ਅਪ੍ਰੈਲ (ਜਗਸੀਰ ਸਿੰਘ )- ਜਮੀਨ ਪ੍ਰਾਪਤੀ ਸੰਘਰਸ ਕਮੇਟੀ ਦੇ ਇਲਾਕਾ ਆਗੁ ਰਾਜੂ ਸਾਦੀਹਰੀ, ਤੇ ਜਗਸੀਰ ਸਿੰਘ ਸਮੂਰਾ ਨੇ ਦੱਸਿਆ ਕਿ ਜ਼ਮੀਨੀ ਘੋਲ ਨੂੰ ਅੱਗੇ ਤੋਰਦੇ ਹੋਏ ਅੱਜ ਇਲਾਕਾ ਪੱਧਰੀ ਕਾਨਫਰੰਸ ਪਿੰਡ ਸਾਦੀ ਹਰੀ ਦੇ ਬਾਬਾ ਬਾਲਮੀਕ ਜੀ ਮੰਦਰ ਚ ਹੋਈ ਜਿਸ ਨੂੰ ਸੰਬੋਧਨ ਕਰਨ ਲਈ ਵਿਸ਼ੇਸ ਤੌਰ ਤੇ ਪੁੱਜੇ ਜੋਨਲ ਪ੍ਰਧਾਨ ਮੁਕੇਸ਼ ਮਲੌਦ ਤੇ ਜ਼ੋਨਲ ਵਿੱਤ ਸਕੱਤਰ ਬਿੱਕਰ ਸਿੰਘ ਹਥੋਆ ਨੇ ਕਿਹਾ ਕਿ ਪੰਜਾਬ ਦੇ ਇਤਹਾਸ ਚ ਦਲਿਤਾਂ ਤੇ ਮਜਦੂਰਾ ਨੂੰ ਗਿਣ ਮਿੱਥ ਕੇ ਜ਼ਮੀਨੀ ਹੱਕਾ ਤੋਂ ਦੂਰ ਰੱਖਿਆ ਗਿਆ ਹੈ l ਜਿਸ ਕਾਰਨ ਅੱਜ ਵੀ ਪੰਜਾਬ ਦੀ ਵੱਡੀ ਗਿਣਤੀ ਦਲਿਤ ਆਬਾਦੀ ਹਾਸੀਏ ਤੇ ਧੱਕੀ ਹੋਈ ਹੈ l ਜਦੋਂ ਤੱਕ ਪੰਜ਼ਾਬ ਅੰਦਰ ਜਮੀਨ ਦੀ ਕਾਣੀ ਵੰਡ ਖਤਮ ਨਹੀਂ ਹੁੰਦੀ ਓਦੋਂ ਤੱਕ ਦਲਿਤਾਂ ਦੀ ਮੁਕਤੀ ਸੰਭਵ ਨਹੀਂ ਹੈ l ਇਸ ਪ੍ਰੋਗਰਾਮ ਤੇ ਚਲਦਿਆ ਬੀਤੀ 28 ਫਰਵਰੀ ਨੂੰ ਦਲਿਤਾਂ ਵਲੋ ਬੇਚਿਰਾਗ ਪਿੰਡ ਬੀੜ ਐਸਵਾਨ ਦੀ ਜਮੀਨ ਚ ਚਿਰਾਗ ਲਾ ਕੇ ਹਜ਼ਾਰਾਂ ਕਿਰਤੀ ਲੋਕਾਂ ਨੇਂ ਇਸ ਪਿੰਡ ਨੂੰ ਬੇਗਮਪੁਰਾ ਦੇ ਨਾਂ ਚ ਤਬਦੀਲ ਕੀਤਾ ਸੀ l ਤੇ ਹੁਣ ਬੇਗ਼ਮਪੁਰੇ ਦੀ ਜ਼ਮੀਨੀ ਪੱਧਰ ਤੇ ਸਥਾਪਣਾ ਕਰਨ ਲਈ ਇਲਾਕਾ ਪੱਧਰੀ ਕਾਨਫਰੰਸਾਂ ਕੀਤੀਆਂ ਜਾਂ ਰਹੀਆਂ ਹਨ ਜਿਸ ਦੀ ਕੜੀ ਤਹਿਤ ਅੱਜ ਬਲਾਕ ਲਹਿਰਾਗਾਗਾ ਦੀ ਇਲਾਕਾ ਪੱਧਰੀ ਕਾਨਫਰੰਸ ਚ ਦਰਜਨ ਤੋ ਵੱਧ ਪਿੰਡਾ ਦੇ ਲੋਕਾ ਨੇਂ ਸ਼ਮੂਲੀਅਤ ਕੀਤੀ l ਕਾਨਫਰੰਸ ਪ੍ਰਤੀ ਲੋਕਾਂ ਚ ਭਾਰੀ ਉਤਸ਼ਾਹ ਪਾਇਆ ਗਿਆ ਇਸ ਮੋਕੇ ਲੋਕਾ ਵਲੋ ਗੁਰੂ ਰਵੀਦਾਸ ਜੀ ਦੇ ਸੰਕਲਪ ਬੇਗਮਪੁਰਾ ਦੀ ਉਸਾਰੀ ਲਈ ਬਾਕੀ ਪਿੰਡਾ ਤੱਕ ਪਹੁੰਚ ਕਰਨ ਤੇ ਇਸ ਲਈ ਤਨ ਮਨ ਨਾਲ਼ ਤਿਆਰੀ ਕਰਦੇ ਹੋਏ ਦਿਨ ਰਾਤ ਇਕ ਕਰਨ ਦਾ ਫੈਸਲਾ ਕੀਤਾ ਇਸ ਮੌਕੇ ਹਾਜਰ ਲਹਿਰਾਗਾਗਾ ਦੇ ਪ੍ਰਧਾਨ ਗੁਰਦਾਸ ਜ਼ਲੂਰ , ਲਾਭ ਸਿੰਘ ਢੰਡੋਲੀ, ਜੱਗੀ ਸਿੰਘ, ਰਾਜਪੂਤਾਂ, ਤਰਸੇਮ ਸਿੰਘ, ਲਖਵਿੰਦਰ ਸਿੰਘ ਤੇਜਾ ਸਿੰਘ ਸਿਆਲ ਆਦਿ ਹਾਜ਼ਰ ਸਨ

# ਸਥਾਪਨਾ ਦਿਵਸ ਨੂੰ ਸਮਰਪਿਤ ਪੇਂਟਿੰਗ ਮੁਕਾਬਲੇ ਆਯੋਜਿਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com





ਸੰਗਰੂਰ,1 ਅਪ੍ਰੈਲ (ਜਗਸੀਰ ਸਿੰਘ)- ਸਥਾਨਕ ਪਿੰਗਲਵਾੜਾ ਸ਼ਾਖਾ ਦੇ 25ਵੇਂ ਸਥਾਪਨਾ ਦਿਵਸ ਨੂੰ ਸਮਰਪਿਤ ਵੱਖ ਵੱਖ ਸਰਗਰਮੀਆਂ ਅਧੀਨ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲੇ ਹਰਜੀਤ ਸਿੰਘ ਅਰੋੜਾ ਕਨਵੀਨਰ, ਮਾਸਟਰ ਸਤਪਾਲ ਸ਼ਰਮਾ, ਸੁਰਿੰਦਰ ਪਾਲ ਸਿੰਘ ਸਿਦਕੀ ਪ੍ਰਬੰਧਕੀ ਸਕੱਤਰ, ਪ੍ਰਿੰਸੀਪਲ ਸੁਖਦਰਸ਼ਨ ਸਿੰਘ ਢਿੱਲੋਂ ਕੋਆਰਡੀਨੇਟਰ, ਰਵਨੀਤ ਕੌਰ ਪਿੰਕੀ ਦੀ ਦੇਖ ਰੇਖ ਹੇਠ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਸ਼ਹਿਰੀ, ਪੇਂਡੂ ਇਲਾਕੇ ਦੇ ਸਕੂਲ ਕਾਲਜ, ਨਰਸਿੰਗ ਕਾਲਜਾਂ ਦੇ ਵਿਦਿਆਰਥੀਆਂ ਤੋਂ ਇਲਾਵਾ ਸਹਿਯੋਗ ਸਕੂਲ, ਵਿਸ਼ਵਾਸ ਆਟੀਜਮ ਸਕੂਲ ਅਤੇ ਭਗਤ ਪੂਰਨ ਸਿੰਘ ਆਦਰਸ਼ ਸਕੂਲ ਦੇ ਸਪੈਸ਼ਲ ਬੱਚਿਆਂ ਅਤੇ ਡੈੱਫ ਸਕੂਲ ਦੇ ਬੱਚਿਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਹਿਯੋਗ ਨਾਲ ਹੋਏ ਇਹਨਾਂ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਵੱਲੋਂ ਵਾਤਾਵਰਣ ਦੀ ਸੰਭਾਲ, ਸ਼ੁੱਧਤਾ ਅਤੇ ਪ੍ਰਦੂਸ਼ਣ ਰੋਕੋ, ਪ੍ਰਾਕਿਰਤੀ ਬਚਾਓ ਦੇ ਸੰਦੇਸ਼ਾਂ ਨੂੰ ਖੂਬਸੂਰਤ ਢੰਗ ਨਾਲ ਚਿਤਰਿਆ। ਇਸ ਮੌਕੇ ਤੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਡਾਕਟਰ ਇੰਦਰਜੀਤ ਕੌਰ ਅਤੇ ਤਰਲੋਚਨ ਸਿੰਘ ਚੀਮਾ ਮੁੱਖ ਪ੍ਰਬੰਧਕ ਨੇ ਵਿਦਿਆਰਥੀਆਂ ਦੀਆਂ ਪੇਂਟਿੰਗਾਂ ਨੂੰ ਗਹੁ ਨਾਲ ਵਾਚਿਆ ਅਤੇ ਉਨਾਂ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਦੇ ਨਾਲ ਸਰਪੰਚ ਮੇਜਰ ਸਿੰਘ ਮਸਾਣੀ, ਪ੍ਰਿੰਸੀਪਲ ਰਾਜਿੰਦਰ ਸਿੰਘ, ਪ੍ਰਿੰਸੀਪਲ ਜਸਪਾਲ ਕੌਰ ਵੀ ਸ਼ਾਮਲ ਸਨ।ਇਹਨਾਂ ਮੁਕਾਬਲਿਆਂ ਲਈ ਮੀਤ ਰੰਗਰੇਜ ਚੰਡੀਗੜ੍ਹ, ਹਰਵਿੰਦਰ ਸਿੰਘ ਗੋਲਡਨ, ਨਿਰਭੈ ਸਿੰਘ ਸ਼ੇਰੋਂ, ਪ੍ਰੋ ਨਰਿੰਦਰ ਸਿੰਘ ਨੇ ਨਿਰਣਾਇਕਾਂ ਦੇ ਫਰਜ਼ ਨਿਭਾਏ। ਜਦੋਂ ਕਿ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਅਜਮੇਰ ਸਿੰਘ, ਗੁਲਜ਼ਾਰ ਸਿੰਘ, ਹਰਵਿੰਦਰ ਕੌਰ, ਅਮਨਦੀਪ ਕੌਰ, ਹਰਪ੍ਰੀਤ ਕੌਰ, ਹਰਕੀਰਤ ਕੌਰ ਨੇ ਨਿਗਰਾਨ ਅਮਲੇ ਦੀ ਸੇਵਾ ਨਿਭਾਈ। ਡਾ ਉਪਾਸਨਾ, ਰਾਣੀ ਬਾਲਾ, ਮਨਪ੍ਰੀਤ ਕੌਰ, ਬੀਰਪਾਲ ਕੌਰ, ਦਲਵਿੰਦਰ ਸਿੰਘ, ਰਾਜਵਿੰਦਰ ਸਿੰਘ, ਸੰਦੀਪ ਸਿੰਘ, ਕੁਲਵੰਤ ਸਿੰਘ ਅਕੋਈ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ। ਵੱਖ ਵੱਖ ਗਰੁੱਪਾਂ ਤੇ ਆਧਾਰਿਤ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਸੁਰਿੰਦਰ ਪਾਲ ਸਿੰਘ ਸਿਦਕੀ ਦੇ ਸਟੇਜ ਸੰਚਾਲਨ ਅਧੀਨ ਹਰਜੀਤ ਸਿੰਘ ਅਰੋੜਾ, ਕੈਪਟਨ ਨਰਿੰਦਰ ਸਿੰਘ ਭੱਠਲ, ਮੇਜਰ ਸਿੰਘ ਮਸਾਣੀ, ਮਨੋਜ ਕੁਮਾਰ ਸਲਾਈਟ ਲੌਂਗੋਵਾਲ ਤੇ ਪ੍ਰਬੰਧਕੀ ਟੀਮ ਵੱਲੋਂ ਸ਼ਾਨਦਾਰ ਇਨਾਮ ਦਿੱਤੇ ਗਏ। ਭਾਗ ਲੈਣ ਵਾਲੇ ਸਾਰੇ ਪ੍ਰਤੀਯੋਗੀਆਂ ਨੂੰ ਸਟੇਸ਼ਨਰੀ ਸਮਾਨ ਦੇ ਕੇ ਉਤਸ਼ਾਹਿਤ ਕੀਤਾ ਗਿਆ। ਸਮੁੱਚੇ ਤੌਰ ਤੇ ਨਤੀਜਿਆਂ ਅਨੁਸਾਰ ਸਕੂਲ ਵਿਦਿਆਰਥੀਆਂ ਦੇ ਜੂਨੀਅਰ ਗਰੁੱਪ ਵਿੱਚੋਂ ਰੂਹਾਨੀ -ਗੋਲਡਨ ਅਰਥ ਗਲੋਬਲ ਸਕੂਲ ਸੰਗਰੂਰ, ਕੋਮਲਪ੍ਰੀਤ ਕੌਰ -ਗੁਰੂ ਤੇਗ ਬਹਾਦਰ ਪਬਲਿਕ ਸਕੂਲ ਕਾਂਝਲਾ ਅਤੇ ਅਵਨੀਤ ਕੌਰ ਤੇ ਮਨਤੇਜ ਕੌਰ- ਸੰਤ ਅਤਰ ਸਿੰਘ ਅਕਾਲ ਅਕੈਡਮੀ ਮਸਤੂਆਣਾ ਸਾਹਿਬ ਨੇ ਪਹਿਲੇ ਤਿੰਨ ਸਥਾਨ ਜਦੋਂ ਕਿ ਅਰਮਾਨ ਮਟਾਨੀਆ- ਗੋਲਡਨ ਅਰਥ ਗਲੋਬਲ ਸਕੂਲ ਸੰਗਰੂਰ ਨੇ ਹੌਂਸਲਾ ਵਧਾਊ ਇਨਾਮ ਪ੍ਰਾਪਤ ਕੀਤਾ। ਸੀਨੀਅਰ ਗਰੁੱਪ ਵਿੱਚੋਂ ਇੰਦਰਜੀਤ ਕੌਰ- ਮਾਤਾ ਰਾਜ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਡਰੁਖਾਂ, ਨਵਜੋਤ ਕੌਰ- ਗੋਲਡਨ ਅਰਥ ਗਲੋਬਲ ਸਕੂਲ ਸੰਗਰੂਰ, ਕਿਰਨਪ੍ਰੀਤ ਕੌਰ- ਲਾਲ ਬਹਾਦਰ ਸ਼ਾਸਤਰੀ ਆਰੀਆ ਕਾਲਜੀਏਟ ਸਕੂਲ ਬਰਨਾਲਾ, ਹੁਸਨਪ੍ਰੀਤ ਕੌਰ- ਸਰਕਾਰੀ ਗਰਲਜ ਸੀ ਸੈ ਸਕੂਲ ਸੰਗਰੂਰ ਨੇ ਪਹਿਲੇ ਤਿੰਨ ਸਥਾਨ ਜਦੋਂ ਕਿ ਪਵਨਪ੍ਰੀਤ ਕੌਰ- ਮਸਤੂਆਣਾ ਅਕੈਡਮੀ ਨੇ ਹੌਂਸਲਾ ਵਧਾਊ ਇਨਾਮ ਹਾਸਲ ਕੀਤਾ। ਕਾਲਜ ਵਿਦਿਆਰਥੀਆਂ ਦੇ ਗਰੁੱਪ ਵਿੱਚੋਂ ਪ੍ਰਨੀਤ ਕੌਰ- ਸਰਕਾਰੀ ਰਣਬੀਰ ਕਾਲਜ ਸੰਗਰੂਰ, ਰਾਹੁਲ- ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਅਤੇ ਸਨੇਹਾ- ਲਾਈਫ ਗਾਰਡ ਨਰਸਿੰਗ ਕਾਲਜ ਕਲੌਦੀ ਨੇ ਕ੍ਰਮਵਾਰ ਪਹਿਲੇ ਤਿੰਨ ਸਥਾਨ ਜਦੋਂ ਕਿ ਸੋਨੀਆ -ਐਲ ਬੀ ਐੱਸ ਆਰੀਆ ਮਹਿਲਾ ਕਾਲਜ ਬਰਨਾਲਾ ਨੇ ਹੌਂਸਲਾ ਵਧਾਊ ਇਨਾਮ ਹਾਸਲ ਕੀਤਾ। ਸਪੈਸ਼ਲ ਸਕੂਲ ਦੇ ਗਰੁੱਪ ਵਿੱਚੋਂ ਕੁਲਵਿੰਦਰ ਸਿੰਘ ਤੇ ਜਸਪ੍ਰੀਤ ਸਿੰਘ -ਭਗਤ ਪੂਰਨ ਸਿੰਘ ਆਦਰਸ਼ ਸਕੂਲ ਅੰਮ੍ਰਿਤਸਰ ਅਤੇ ਸਰਗੁਣ ਕੌਰ ਤੇ ਲਕਸ਼ਮੀ ਦੇਵੀ -ਵਿਸ਼ਵਾਸ ਆਟੀਜਮ ਸਕੂਲ ਸੰਗਰੂਰ ਨੇ ਪਹਿਲੇ ਤਿੰਨ ਸਥਾਨ ਪ੍ਰਾਪਤ ਕੀਤੇ ਜਦੋਂ ਕਿ ਵਿਸ਼ਵਾਸ ਸਕੂਲ ਦੇ ਹੀ ਪ੍ਰਭਜੋਤ ਕੌਰ ਤੇ ਹਰਮਨਜੀਤ ਸਿੰਘ- ਨੂੰ ਹੌਂਸਲਾ ਵਧਾਊ ਇਨਾਮ ਦਿੱਤੇ ਗਏ।ਡੈੱਫ ਸਕੂਲਾਂ ਦੇ ਸਾਰੇ ਵਿਦਿਆਰਥੀਆਂ ਨੂੰ ਸਪੈਸ਼ਲ ਇਨਾਮ ਦਿੱਤੇ ਗਏ।

# ਕੰਮ ਦੇ ਘੰਟੇ 8 ਤੋਂ ਘਟਾ ਕੇ 6 ਕੀਤੇ ਜਾਣ ਅਤੇ ਇੱਕ ਹਫ਼ਤੇ ਵਿੱਚ ਕੰਮ ਦੇ 30 ਘੰਟੇ ਨਿਸ਼ਚਿਤ ਕੀਤੇ ਜਾਣ ਦੀ ਮੰਗ

## ਹਰ ਇੱਕ ਲਈ ਸਿੱਖਿਆ ਮੁਫਤ ਅਤੇ ਲਾਜ਼ਮੀ ਤੋਂ ਇਲਾਵਾ ਮੁਫ਼ਤ ਸਿਹਤ ਸਹੂਲਤਾਂ ਵੀ ਅਮਲੀ ਰੂਪ 'ਚ ਹੋਣ ਲਾਗੂ,,,ਰਾਮਾਨੰਦੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਅਪਰੈਲ
INTERNATIONAL PAPER, 94636 01616
hardipchumber57@gmail.com



ਮਾਨਸਾ 1, ਅਪ੍ਰੈਲ ( ਆਤਮਾ ਸਿੰਘ ਪਮਾਰ ) ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਪੰਜਾਬ ਵੱਲੋਂ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਵਿਦਿਆਰਥੀਆਂ ਅਤੇ-ਨੌਜਵਾਨਾਂ ਦੇ ਬੁਨਿਆਦੀ ਸੁਆਲਾਂ 'ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜੀਵਨ ਨੂੰ ਸਮਰਪਿਤ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਆਇਸਾ ਦੇ ਸੂਬਾ ਆਗੂ ਸੁਖਜੀਤ ਸਿੰਘ ਰਾਮਾਨੰਦੀ ਨੇ ਕਿਹਾ ਕਿ ਹਰ ਇੱਕ ਲਈ ਸਿੱਖਿਆ ਮੁਫਤ ਅਤੇ ਲਾਜ਼ਮੀ ਹੋਵੇ,ਹਰ ਇੱਕ ਲਈ ਯੋਗਤਾ ਮੁਤਾਬਿਕ ਰੁਜ਼ਗਾਰ ਦੀ ਗਰੰਟੀ ਲਈ ਰੁਜ਼ਗਾਰ ਅਧਿਕਾਰ ਗਰੰਟੀ ਐਕਟ ਬਣਾਇਆ ਜਾਵੇ,ਕੰਮ ਦੇ ਘੰਟੇ 8 ਤੋਂ ਘਟਾ ਕੇ 6 ਕੀਤੇ ਜਾਣ,ਨਵੀਂ ਸਿੱਖਿਆ ਨੀਤੀ 2020 ਰੱਦ ਕਰਕੇ ਰਾਜਾਂ ਨੂੰ ਸਿੱਖਿਆ ਨੀਤੀ ਬਣਾਉਣੀ ਚਾਹੀਦੀ ਹੈ ਕਿਉਂਕਿ ਸਿੱਖਿਆ ਰਾਜਾਂ ਦੇ ਅਧਿਕਾਰ ਖੇਤਰ ਦਾ ਵਿਸ਼ਾ ਹੈ। ,ਪੰਜਾਬ ਰਾਜ ਖੇਤੀ ਨੀਤੀ 2023 ਲਾਗੂ ਕੀਤੀ ਜਾਵੇ,ਕਾਲਜਾਂ ਤੇ ਯੂਨੀਵਰਸਿਟੀਆਂ ਨੂੰ ਖ਼ੁਦਮੁਖ਼ਤਿਆਰ ਕਰਨ ਦੀ ਨੀਤੀ ਵਾਪਸ ਲਈ ਜਾਵੇ,ਵਿੱਦਿਅਕ ਅਦਾਰਿਆਂ ਦੀਆਂ ਗ੍ਰਾਂਟਾਂ ਅਤੇ ਫੰਡਾਂ ਉੱਪਰ ਕੱਟ ਲਗਾਉਣ ਦੀ ਨੀਤੀ ਵਾਪਸ ਲਈ ਜਾਵੇ। ਇਸ ਮੌਕੇ ਆਇਸਾ ਦੇ ਆਗੂ ਕੁਲਦੀਪ ਸਿੰਘ ਘਰਾਂਗਣਾ ਨੇ ਮੰਗ ਕੀਤੀ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਯੂ ਆਈ ਈ ਟੀ ਦੇ ਵਿਦਿਆਰਥੀ ਅਦਿੱਤਿਆ ਠਾਕੁਰ ਦੇ ਕਾਤਲਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ,ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਚਾਉਕੇ ਦੇ ਅਧਿਆਪਕਾਂ ਦੀਆਂ ਮੰਗਾਂ ਮੰਨੀਆਂ ਜਾਣ ਅਤੇ ਉਹਨਾਂ ਉੱਪਰ ਪਾਏ ਗਏ ਝੂਠੇ ਪਰਚੇ ਵੀ ਰੱਦ ਕੀਤੇ ਜਾਣ ਅਤੇ ਵਿਸ਼ਾਲ ਮੈਗਾ ਮਾਰਟ ਮਾਨਸਾ ਵੱਲੋਂ ਬਾਹਰ ਕੀਤੇ ਗਏ ਪਿੰਡ ਨੰਗਲ ਖੁਰਦ ਦੇ ਨੌਜਵਾਨ ਮਿੰਟੂ ਸਿੰਘ ਨੂੰ ਤੁਰੰਤ ਬਹਾਲ ਕੀਤਾ ਜਾਵੇ। ਆਗੂਆਂ ਨੇ ਵਿਦਿਆਰਥੀਆਂ ਨੂੰ ਉਕਤ ਬੁਨਿਆਦੀ ਹੱਕਾਂ ਦੀ ਪ੍ਰਾਪਤੀ ਲਈ ਲਾਮਬੰਦੀ ਕਰਦਿਆਂ ਜਥੇਬੰਦੀ ਦੇ ਮੈਂਬਰ ਬਣਨ ਦੀ ਅਪੀਲ ਵੀ ਕੀਤੀ ਗਈ।ਇਸ ਮੌਕੇ ਵੱਡੀ ਗਿਣਤੀ ਵਿੱਚ ਜੱਥੇਬੰਦੀ ਨਾਲ ਸਬੰਧਤ ਵਿਦਿਆਰਥੀ ਵੀ ਹਾਜ਼ਰ ਸਨ।


# "ਇਕੁਐਲਿਟੀ ਐਂਡ ਜਸਟਿਸ"



ਐਡਵਰਟਾਈਜਮੈਂਟ, ਖ਼ਬਰਾਂ, ਆਰਟੀਕਲ, ਕਵਿਤਾਵਾਂ, ਲਿਖਤਾਂ, ਖੁਸ਼ੀਆਂ ਅਤੇ ਗਮੀਆਂ ਦੇ ਸੁਨੇਹੇ, ਵਿਆਹ ਸ਼ਾਦੀਆਂ ਦੇ ਇਸ਼ਤਿਹਾਰ ਆਦਿ ਅਤੇ ਹੋਰ ਛਾਪਣ ਯੋਗ ਸਮਗਰੀ ਫੋਟੋਆਂ ਦੇ ਸਮੇਤ ਟਾਈਪ ਕਰਕੇ ਸਾਫ-ਸਾਫ ਭੇਜਣ ਦੀ ਕਿਰਪਾ ਕਰੋ। ਕਿਸੇ ਵੀ ਤਰਾਂ ਦੀ ਲਿਖਤਾਂ, ਖ਼ਬਰਾਂ ਅਤੇ ਇਸ਼ਤਿਹਾਰ ਦੀ ਹਰ ਤਰਾਂ ਦੀ ਜਿੰਮੇਵਾਰੀ ਭੇਜਣ ਵਾਲੇ ਦੀ ਹੋਵੇਗੀ। ਕਿਸੇ ਵੀ ਲਿਖਤ ਨੂੰ ਛਾਪਣਾ ਜਾ ਨਾ ਛਾਪਣਾ "ਇਕੁਐਲਿਟੀ ਐਂਡ ਜਸਟਿਸ" ਬੋਰਡ ਦੇ ਡਾਇਰੈਕਟਰਜ਼ ਦਾ ਅਧਿਕਾਰ ਹੋਵੇਗਾ।

ਸਮਾਜਿਕ ਦਾਇਤਵ ਹਿਤ ਸਹਾਇਤਾ ਲਈ ਗੁੱਗਲ ਪੇ ਨੰਬਰ ਅਤੇ ਬੈਂਕ ਅਕਾਉਂਟ ਨੰਬਰ ਦਿੱਤਾ ਗਿਆ ਹੈ।

ਸੰਪਾਦਕ – "ਇਕੁਐਲਿਟੀ ਐਂਡ ਜਸਟਿਸ" - Whats app 91-94636-01616.

Email-hardipchumber57@gmail.com -
(Google pay- 91-9780634849)

HARDIP SINGH SATE BANK OF INDIA
ACCT NO-10566643658 . IFSC- SBIN0050773

# 14th April Ambedkar Jayanti: Why These Two Delhi Govt Bungalows at Hardinge Ave & Prithviraj Rd Linked to Baba Sahab Are Making Headlines

